Punjabi Parwaz

# ਪੰਜਾਬੀ ਪਰਵਾਜ਼

ਅੰਕ 30ਵਾਂ (ਸ਼ਿਕਾਗੋ): 6 ਜੁਲਾਈ ਤੋਂ 19 ਜੁਲਾਈ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਕਾਂਗਰਸੀ ਲੀਡਰਸ਼ਿਪ ਦੇ ਤੇਵਰ ਤਿੱਖੇ ਹੋਣ ਲੱਗੇ

**ਜਸਵੀਰ ਸਿੰਘ ਸ਼ੀਰੀ**

## ਜਮਹੂਰੀ ਕਦਰਾਂ ਕੀਮਤਾਂ ਨੂੰ ਵਿਕਸਤ ਕਰਨ ਦੇ ਰਾਹ ਪਏ ਰਾਹੁਲ ਤੇ ਖੜਗੇ

ਲੋਕ ਸਭਾ ਅਤੇ ਰਾਜ ਸਭਾ ਵਿੱਚ ਮੌਜੂਦ ਵਿਰੋਧੀ ਧਿਰ ਨੇ ਸਰਕਾਰੀ ਨੀਤੀਆਂ ਖਿਲਾਫ ਹਮਲਾਵਰ ਰੁਖ ਅਖਤਿਆਰ ਕਰ ਲਿਆ ਹੈ। ਇਸ ਰੁਖ ਤੋਂ ਇਹ ਵੀ ਲਗਦਾ ਹੈ ਕਿ ਹਾਲ ਹੀ ਦੀਆਂ ਲੋਕ ਸਭਾ ਚੋਣਾਂ ਨੇ ਨਾ ਸਿਰਫ ਭਾਜਪਾ ਨੂੰ ਕਮਜ਼ੋਰ ਕੀਤਾ ਹੈ, ਸਗੋਂ ਇਸ ਨੇ ਵਿਰੋਧੀ ਧਿਰ ਦੀਆਂ ਪਾਰਟੀਆਂ ਦੀ ਲੀਡਰਸ਼ਿੱਪ ਨੂੰ ਇਕ ਨਵਾਂ ਨਕੋਰ ਆਤਮ ਵਿਸ਼ਵਾਸ ਵੀ ਦਿੱਤਾ ਹੈ। ਇੰਜ ਵਿਰੋਧੀ ਧਿਰ ਦੀ ਸੰਘ ਪਰਿਵਾਰ ਅਤੇ ਬਹੁਗਿਣਤੀਵਾਦੀ ਸਿਆਸਤ ਪ੍ਰਤੀ ਪਹੁੰਚ ਹੋਰ ਵਧੇਰੇ ਸਾਫ ਹੋ ਗਈ ਹੈ। ਕਾਂਗਰਸ ਪਾਰਟੀ ਨੂੰ ਇਹ ਉਤਸ਼ਾਹ ਨਿਸ਼ਚਤ ਹੀ ਹਿੰਦੂਤਵ ਦੇ ਗੜ੍ਹ ਮੰਨੇ ਜਾਂਦੇ ਉੱਤਰ ਪ੍ਰਦੇਸ਼ ਵਿੱਚ ਮਿਲੀ ਚੋਣ ਜਿੱਤ ਤੋਂ ਮਿਲਿਆ ਹੈ। ਭਾਰਤੀ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੀ ਨਵੀਂ ਸਥਿਤੀ ਨਾਲ ਨਾ ਸਿਰਫ ਸਦਨ ਨੂੰ ਵਿਰੋਧੀ ਧਿਰ ਦਾ ਨੇਤਾ ਮਿਲਿਆ, ਸਗੋਂ ਉਸ ਕਿਸਮ ਦਾ ਆਗੂ ਮਿਲਿਆ ਜਿਹੜਾ ਭਾਵੇਂ ਰਸਮੀ ਤੌਰ 'ਤੇ ਗਾਂਧੀ ਨਹਿਰੂ ਪਰਿਵਾਰ ਨਾਲ ਸੰਬੰਧਤ ਹੈ, ਪਰ ਜਿਹੜਾ ਆਪਣੀ ਜਮਹੂਰੀ ਪ੍ਰਣਾਲੀ ਵਾਲੀ ਸਮਝ ਨੂੰ ਮੁਢਲੀ ਕਾਂਗਰਸੀ ਲੀਡਰਸ਼ਿੱਪ ਨਾਲੋਂ ਵੀ ਅਗਾਂਹ ਵਧਾ ਰਿਹਾ ਹੈ। ਅਜਿਹਾ ਰੁਝਾਨ ਹਿੰਦੁਸਤਾਨੀ ਜਮਹੂਰੀ ਸਿਸਟਮ ਦੀ ਸਿਹਤ ਲਈ ਤੰਦਰੁਸਤੀ ਵਾਲਾ ਹੀ ਸਮਝਿਆ ਜਾਣਾ ਚਾਹੀਦਾ ਹੈ।

ਬੀਤੇ ਸੋਮਵਾਰ ਵਾਲੇ ਦਿਨ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਨਾ ਸਿਰਫ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ ਸਮੇਤ ਕਈ ਸਾਰੇ ਮਸਲੇ ਚੁੱਕੇ, ਸਗੋਂ ਆਪਣੇ ਭਾਸ਼ਨ ਨੂੰ ਚੋਣ ਕੰਪੇਨ ਵਾਲੇ ਐਜੀਟੇਟਿਵ ਮੋਡ ਵਿੱਚ ਪਾਈ ਰੱਖਿਆ। ਯਾਦ ਰਹੇ, ਉਪਰੋਕਤ ਕਾਨੂੰਨ ਉਦੋਂ ਪਾਸ ਕੀਤੇ ਗਏ ਸਨ, ਜਦੋਂ ਬੀਤੇ ਸਾਲ 140 ਲੋਕ ਸਭਾ ਮੈਂਬਰ ਮੁਅੱਤਲ ਕਰ ਦਿੱਤੇ ਗਏ ਸਨ। ਆਪਣੀ ਭਾਰਤ ਜੋੜੋ ਯਾਤਰਾ ਤੋਂ ਬਾਅਦ ਰਾਹੁਲ ਨੇ ਕਿਹਾ ਸੀ ਕਿ 'ਪਹਿਲਾਂ ਵਾਲਾ ਰਾਹੁਲ ਗਾਂਧੀ ਮਰ ਗਿਆ' ਹੈ। ਇਸ ਤਰ੍ਹਾਂ ਲਗਦਾ ਹੈ, ਦੇਸ਼ ਭਰ ਦੀਆਂ ਦੋ ਪਦ-ਯਾਤਰਾਵਾਂ ਨੇ ਇਸ ਕਾਂਗਰਸੀ ਆਗੂ ਦਾ ਮਾਨਸਿਕ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਦਿੱਤਾ। ਭਾਰਤੀ ਜਨਤਾ ਪਾਰਟੀ ਦੀ ਸੰਘ ਤੋਂ ਪ੍ਰਭਾਵਤ ਨਫਰਤ ਦੀ ਰਾਜਨੀਤੀ ਨੂੰ ਕਿਹੜੇ ਰਾਜਨੀਤਿਕ ਸੰਕਲਪ ਅਤੇ ਵਿਸ਼ਵਾਸ ਤਾਨਾਸ਼ਾਹੀ ਰੰਗ ਦਿੰਦੇ ਹਨ, ਵਿਰੋਧੀ ਧਿਰ ਦੇ ਆਗੂ ਨੇ ਇਸ ਦੇ ਮੂਲ ਨੂੰ ਫੜ ਲਿਆ ਹੈ। ਇਸ ਤਰ੍ਹਾਂ ਕਾਂਗਰਸ ਦਾ ਇਹ ਆਗੂ ਕਾਂਗਰਸ ਦੇ ਨਰਮ ਹਿੰਦੂਤਵ ਦੇ ਪੈਂਤੜੇ ਤੋਂ ਅਗਾਂਹ ਲੰਘ ਕੇ ਧਾਰਮਿਕ ਸਹਿਹੋਂਦ ਆਧਾਰਤ ਸਮਾਜਕ ਸਭਿਆਚਾਰਕ ਇਕਸੁਰਤਾ ਵਾਲੀ ਸਿਫਤੀ ਰਾਜਨੀਤਿਕ ਤਬਦੀਲੀ ਵੱਲ ਵਧਦਾ ਵਿਖਾਈ ਦੇ ਰਿਹਾ ਹੈ। ਇਹ ਇੱਕ ਹਾਂ-ਮੁਖੀ ਜਮਹੂਰੀ ਰੁਝਾਨ ਹੈ, ਜਿਸ ਨੂੰ ਦੇਸ਼ ਵਿੱਚ ਵੱਸਦੀਆਂ ਵੱਖ-ਵੱਖ ਧਾਰਮਿਕ, ਨਸਲੀ ਜਾਂ ਭਾਸ਼ਾਈ ਘੱਟਗਿਣਤੀਆਂ ਵੀ ਹੁੰਘਾਰਾ ਭਰ ਸਕਦੀਆਂ ਹਨ। ਲੋਕ ਸਭਾ ਵਿੱਚ ਆਪਣੇ ਪਲੇਠੇ ਭਾਸ਼ਨ ਵਿੱਚ ਰਾਹੁਲ ਗਾਂਧੀ ਨੇ ਸਪਸ਼ਟ ਵਿਚਾਰਧਾਰਕ ਪਹੁੰਚ ਦਾ ਮੁਜ਼ਾਹਰਾ ਕਰਦਿਆਂ ਕਿਹਾ ਕਿ 'ਹੁਕਮਰਾਨ ਧਿਰ, ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਪੂਰੇ ਹਿੰਦੂ ਸਮਾਜ ਦੀ ਨੁਮਾਇੰਦਗੀ ਨਹੀਂ ਕਰਦੇ।' ਉਨ੍ਹਾਂ ਕਿਹਾ ਕਿ ਇਹ ਲੋਕ ਚੌਵੀ ਘੰਟੇ ਨਫਰਤ ਦੀ ਰਾਜਨੀਤੀ ਕਰਦੇ ਹਨ।

ਰਾਸ਼ਟਰਪਤੀ ਦੇ ਭਾਸ਼ਨ 'ਤੇ ਧੰਨਵਾਦ ਮਤੇ 'ਤੇ ਚਰਚਾ ਦੌਰਾਨ ਦਿੱਤੇ ਗਏ ਉਸ ਦੇ 1 ਘੰਟਾ 40 ਮਿੰਟ ਦੇ ਭਾਸ਼ਨ ਦੀ ਚੋਭ ਇੰਨੀ ਤਿੱਖੀ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿੱਤ ਸ਼ਾਹ ਸਮੇਤ ਕਈ ਭਾਜਪਾ ਆਗੂਆਂ ਨੇ ਇਸ ਭਾਸ਼ਨ ਵਿੱਚ ਟੋਕਾ-ਟਕਾਈ ਕੀਤੀ। ਰਾਹੁਲ ਵੱਲੋਂ ਭਾਜਪਾ ਅਤੇ ਸੰਘ ਨੂੰ ਹਿੰਸਕ ਕਹੇ ਜਾਣ ਦੇ ਅਰਥਾਂ ਨੂੰ ਵਿਗਾੜਦਿਆਂ ਭਾਜਪਾ ਆਗੂਆਂ ਨੇ ਇਸ ਨੂੰ 'ਸਾਰੇ ਹਿੰਦੂਆਂ ਨੂੰ ਹਿੰਸਕ' ਆਖਣ ਦੇ ਕੁਤਰਕ ਵਜੋਂ ਪ੍ਰਚਾਰਿਆ। ਫਾਸ਼ਿਸ਼ਟ ਰੁਚੀ ਵਾਲੀਆਂ ਦੁਨੀਆਂ ਦੀਆਂ ਸਾਰੀਆਂ ਰਾਜਨੀਤਿਕ ਤਨਜ਼ੀਮਾਂ ਵਿਰੋਧੀਆਂ ਦੇ ਸ਼ਬਦਾਂ, ਸਟੇਟਮੈਂਟਾਂ ਨੂੰ ਵਿਗਾੜ ਕੇ ਪ੍ਰਾਪੇਗੰਡੇ ਦਾ ਹਥਿਆਰ ਬਣਾਉਂਦੀਆਂ ਹਨ ਤਾਂ ਕਿ

⇒ ਬਾਕੀ ਸਫਾ 16 ਉਤੇ ਪੜ੍ਹੋ




# ਤਿੰਨ ਨਵੇਂ ਫੌਜਦਾਰੀ ਕਾਨੂੰਨਾਂ 'ਤੇ ਇਤਰਾਜ਼ ਉਠਣ ਲੱਗੇ

## ਕਾਨੂੰਨਾਂ ਦੇ ਕਈ ਪਹਿਲੂ ਖਤਰਨਾਕ

ਤਿੰਨ ਖੇਤੀ ਕਾਨੂੰਨਾਂ ਵਾਂਗ ਹੀ ਹੁਣ ਤਿੰਨ ਫੌਜਦਾਰੀ ਕਾਨੂੰਨਾਂ 'ਤੇ ਵਿਵਾਦ ਖੜ੍ਹਾ ਹੁੰਦਾ ਵਿਖਾਈ ਦੇ ਰਿਹਾ ਹੈ। ਅੰਗਰੇਜ਼ਾਂ ਵੇਲੇ ਦੇ ਆਈ.ਪੀ.ਸੀ. ਦੇ ਤਹਿਤ ਮੌਜੂਦ ਰਹੇ ਪਹਿਲੇ ਤਿੰਨ ਫੌਜਦਾਰੀ ਕਾਨੂੰਨਾਂ ਦੀ ਥਾਂ ਇਹ ਕਾਨੂੰਨ ਬੀਤੇ ਸੋਮਵਾਰ ਭਾਰਤ ਸਰਕਾਰ ਵੱਲੋਂ ਲਾਗੂ ਕਰ ਦਿੱਤੇ ਗਏ ਹਨ। ਇਨ੍ਹਾਂ ਤਿੰਨਾਂ ਕਾਨੂੰਨਾਂ ਦਾ ਨਾਂ ਕ੍ਰਮਵਾਰ- ਭਾਰਤੀ ਨਿਆਂ ਸਹਿੰਤਾ (ਬੀ.ਐਨ.ਐਸ.)-2023, ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ (ਬੀ.ਐਨ.ਐਨ.ਐਸ.)-2023 ਅਤੇ ਭਾਰਤੀ ਸੁਰੱਖਿਆ ਅਧਿਨਿਯਮ ਰੱਖਿਆ ਗਿਆ ਹੈ। ਯਾਦ ਰਹੇ, ਪਿਛਲੀ ਭਾਜਪਾ ਸਰਕਾਰ ਵੱਲੋਂ ਇਹ ਕਾਨੂੰਨ ਪਿਛਲੇ ਸਾਲ ਉਦੋਂ ਲਾਗੂ ਕੀਤੇ ਗਏ ਸਨ, ਜਦੋਂ ਵਿਰੋਧੀ ਧਿਰ ਦੇ 146 ਮੈਂਬਰ ਲੋਕ ਸਭਾ ਵਿੱਚੋਂ ਮੁਅੱਤਲ ਕਰ ਦਿੱਤੇ ਗਏ ਸਨ। ਵਿਰੋਧੀ ਧਿਰ ਕਾਂਗਰਸ ਨੇ ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ 'ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕੀਤਾ ਹੈ। ਕਾਂਗਰਸ ਅਨੁਸਾਰ ਇਹ ਕਾਨੂੰਨ ਢੁਕਵੀਂ ਵਿਚਾਰ-ਚਰਚਾ ਕਰਨ ਤੋਂ ਬਿਨਾ ਲਾਗੂ ਕੀਤੇ ਗਏ ਹਨ।

ਕੇਂਦਰੀ ਗ੍ਰਹਿ ਮੰਤਰੀ ਅਮਿੱਤ ਸ਼ਾਹ ਨੇ ਕਿਹਾ ਕਿ ਨਵੇਂ ਕਾਨੂੰਨਾਂ ਦਾ ਮਕਸਦ ਸਜ਼ਾ ਦੇਣਾ ਨਹੀਂ, ਸਗੋਂ ਨਿਆਂ ਦੇਣਾ ਹੈ। ਇਸ ਲਈ ਇਨ੍ਹਾਂ ਦੇ ਅੱਗੇ ਮੁੱਖ ਸ਼ਬਦ ਦੰਡ ਦੀ ਥਾਂ ਨਿਆਯ ਜੋੜਿਆ ਗਿਆ ਹੈ। ਅਮਿੱਤ ਸ਼ਾਹ ਨੇ ਇਸ ਸੰਬੰਧ ਵਿਚ ਬੋਲਦਿਆਂ ਕਿਹਾ ਕਿ ਬਰਤਾਨਵੀ ਹਕੂਮਤ ਵੇਲੇ ਦੇ ਲਾਗੂ ਕਾਨੂੰਨਾਂ ਕ੍ਰਮਵਾਰ- ਇੰਡੀਅਨ ਪੀਨਲ ਕੋਡ, ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ ਐਕਟ ਦੀ ਇਹ ਕਾਨੂੰਨ ਥਾਂ ਲੈਣਗੇ। ਹੁਣ ਇਨ੍ਹਾਂ ਕਾਨੂੰਨਾਂ ਅਧੀਨ ਆਉਂਦੇ ਫੌਜਦਾਰੀ ਕਾਨੂੰਨ ਆਈ.ਪੀ.ਸੀ. ਦੀ ਥਾਂ ਬੀ.ਐਨ.ਐਸ. ਦੇ ਸਾਂਝੇ ਕੋਡ ਹੇਠ ਲਾਗੂ ਰਹਿਣਗੇ।

ਉਧਰ ਕਾਂਗਰਸ ਪਾਰਟੀ ਨੇ ਕਿਹਾ ਹੈ ਕਿ ਸੰਸਦੀ

⇒ ਬਾਕੀ ਸਫਾ 16 ਉਤੇ ਪੜ੍ਹੋ






# ਅਕਾਲੀ ਦਲ ਦੀ ਦੁਫੇੜ ਵਧੀ, ਨਵੀਂ ਸਫਬੰਦੀ ਦਾ ਅਮਲ ਸ਼ੁਰੂ

**ਜੇ. ਐਸ. ਮਾਂਗਟ**

*ਬਾਦਲ ਵਿਰੋਧੀ ਅਕਾਲੀਆਂ ਵੱਲੋਂ ਅਕਾਲ ਤਖਤ ਸਾਹਿਬ ਵਿਖੇ ਮੁਆਫੀਨਾਮਾ ਦਾਇਰ

*ਸੁਖਬੀਰ ਪੱਖੀ ਗੁੱਟ ਅਕਾਲੀ ਕਾਡਰ ਨੂੰ ਆਪਣੇ ਹੱਕ ਵਿੱਚ ਰੱਖਣ ਲਈ ਯਤਨਸ਼ੀਲ



ਅਕਾਲੀ ਦਲ ਦਾ ਬਖੇੜਾ ਵਧਦਾ ਵਿਖਾਈ ਦੇ ਰਿਹਾ ਹੈ। ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਖੜ੍ਹਾ ਗਰੁੱਪ ਅਤੇ ਬਾਗੀ ਧੜਾ ਵੱਖੋ-ਵੱਖਰੀਆਂ ਦਿਸ਼ਾਵਾਂ ਵਿੱਚ ਵਧ ਰਹੇ ਹਨ। ਲਗਦਾ ਹੈ, ਦੋਹਾਂ ਧੜਿਆਂ ਵਿਚਕਾਰ ਸਿਆਸੀ ਖਾਈ ਡੂੰਘੀ ਹੋਣ ਵੱਲ ਵਧ ਰਹੀ ਹੈ। ਦੋਹਾਂ ਧੜਿਆਂ ਦੀ ਜਿਸ ਕਿਸਮ ਦੀ ਬਿਆਨਬਾਜ਼ੀ ਸਾਹਮਣੇ ਆ ਰਹੀ ਹੈ, ਉਸ ਨਾਲ ਅਕਾਲੀ ਸਫਾਂ ਵਿੱਚ ਪਾਲਬੰਦੀ ਦਾ ਅਮਲ ਵੀ ਸ਼ੁਰੂ ਹੋ ਗਿਆ ਹੈ। ਇੱਕ ਪਾਸੇ ਬਾਗੀ ਧੜਾ ਅਕਾਲੀ ਸਰਕਾਰ ਦੇ ਕਾਰਜਕਾਲ ਵਿੱਚ ਹੋਈਆਂ ਬੱਜਰ ਗਲਤੀਆਂ ਲਈ ਅਕਾਲ ਤਖਤ ਸਾਹਿਬ ਤੋਂ ਲਿਖਤੀ ਮੁਆਫੀ ਮੰਗਣ ਲਈ ਲੰਘੀ ਪਹਿਲੀ ਜੁਲਾਈ ਨੂੰ ਅਕਾਲ ਤਖਤ ਸਾਹਿਬ 'ਤੇ ਪੁੱਜਾ। ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਵਿਸ਼ਵਾਸ ਪ੍ਰਗਟ ਕਰ ਰਹੇ ਧੜੇ ਵੱਲੋਂ, ਅਕਾਲੀ ਕਾਡਰ ਅਤੇ ਸਥਾਨਕ ਅਕਾਲੀ ਲੀਡਰਸ਼ਿੱਪ ਵੱਲੋਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਦੇ ਹੱਕ ਵਿੱਚ ਮਤੇ ਪੁਆਉਣੇ ਸ਼ੁਰੂ ਕਰ ਦਿੱਤੇ ਗਏ ਹਨ। ਇਸ ਤਰ੍ਹਾਂ ਅਕਾਲੀ ਦਲ ਦੀਆਂ ਸਫਾਂ ਅੰਦਰ ਨਵੀਂ ਸਫਬੰਦੀ ਦਾ ਅਮਲ ਸ਼ੁਰੂ ਹੋ ਗਿਆ ਹੈ।

ਸੀਨੀਅਰ ਅਕਾਲੀ ਆਗੂਆਂ ਦੀ ਸ਼ਮੂਲੀਅਤ ਵਾਲੇ ਬਾਗੀ ਅਕਾਲੀਆਂ ਵੱਲੋਂ ਆਪਣਾ ਇੱਕ ਚਾਰ ਨੁਕਾਤੀ ਮੁਆਫੀਨਾਮਾ ਬੀਤੀ ਪਹਿਲੀ ਜੁਲਾਈ ਨੂੰ ਸ੍ਰੀ ਅਕਾਲ ਤਖਤ ਸਕੱਤਰੇਤ ਵਿਖੇ ਸੌਂਪਿਆ ਗਿਆ, ਜਿਸ ਵਿੱਚ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਪਿਛਲੇ ਸਮੇਂ ਵਿੱਚ ਹੋਈਆਂ ਗਲਤੀਆਂ ਦੀ ਲਿਖਤੀ ਮੁਆਫੀ ਦੀ ਯਾਚਨਾ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਰਾਮ ਰਹੀਮ ਨੂੰ ਮੁਆਫੀ ਸਮੇਤ ਚਾਰ ਮੁੱਖ ਮੁੱਦਿਆਂ 'ਤੇ ਮੁਆਫੀ ਦੀ ਯਾਚਨਾ ਕੀਤੀ ਗਈ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਸਾਲ 2007 ਵਿੱਚ ਸਲਾਬਤਪੁਰਾ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਨੂੰ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅੰਮ੍ਰਿਤ ਛਕਾਉਣ ਦੀ ਪਰੰਪਰਾ ਦੀ ਨਕਲ ਕਰਨ ਕਰਕੇ ਪੰਥ ਵਿੱਚੋਂ ਛੇਕ ਦਿੱਤਾ ਗਿਆ ਸੀ, ਪਰ ਸੁਖਬੀਰ ਬਾਦਲ ਵੱਲੋਂ ਸਰਸਾ ਸਾਧ ਨੂੰ ਅਕਾਲ ਤਖਤ ਤੋਂ ਮੁਆਫੀ ਦਿਵਾ ਦਿੱਤੀ ਗਈ। ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਇਸ ਨੂੰ ਗਲਤੀ ਸਵੀਕਾਰ ਕੀਤਾ ਗਿਆ ਹੈ।

ਇਸ ਤੋਂ ਇਲਾਵਾ 12 ਅਕਤੂਬਰ 2015 ਨੂੰ ਮਾਲਵੇ ਦੇ ਪਿੰਡ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਾ ਦਿਵਾ ਸਕਣਾ ਅਤੇ ਇਸ ਤੋਂ ਪਿਛੋਂ ਦੋ ਸਿੰਘਾਂ ਦੀ ਪੁਲਿਸ ਦੀ ਗੋਲੀ ਨਾਲ ਹੋਈ ਸ਼ਹਾਦਤ ਨੂੰ ਵੀ ਆਪਣੀ ਗਲਤੀ ਸਵੀਕਾਰ ਕੀਤਾ ਗਿਆ ਹੈ। ਇੰਜ ਹੀ ਚੁਰਾਸੀਵਿਆਂ ਦੇ ਦੌਰ ਵਿੱਚ ਸਿੱਖ ਨੌਜਵਾਨਾਂ ਨੂੰ ਕਥਿੱਤ ਤੌਰ 'ਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਕਤਲ ਕਰਨ ਦੇ ਜ਼ਿੰਮੇਵਾਰ ਸੁਮੇਧ ਸਿੰਘ ਸੈਣੀ ਨੂੰ ਪੰਜਾਬ ਪੁਲਿਸ ਦਾ ਮੁਖੀ ਲਾਉਣ ਅਤੇ ਪੰਜਾਬ ਵਿੱਚ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਹੋਏ ਲੋਕਾਂ ਨੂੰ ਇਨਸਾਫ ਨਾ ਦਿਵਾਉਣ ਨੂੰ ਵੀ ਆਪਣੀਆਂ ਗਲਤੀਆਂ ਵਜੋਂ ਸਵੀਕਾਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਇੱਕ 16 ਨੁਕਾਤੀ ਹੱਥ ਲਿਖਤ ਦੇ ਰੂਪ ਵਿੱਚ ਝੂੰਦਾ ਕਮੇਟੀ ਦੀ ਰਿਪੋਰਟ ਵੀ ਜਾਰੀ ਕੀਤੀ ਗਈ ਹੈ, ਜਿਸ ਵਿੱਚ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਵਿੱਚ ਤਬਦੀਲੀ ਸਮੇਤ ਆਪਣੀਆਂ ਗਲਤੀਆਂ ਲਈ ਅਕਾਲ ਤਖਤ ਸਾਹਿਬ ਤੋਂ ਮੁਆਫੀ ਮੰਗਣ ਦੀ ਗੱਲ ਵੀ ਕਹੀ ਗਈ ਹੈ।

ਇੰਝ ਤੇਜ਼ੀ ਨਾਲ ਅੱਗੇ ਵਧ ਰਹੇ ਇਸ ਘਟਨਾਕ੍ਰਮ ਤੋਂ ਜਪਾਦਾ ਹੈ ਕਿ ਬਾਗੀ ਧੜਾ ਬਾਦਲ ਗੁੱਟ ਤੋਂ ਵੱਖ ਹੋਣ ਵੱਲ ਵਧ ਰਿਹਾ ਹੈ। 'ਅਜੀਤ' ਅਖ਼ਬਾਰ ਸਮੂਹ ਦੇ ਸੰਪਾਦਕ ਬਰਜਿੰਦਰ ਸਿੰਘ ਅਤੇ ਕੁਝ ਹੋਰ ਬੁੱਧੀਜੀਵੀਆਂ ਵੱਲੋਂ ਦੋਹਾਂ ਧੜਿਆਂ ਵਿੱਚ ਠੰਡ-ਠਾਰ ਕਰਵਾਉਣ ਲਈ ਯਤਨ ਕੀਤੇ ਜਾ ਰਹੇ ਹਨ, ਪਰ ਹਾਲ ਦੀ ਘੜੀ ਇਸ ਕਿਸਮ ਦੇ ਕਿਸੇ ਵੀ ਯਤਨ ਨੂੰ ਬੂਰ ਪੈਂਦਾ ਨਜ਼ਰ ਨਹੀਂ ਆ ਰਿਹਾ।

ਬਾਗੀ ਧੜੇ ਦੇ ਸਮਾਨੰਤਰ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਧੜੇ ਨੇ ਜ਼ਿਲ੍ਹਾ ਲੀਡਰਸ਼ਿਪ ਅਤੇ ਆਮ ਅਕਾਲੀ ਕਾਡਰ ਤੋਂ ਸੁਖਬੀਰ ਦੀ ਅਗਵਾਈ ਦੇ ਹੱਕ ਵਿੱਚ ਮਤੇ ਪਵਾਉਣੇ ਸ਼ੁਰੂ ਕਰ ਦਿੱਤੇ ਗਏ ਹਨ। ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਸਮੁੱਚੀ ਅਕਾਲੀ ਲੀਡਰਸ਼ਿਪ ਵੱਲੋਂ ਇੱਕ ਮੀਟਿੰਗ ਕਰਕੇ ਸੁਖਬੀਰ ਬਾਦਲ ਦੀ ਲੀਡਰਸ਼ਿੱਪ ਵਿੱਚ ਭਰੋਸਾ ਪ੍ਰਗਟ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਗੀਆਂ ਖਿਲਾਫ ਇਹ ਪ੍ਰਚਾਰ ਵੀ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ ਕਿ ਇਹ ਆਗੂ ਭਾਰਤੀ ਜਨਤਾ ਪਾਰਟੀ ਵੱਲੋਂ ਅਕਾਲੀ ਦਲ ਨੂੰ ਤੋੜਨ ਦੀ ਸਾਜ਼ਿਸ਼ ਦੇ ਮੋਹਰੇ ਬਣੇ ਹੋਏ ਹਨ। ਇਸ ਦੇ ਉਲਟ ਬਾਗੀ ਗਰੁੱਪ ਦੇ ਆਗੂਆਂ ਦਾ ਆਖਣਾ ਹੈ ਕਿ ਬਾਦਲ ਪਰਿਵਾਰ ਵੱਲੋਂ ਭਾਜਪਾ ਤੋਂ ਨਿੱਜੀ ਫਾਇਦੇ ਲਏ ਗਏ ਹਨ। ਬੀਬੀ ਹਰਸਿਮਰਤ ਕੌਰ ਬਾਦਲ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕਰਵਾਇਆ ਗਿਆ। ਵੱਡੇ-ਛੋਟੇ ਬਾਦਲਾਂ ਵੱਲੋਂ ਲਗਾਤਾਰ ਭਾਜਪਾ ਨੂੰ ਬਿਨਾ ਸ਼ਰਤ ਹਮਾਇਤ ਦਿੱਤੀ ਗਈ। ਭਾਜਪਾ ਦੇ ਏਜੰਟ ਉਹ (ਬਾਗੀ) ਨਹੀਂ, ਸਗੋਂ ਬਾਦਲ ਪਰਿਵਾਰ ਹੈ।

ਬਾਗੀ ਧੜੇ ਨੇ ਆਪਣੇ ਪੱਤਰ ਵਿੱਚ ਸਿੱਖ ਸੰਗਤ ਕੋਲੋਂ ਵੀ ਹੋਈਆਂ ਭੁੱਲਾਂ ਦੀ ਖਿਮਾ ਯਾਚਨਾ ਕੀਤੀ ਹੈ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਗੁਰੂ ਮਾਹਾਰਾਜ ਅਤੇ ਸਿੱਖ ਸੰਗਤ ਅਕਾਲੀ ਦਲ ਨਾਲ ਨਾਰਾਜ਼ ਹਨ, ਇਸ ਲਈ ਅਕਾਲੀ ਦਲ ਨੂੰ ਤਕੜਾ ਕਰਨ ਲਈ ਹੀ ਉਹ ਗੁਰੂ ਅਤੇ ਸੰਗਤ ਤੋਂ ਭੁੱਲਾਂ ਬਖ਼ਸ਼ਾਉਣ ਲਈ ਅਕਾਲ ਤਖਤ ਸਾਹਿਬ 'ਤੇ ਪਹੁੰਚੇ ਹਨ। ਇਸ ਮੌਕੇ ਸ. ਚੰਦੂਮਾਜਰਾ ਨੇ ਪੱਤਰਕਾਰਾਂ ਨੂੰ ਅਪੀਲ ਵੀ ਕੀਤੀ ਕਿ ਉਨ੍ਹਾਂ ਨੂੰ ਬਾਗੀ ਅਕਾਲੀ ਨਾ ਆਖਿਆ ਜਾਵੇ। ਉਹ ਤੇ ਪਾਰਟੀ ਦੀ ਪੁਨਰ ਉਸਾਰੀ ਤੇ ਮਜਬੂਤੀ ਲਈ ਕੰਮ ਕਰ ਰਹੇ ਹਨ; ਜਦਕਿ ਦੂਜਾ ਧੜਾ (ਸੁਖਬੀਰ ਬਾਦਲ ਦੀ ਅਗਵਾਈ ਵਾਲਾ ਗਰੁੱਪ) ਪਾਰਟੀ ਨੂੰ ਕਮਜ਼ੋਰ ਕਰ ਰਿਹਾ।

ਇਸ ਮੌਕੇ ਕਿਸੇ ਹੋਰ ਪ੍ਰਸੰਗ ਵਿੱਚ ਅਕਾਲ ਤਖਤ ਸਾਹਿਬ ਵਿੱਖੇ ਪਹੁੰਚੇ ਸਾਬਕਾ ਐਕਟਿੰਗ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲੀ ਦਲ ਦੀ ਲੀਡਰਸ਼ਿੱਪ ਨੂੰ ਸੰਭਾਲਣ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਹਾਲੇ ਤੱਕ ਉਨ੍ਹਾਂ ਤੱਕ ਕਿਸੇ ਨੇ ਪਹੁੰਚ ਨਹੀਂ ਕੀਤੀ। ਜਦੋਂ ਇਹੋ ਜਿਹੀ ਕੋਈ ਤਜਵੀਜ਼ ਉਨ੍ਹਾਂ ਸਾਹਮਣੇ ਆਏਗੀ ਤਾਂ ਵਿਚਾਰ ਕੀਤਾ ਜਾ ਸਕਦਾ ਹੈ, ਬਸ਼ਰਤੇ ਅਕਾਲੀ ਦਲ ਇੱਕਜੁੱਟ ਰਹੇ। ਉਨ੍ਹਾਂ ਕਿਹਾ ਕਿ ਉਹ ਅਕਾਲੀ ਧੜਿਆਂ ਦੀ ਸਿਆਸਤ ਵਿੱਚ ਸ਼ਾਮਲ ਨਹੀਂ ਹੋਣਗੇ। ਗਿਆਨੀ ਹਰਪ੍ਰੀਤ ਸਿੰਘ ਦੇ ਜੁਆਬ ਤੋਂ ਜਾਪਿਆ ਕਿ ਉਹ ਅਕਾਲੀ ਦਲ ਦੀ ਅਗਵਾਈ ਕਰਨ ਲਈ ਰਾਜ਼ੀ ਹਨ, ਪਰ ਦੋਹਾਂ ਧੜਿਆਂ ਵਿੱਚ ਏਕਤਾ ਦੀ ਸੂਰਤ ਵਿੱਚ ਹੀ ਅਜਿਹਾ ਕਰ ਸਕਦੇ ਹਨ। ਯਾਦ ਰਹੇ, ਸਿੱਖ ਬੁੱਧੀਜੀਵੀ ਹਲਕਿਆਂ ਵਿੱਚ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਮਨਜੀਤ ਸਿੰਘ, ਸਾਬਕਾ ਐਕਟਿੰਗ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਫਰੀਦਕੋਟ ਤੋਂ ਲੋਕ ਸਭਾ ਚੋਣ ਜਿੱਤਣ ਵਾਲੇ ਭਾਈ ਸਰਬਜੀਤ ਸਿੰਘ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਏ ਜਾਣ ਦੀ ਚਰਚਾ ਚੱਲ ਰਹੀ ਹੈ।

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਮਨਜੀਤ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਅੰਮ੍ਰਿਤਸਰ ਐਲਾਨਾਮਾ ਦੇ ਡਰਾਫਟ ਨੂੰ ਤਿਆਰ ਕਰਵਾਉਣ ਅਤੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿੱਚ ਅਕਾਲੀ ਏਕਤਾ ਕਾਇਮ ਕਰਨ ਦਾ ਯਤਨ ਕੀਤਾ ਸੀ, ਪਰ ਇਹ ਏਕਤਾ ਅਮਲ ਬਹੁਤੀ ਦੇਰ ਨਹੀਂ ਸੀ ਚੱਲ ਸਕਿਆ, ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਨੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿੱਚ ਚੱਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਆਪਣੇ ਵੱਖਰੇ ਅਕਾਲੀ ਦਲ (ਬਾਦਲ) ਦੀ ਹੋਂਦ ਨੂੰ ਜਾਰੀ ਰੱਖਿਆ ਸੀ। ਨਤੀਜੇ ਵਜੋਂ ਜਦੋਂ ਅਕਾਲੀ ਦਲ (ਅੰਮ੍ਰਿਤਸਰ) ਕਮਜ਼ੋਰ ਹੋਇਆ ਤਾਂ ਅਕਾਲੀ ਦਲ (ਬਦਲ) ਮੁੜ ਉਭਰ ਆਇਆ ਸੀ। ਇਸੇ ਦੇ ਸਿੱਟੇ ਵਜੋਂ ਹੀ 1997 ਵਿੱਚ ਅਕਾਲੀ ਦਲ ਦੀ ਸਰਕਾਰ ਹੋਂਦ ਵਿੱਚ ਆਈ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ ਸਨ। ਇਸ ਗੇੜ ਦੀ ਚੋਣ ਮਹਿੰਮ ਵਿੱਚ ਅਕਾਲੀ ਦਲ ਨੇ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਹੋਏ ਲੋਕਾਂ ਨੂੰ ਇਨਸਾਫ ਦੁਆਉਣ ਅਤੇ ਸਿੱਖ ਨੌਜੁਆਨਾਂ ਦਾ ਘਾਣ ਕਰਨ ਵਾਲੇ ਪੁਲਿਸ ਅਫਸਰਾਂ ਨੂੰ ਸਜ਼ਾ ਦੁਆਉਣ ਦੇ ਵਾਅਦੇ ਕੀਤੇ ਸਨ; ਪਰ ਸਰਕਾਰ ਬਣਨ ਤੋਂ ਬਾਅਦ ਅਕਾਲੀ ਦਲ ਵੱਲੋਂ ਆਪਣੇ ਇਨ੍ਹਾਂ ਵਾਅਦਿਆਂ ਤੋਂ ਮੂੰਹ ਮੋੜ ਲਿਆ ਗਿਆ ਸੀ ਅਤੇ ਬੀਤੇ 'ਤੇ ਮਿੱਟੀ ਪਾਉਣ ਅਤੇ 'ਦੱਬੇ ਮੁਰਦੇ ਨਾ ਪੁੱਟਣ' ਦੀ ਨਸੀਹਤ ਕੀਤੀ ਗਈ ਸੀ। ਇਸ ਵਾਅਦਾ ਖਿਲਾਫੀ ਨੂੰ ਵੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਅਕਾਲ ਤਖਤ ਸਾਹਿਬ ਵਿਖੇ ਦਿੱਤੇ ਗਏ ਆਪਣੇ ਪੱਤਰ ਵਿੱਚ ਗਲਤੀ ਸਵੀਕਾਰ ਕੀਤਾ ਗਿਆ ਹੈ।

ਕੁੱਲ ਮਿਲਾ ਕਿ ਸਥਿਤੀ ਇਹ ਬਣ ਗਈ ਲਗਦੀ ਹੈ ਕਿ ਅਕਾਲੀ ਦਲ ਦੇ ਬਹੁਤੇ ਸੀਨੀਅਰ ਲੀਡਰ ਬਾਗੀ ਧੜੇ ਨਾਲ ਚਲੇ ਗਏ ਹਨ, ਜਦੋਂਕਿ ਬਹੁਗਿਣਤੀ ਅਕਾਲੀ ਕਾਡਰ ਹਾਲ ਦੀ ਘੜੀ ਬਾਦਲ ਧੜੇ ਨਾਲ ਰਹਿ ਰਿਹਾ ਹੈ। ਬਾਦਲ ਧੜੇ ਦੀ ਲੀਡਰਸ਼ਿੱਪ ਵੱਲੋਂ ਪਿਛਲੇ ਦਿਨੀਂ ਚੰਡੀਗੜ੍ਹ ਵਿੱਚ ਸੱਦੀ ਗਈ ਮੀਟਿੰਗ ਵਿੱਚ ਦਾਅਵਾ ਕੀਤਾ ਗਿਆ ਸੀ ਕਿ 135 ਵਿੱਚੋਂ 94 ਹਲਕਾ ਇੰਚਾਰਜ ਉਸ ਮੀਟਿੰਗ ਵਿੱਚ ਪਹੁੰਚੇ ਸਨ। ਵੱਡੇ ਲੀਡਰਾਂ ਵਿੱਚੋਂ ਡਾ. ਦਲਜੀਤ ਸਿੰਘ ਚੀਮਾ ਅਤੇ ਬਲਵਿੰਦਰ ਸਿੰਘ ਭੂੰਦੜ ਬਾਦਲ ਧੜੇ ਨਾਲ ਖੜ੍ਹੇ ਵਿਖਾਈ ਦੇ ਰਹੇ ਹਨ; ਜਦਕਿ ਬਾਕੀ ਬਹੁਗਿਣਤੀ ਸੀਨੀਅਰ ਲੀਡਰਸ਼ਿਪ ਬਾਗੀਆਂ ਵਾਲੇ ਪਾਸੇ ਖਿਸਕ ਗਈ ਜਾਪਦੀ ਹੈ। ਮਨਪ੍ਰੀਤ ਇਆਲੀ ਝੂੰਦਾ ਕਮੇਟੀ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰ ਰਹੇ ਹਨ। ਅਕਾਲ ਤਖਤ ਸਾਹਿਬ ਵਿਖੇ ਮੁਆਫੀਨਾਮਾ ਦੇਣ ਅਤੇ ਅਰਦਾਸ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਵਿੱਚ ਸੁਰਜੀਤ ਸਿੰਘ ਰੱਖੜਾ, ਭਾਈ ਮਨਜੀਤ ਸਿੰਘ, ਬੀਬੀ ਜਗੀਰ ਕੌਰ, ਸੁੱਚਾ ਸਿੰਘ ਛੋਟੇਪੁਰ, ਗੁਰਪ੍ਰਤਾਪ ਸਿੰਘ ਵਡਾਲਾ, ਪਰਮਿੰਦਰ ਸਿੰਘ ਢੀਂਡਸਾ, ਸੁਖਬੀਰ ਬਾਦਲ ਦੇ ਸਾਬਕਾ ਸਲਾਹਕਾਰ ਚਰਨਜੀਤ ਸਿੰਘ ਅਤੇ ਕਰਨੈਲ ਸਿੰਘ ਪੰਜੋਲੀ ਆਦਿ ਸ਼ਾਮਲ ਸਨ।


**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST
Retirement | Life | Health

**Futurity First Insurance Group**

**Hiring Local & Midwest Drivers and Dedicated Lanes & Owner Operators**



NT corp
4800 Vernon Ave,
Ste. C,
McCook, IL 60525
**Ph: 847-562-5860 ext. 1003**
**Fax: 847-897-2660**

**Premium Truck & Trailer Tires**
**We also provide installation services**
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

**Hampshire Tires**
235 Industrial Dr., Hampshire, IL 60140
**Ph: 847-556-9996**
Email: info@hampshiretires.com www.hampshiretires.com

ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਜਾਂ ਵੇਚਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ

ਘਰ ਲੈਣ ਲਈ ਮੁਫਤ ਸਲਾਹ ਵਾਸਤੇ ਮੇਰੇ ਨਾਲ ਸੰਪਰਕ ਕਰੋ




BUYING OR SELLING?

FREE HOME EVALUATION

Contact me to find out what your home is worth!

AYUSHI KUKREJA-RAJU

REAL ESTATE AGENT

630-825-4652

ATPROPERTIES.COM/SITE/AYUSHIKUKREJA





# Elite Pro Solutions

- Trucking Permits
- MC
- DOT
- EIN
- Filling name with the state
- Fuel Permit
- Fuel Taxes
- Oregon Permit
- New Mexico Permit
- New York Permit
- Commercial Plates
- Safety Training

*Driver Training
*(Flat bed special class)*
*DOT Audit
*CDL Safety Class
*CA number required

To obtain these permits, trucking Companies often need to provide details such as vehicle specifications route in formation, and cargo descriptions.

**The application process can vary by state and type of permit.**

Elite Pro Solutions ਵਿੱਚ ਤੁਹਾਡਾ ਸੁਆਗਤ ਹੈ, ਜਿੱਥੇ ਨਵੀਨਤਾ ਮੁਹਾਰਤ ਨੂੰ ਪੂਰਾ ਕਰਦੀ ਹੈ। ਅਸੀਂ ਅੱਜ ਦੇ ਗਤੀਸ਼ੀਲ ਬਾਜ਼ਾਰ ਵਾਤਾਵਰਣ ਦੀਆਂ ਗੁੰਝਲਾਂ ਨੂੰ ਨੈਵੀਗੇਟ ਕਰਨ ਵਿੱਚ ਹਰ ਆਕਾਰ ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਸਮਰਪਿਤ ਪ੍ਰਮੁੱਖ ਸਲਾਹ ਸੇਵਾਵਾਂ ਪ੍ਰਦਾਨ ਕਰਦੇ ਹਾਂ। ਸਾਡਾ ਮਿਸ਼ਨ ਰਣਨੀਤਕ ਸੂਝ, ਕਾਰਜਸ਼ੀਲ ਸੰਸਥਾਵਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ।

Welcome to ELITEPRO-Solutions where innovation meets expertise. We are premier consulting Services dedicated to helping businesses of all sizes navigate the complexities of today's dynamic Market environment. Our Mission is to empower organizations with strategic insights, Operational.

## Business License

| | |
|---|---|
| Restaurant Permits | Construction |
| Food Service License | Beauty Salon |
| Liquor License | Convenience Store |
| Health Department | Cleaning Business |
| Building & Zoning Permits | Body Shop |
| Sign Permit | Mechanic Shop |
| Music License *(optional)* | Accounting Services |
| Fire Department | E-Commerce |

**ਸਾਡੀ ਮੁਹਾਰਤ***

ਤਜਰਬੇਕਾਰ ਪੇਸ਼ੇਵਰਾਂ ਦੀ ਇੱਕ ਟੀਮ ਦੇ ਨਾਲ Elite Pro Solutions ਸਲਾਹ ਸੇਵਾਵਾਂ ਦਾ ਇੱਕ ਵਿਆਪਕ ਸੂਟ ਪੇਸ਼ ਕਰਦਾ ਹੈ।

**Our Expertise*** With a team of seasoned professionals Elite Pro Solutions offers a Comprehensive Suite of Consulting services.

**ਸਾਡੀ ਪਹੁੰਚ**

A+ (Eilte Pro Soluitons) ਅਸੀਂ ਇੱਕ ਸਹਿਯੋਗੀ ਪਹੁੰਚ 'ਤੇ ਵਿਸ਼ਵਾਸ ਕਰਦੇ ਹਾਂ। ਅਸੀਂ ਆਪਣੇ ਗਾਹਕਾਂ ਦੀਆਂ ਚੁਣੌਤੀਆਂ ਅਤੇ ਉਦੇਸ਼ਾਂ ਨੂੰ ਸਮਝਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਦੇ ਹਾਂ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਸਾਡੇ ਹੱਲ ਵਿਹਾਰਕ, ਪ੍ਰਭਾਵਸ਼ਾਲੀ ਅਤੇ ਉਨ੍ਹਾਂ ਦੇ ਟੀਚਿਆਂ ਨਾਲ ਜੁੜੇ ਹੋਏ ਹਨ। ਸਾਡੀ ਕਾਰਜਪ੍ਰਣਾਲੀ ਮਾਪਣਯੋਗ ਨਤੀਜੇ ਪ੍ਰਦਾਨ ਕਰਨ ਲਈ ਨਵੀਨਤਾਕਾਰੀ ਸੋਚ ਦੇ ਨਾਲ ਉਦਯੋਗ ਦੇ ਸਭ ਤੋਂ ਵਧੀਆ ਅਭਿਆਸਾਂ ਨੂੰ ਜੋੜਦੀ ਹੈ।

**Contact: 317-319-3832 or 317-603-1597**



# ਸਿੰਮੀ ਗਰੇਵਾਲ ਬਣੀ ਮਿਸ ਪੰਜਾਬਣ ਮਿਡਵੈਸਟ-2024

## *ਮਿਸਿਜ ਪੰਜਾਬਣ ਮਿਡਵੈਸਟ ਦਾ ਤਾਜ ਡਾ. ਤਜਿੰਦਰ ਕੌਰ ਦੇ ਸਿਰ ਸਜਿਆ*

ਇੰਡੀਅਨਐਪੋਲਿਸ ਵਿੱਚ ਕਰਵਾਏ ਗਏ ਮਿਸ ਅਤੇ ਮਿਸਿਜ ਪੰਜਾਬਣ ਮਿਡਵੈਸਟ ਮੁਕਾਬਲੇ ਵਿੱਚ ਕ੍ਰਮਵਾਰ ਸਿੰਮੀ ਗਰੇਵਾਲ ਤੇ ਡਾ. ਤਜਿੰਦਰ ਕੌਰ ਜੇਤੂ ਰਹੀਆਂ ਹਨ। ਜੇਤੂਆਂ ਦਾ ਤਾਜ ਪਹਿਨਾਅ ਕੇ ਅਤੇ ਇਨਾਮ ਤੇ ਗਿਫਟ ਦੇ ਕੇ ਸਨਮਾਨ ਕੀਤਾ ਗਿਆ। ਸਿੰਮੀ ਗਰੇਵਾਲ ਨੇ ਜਿੱਤ ਦੀ ਖੁਸ਼ੀ ਵਿੱਚ ਬੋਲੀ ਪਾਈ: 'ਰੋਟੀ ਮੱਕੀ ਦੀ ਸਰੋਂ ਦਾ ਉਤੇ ਸਾਗ ਬਾਬਲਾ।' ਬਤੌਰ ਜੱਜ ਪਹੁੰਚੀ ਗਾਇਕਾ ਅਮਰ ਨੂਰੀ ਨੇ ਮੁਕਾਬਲੇ ਵਿੱਚ ਸ਼ਾਮਲ ਸਾਰੀਆਂ ਬੀਬੀਆਂ ਨੂੰ ਕਿਹਾ, 'ਤੁਸੀਂ ਸਾਰੀਆਂ ਹੀ ਵਿਨਰ ਹੋ।' ਜੱਜਾਂ ਦੀ ਭੂਮਿਕਾ ਗਾਇਕਾ ਅਮਰ ਨੂਰੀ, ਗੀਤਕਾਰ ਜਸਵੀਰ ਗੁਣਾਚੌਰੀਆ, 'ਸਵੇਰਾ' ਸੰਸਥਾ ਦੀ ਸਰਕਰਦਾ ਜਸਬੀਰ ਕੌਰ ਮਾਨ, ਪ੍ਰਿਅੰਕਾ ਬਜਾਜ ਨੇ ਨਿਭਾਈ। ਗਾਇਕ ਜੈਜ਼ੀ ਬੈਂਸ ਨੇ ਗੀਤਾਂ ਦੀ ਛਹਿਬਰ ਲਾਉਂਦਿਆਂ ਸਟੇਜ ਉਤੇ ਮੁਟਿਆਰਾਂ-ਬੀਬੀਆਂ ਨੂੰ ਨੱਚਣ ਲਾ ਲਿਆ। ਪ੍ਰਬੰਧਕ ਬੀਬੀਆਂ ਨੇ ਸ਼ੋਅ ਸਫਲ ਹੋਣ 'ਤੇ ਖੁਸ਼ੀ ਜਾਹਰ ਕਰਦਿਆਂ ਕਿਹਾ ਕਿ ਪ੍ਰੋਗਰਾਮ ਉਮੀਦ ਤੋਂ ਵੱਧ ਵਧੀਆ ਹੋ ਗਿਆ। ਉਨ੍ਹਾਂ ਸਪਾਂਸਰਾਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਹੈ। ਪ੍ਰਬੰਧਕਾਂ ਵਿੱਚ ਸਿਮਰਨ ਬਾਜਵਾ ਸੇਖੋਂ, ਲਵਲੀਨ ਮੁਲਤਾਨੀ, ਬਲਜੀਤ ਫਗੂੜਾ, ਪ੍ਰਭਦੀਪ ਚਾਹਲ, ਜਸਪ੍ਰੀਤ ਦਿਓਲ ਤੇ ਜਸਪ੍ਰੀਤ ਬਸਰਾ ਸ਼ਾਮਲ ਹਨ।








Gagandeep Cheema

FINANCIAL SERVICES PROFESSIONAL

847-340-6692

Services:

Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning

ਸੇਵਾਵਾਂ:

ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ

GCHEEMAWFG@GMAIL.COM
1699 Wall St., Suite 615, Mount Prospect, IL 60056

ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

Serving the Sikh Community with Dignity and Care



ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ
-ਅੰਤਿਮ ਦਰਸ਼ਨਾਂ ਲਈ ਕਮਰਾ
-ਵੱਡਾ ਤੇ ਸੁੰਦਰ ਚੈਪਲ
-ਘੱਟ ਖਰਚ ਉਤੇ ਸੇਵਾਵਾਂ

-On Site Crematory
-Viewing Room Available
-Large, Beautiful Chapels
-Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at www.davenportfamily.com

Davenport
FAMILY FUNERAL HOMES AND CREMATORY

# ਘਰ-ਘਰ ਪਹੁੰਚੀ ਜਲੰਧਰ ਪੱਛਮੀ ਹਲਕੇ ਦੀ ਚੋਣ ਮੁਹਿੰਮ

**ਜਸਵੀਰ ਸਿੰਘ ਸ਼ੀਰੀ**

ਜਲੰਧਰ ਦੀ ਜ਼ਿਮਨੀ ਚੋਣ ਵਿੱਚ ਪਾਰਟੀ ਵੱਲੋਂ ਪਹਿਲਾਂ ਉਮੀਦਵਾਰ ਐਲਾਨੀ ਗਈ ਤੇ ਬਾਅਦ ਵਿੱਚ ਲਾਵਾਰਸ ਛੱਡ ਦਿੱਤੀ ਗਈ ਸੁਰਜੀਤ ਕੌਰ ਦੇ ਯੂ-ਟਰਨ ਘਟਨਾਕ੍ਰਮ ਨਾਲ ਨਵੀਂ ਕਿਸਮ ਦੀ ਚਰਚਾ ਛਿੜ ਪਈ ਹੈ। ਚੇਤੇ ਰਹੇ, ਸੁਰਜੀਤ ਕੌਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਈ ਸੀ। ਲੰਘੇ ਮੰਗਲਵਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਸਮੀ ਰੂਪ ਵਿੱਚ ਉਸ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਸੀ, ਪਰ ਸ਼ਾਮ ਪੈਂਦਿਆਂ ਹੀ ਉਹ ਮੁੜ ਅਕਾਲੀ ਦਲ ਦੇ ਕਥਿਤ ਬਾਗੀ ਧੜੇ ਵਿੱਚ ਸ਼ਾਮਲ ਹੋ ਗਈ।

ਯਾਦ ਰਹੇ, ਬੀਬੀ ਸੁਰਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਆਪਣੇ ਪਰਿਵਾਰ ਸਮੇਤ ਜਿਸ ਇਲਾਕੇ ਵਿੱਚ ਰਹਿੰਦੇ ਹਨ, ਉਥੇ ਉਨ੍ਹਾਂ ਦਾ ਭਾਈਚਾਰਾ (ਰਾਜਪੂਤ ਸਿੱਖ) ਵੱਡੀ ਗਿਣਤੀ ਵਿੱਚ ਵੱਸਦਾ ਹੈ। ਇਹ ਲੋਕ 1947 ਵਿੱਚ ਪਾਕਿਸਤਾਨ ਵੱਲੋਂ ਇਥੇ ਆਏ ਸਨ। ਇਸ ਖੇਤਰ ਵਿੱਚ ਇਨ੍ਹਾਂ ਦੇ ਆਪਣੇ ਗੁਰੂ ਘਰ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਅਕਾਲੀ ਦਲ ਨਾਲ ਜੁੜੇ ਰਹੇ ਹਨ। ਖੁਦ ਸੁਰਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਜਥੇਦਾਰ ਪ੍ਰੀਤਮ ਸਿੰਘ ਆਪਣੇ ਭਾਈਚਾਰੇ ਵਿੱਚ ਬੱਝੇ ਹੋਏ ਲੀਡਰ ਹਨ। 'ਆਪ' ਨੂੰ ਇਸ ਤਬਦੀਲੀ ਦਾ ਮੌਜੂਦਾ ਚੋਣਾਂ ਵਿੱਚ ਫਾਇਦਾ ਹੋਣਾ ਸੀ ਅਤੇ ਲੰਮੇ ਦਾਅ ਤੋਂ, ਆਪਣੇ ਬੱਝਵੇਂ ਕਾਡਰ ਦੀ ਉਸਾਰੀ ਦੇ ਨਿਸ਼ਾਨੇ ਤੋਂ ਵੀ 'ਆਪ' ਲਈ ਇਹ ਦਲਬਦਲੀ ਬੇਹਦ ਲਾਹੇਵੰਦ ਸਿੱਧ ਹੋਣੀ ਸੀ।

ਇਥੇ ਜ਼ਿਕਰਯੋਗ ਹੈ ਕਿ ਅਕਾਲੀ ਦਲ ਦਾ ਬਾਗੀ ਧੜਾ ਬੀਤੇ ਕੁਝ ਦਿਨਾਂ ਤੋਂ ਜ਼ੋਰਦਾਰ ਸਰਗਰਮੀ ਕਰ ਰਿਹਾ ਹੈ। ਇਸ ਧੜੇ ਦੇ ਆਗੂਆਂ ਨੇ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਅਕਾਲੀ ਸਰਕਾਰ ਦੌਰਾਨ ਹੋਈਆਂ ਗਲਤੀਆਂ ਦੀ ਗਲ ਵਿੱਚ ਪੱਲਾ ਪਾ ਕੇ ਮੁਆਫੀ ਲਈ ਆਪਣੀ ਆਰਜ਼ੀ ਦੇ ਦਿੱਤੀ ਹੈ। ਇਸ ਅਰਜ਼ੀ ਵਿੱਚ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਆਪਣੇ ਰਾਜਕਾਲ ਦੌਰਾਨ ਹੋਈਆਂ ਚਾਰ ਗੰਭੀਰ ਗਲਤੀਆਂ ਲਈ ਸਜ਼ਾ ਦੀ ਵੀ ਮੰਗ ਕਰ ਲਈ। ਇਹ ਮਾਮਲਾ ਹੁਣ ਸਿੱਖਾਂ ਦੀ ਸਰਬਉੱਚ ਸੰਸਥਾ ਅਕਾਲ ਤਖਤ ਸਾਹਿਬ ਦੀ ਅਦਾਲਤ ਵਿੱਚ ਹੈ। ਜਥੇਦਾਰ ਸਾਹਿਬ ਬਾਗੀ ਅਕਾਲੀਆਂ ਨੂੰ ਸਜ਼ਾ ਦਾ ਮਾਮਲਾ ਜਲਦੀ ਨਬੇੜ ਦਿੰਦੇ ਹਨ ਜਾਂ ਇਹ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦੀ ਅਗਵਾਈ ਵਾਲੇ ਧੜੇ ਦੇ ਪ੍ਰਭਾਵ ਹੇਠ ਅਣਮਿੱਥੇ ਸਮੇਂ ਲਈ ਟਾਲ ਦਿੱਤਾ ਜਾਂਦਾ ਹੈ, ਆਉਣ ਵਾਲਾ ਸਮਾਂ ਹੀ ਬੇਹਤਰ ਦੱਸੇਗਾ। ਉਂਝ ਅਕਾਲੀ ਦਲ ਵਿੱਚ ਬਖੇੜੇ ਜਿੰਨੀ ਜਲਦੀ ਨਿੱਬੜਨਗੇ, ਅਕਾਲੀ ਦਲ ਵਿੱਚੋਂ ਉਸ ਦੇ ਕਾਡਰ ਦਾ ਕੇਰਾ ਉਨੀ ਹੀ ਛੇਤੀ ਰੁਕ ਸਕਦਾ ਹੈ। ਮੌਜੂਦਾ ਹਾਲਤ ਵਿੱਚ ਅਕਾਲੀ ਦਲ ਦੀ ਸਥਿਤੀ ਆਸਹੀਣ ਬਣੀ ਹੋਈ ਹੈ। ਹਾਲਾਤ ਇਹ ਹੈ ਕਿ ਅਕਾਲੀ ਦਲ ਵੱਲੋਂ ਇਸ ਸੰਕਟ ਦੀ ਘੜੀ ਚੁੱਕਿਆ ਜਾ ਰਿਹਾ ਹਰ ਕਦਮ ਉਸ ਨੂੰ ਪੁੱਠਾ ਪੈ ਰਿਹਾ ਹੈ।

ਬੀਬੀ ਸੁਰਜੀਤ ਕੌਰ ਦੇ 'ਆਪ' ਦੇ ਹੱਕ ਵਿੱਚ ਜਲੰਧਰ ਪੱਛਮੀ ਦੀ ਚੋਣ ਜੰਗ ਵਿੱਚੋਂ ਪਾਸੇ ਹੋ ਜਾਣ ਨਾਲ ਇਹ ਮੁਕਾਬਲਾ 5 ਦੀ ਥਾਂ ਚਾਰ ਕੋਣਾ ਰਹਿ ਗਿਆ ਸੀ, ਪਰ ਉਨ੍ਹਾਂ ਦੇ ਯੂ-ਟਰਨ ਨਾਲ ਸਥਿਤੀ ਬਦਲ ਗਈ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਇਹ ਚੋਣ ਸ਼ੀਤਲ ਅੰਗੁਰਾਲ ਲੜ ਰਹੇ ਹਨ, ਜਦਕਿ ਮਹਿੰਦਰ ਭਗਤ 'ਆਪ' ਵੱਲੋਂ ਉਮੀਦਵਾਰ ਹਨ। ਆਪਣੇ ਇਲਾਕੇ ਤੋਂ ਮਿਊਂਸਪਲ ਕੌਂਸਲਰ ਰਹੀ ਬੀਬੀ ਸੁਰਿੰਦਰ ਕੌਰ ਕਾਂਗਰਸ ਪਾਰਟੀ ਵੱਲੋਂ ਅਤੇ ਬਸਪਾ ਵੱਲੋਂ ਭਿੰਦਰ ਸਿੰਘ ਲਾਖਾ ਇਸ ਚੋਣ ਵਿੱਚ ਉਮੀਦਵਾਰ ਹਨ। ਵੋਟਾਂ ਦਾ ਦਿਨ ਨੇੜੇ ਆਉਣ ਕਾਰਨ ਸਾਰੀਆਂ ਪਾਰਟੀਆਂ ਨੇ ਇਸ ਚੋਣ ਵਿੱਚ ਆਪਣਾ ਸਾਰਾ ਕੁਝ ਦਾਅ 'ਤੇ ਲਾ ਦਿੱਤਾ ਹੈ। ਕਾਂਗਰਸ, 'ਆਪ' ਅਤੇ ਭਾਜਪਾ- ਤਿੰਨੋ ਵੱਡੀਆਂ ਪਾਰਟੀਆਂ ਦੇ ਸੀਨੀਅਰ ਲੀਡਰ ਚੋਣ ਮੁਹਿੰਮ ਵਿੱਚ ਉਤਰ ਆਏ ਹਨ। ਤਿੰਨਾਂ ਧਿਰਾਂ ਵੱਲੋਂ ਆਪੋ ਆਪਣੀ ਜਿੱਤ ਨੂੰ ਯਕੀਨੀ ਬਣਾਉਣ ਲਈ ਲੋਕਾਂ ਦੇ ਘਰ-ਘਰ ਪਹੁੰਚ ਕੀਤੀ ਜਾ ਰਹੀ ਹੈ। 'ਆਪ' ਵੱਲੋਂ ਪੰਜਾਬ ਦੇ ਮੁੱਖ ਮੰਤਰੀ ਇਸ ਚੋਣ ਮੁਹਿੰਮ ਦੀ ਅਗਵਾਈ ਕਰ ਰਹੇ ਹਨ, ਜਦੋਂਕਿ ਕਾਂਗਰਸ ਪਾਰਟੀ ਵੱਲੋਂ ਹੁਣੇ ਜਿਹੇ ਜਲੰਧਰ ਲੋਕ ਸਭਾ ਸੀਟ ਵੱਡੇ ਫਰਕ ਨਾਲ ਜਿੱਤਣ ਵਾਲੇ ਚਰਨਜੀਤ ਸਿੰਘ ਚੰਨੀ ਚੋਣ ਮਹਿੰਮ ਦੀ ਅਗਵਾਈ ਕਰ ਰਹੇ ਹਨ। ਉਧਰ ਭਾਜਪਾ ਦੇ ਉਮੀਦਵਾਰ ਸ਼ੀਤਲ ਅੰਗੁਰਾਲ ਦੇ ਹੱਕ ਵਿੱਚ ਵੀ ਭਾਜਪਾ ਦੇ ਸੀਨੀਅਰ ਲੀਡਰ ਗਜੇਂਦਰ ਸਿੰਘ ਸ਼ੇਖਾਵਤ, ਅਨੁਰਾਗ ਠਾਕੁਰ, ਵਿਜੈ ਰੂਪਾਨੀ, ਰਵਨੀਤ ਸਿੰਘ ਬਿੱਟੂ ਅਤੇ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰ ਜੈ ਰਾਮ ਠਾਕੁਰ ਮੋਰਚਾ ਮੱਲਣ ਜਾ ਰਹੇ ਹਨ।

ਚਰਨਜੀਤ ਸਿੰਘ ਚੰਨੀ ਨੇ ਭਾਵੇਂ ਹਾਲ ਹੀ ਵਿੱਚ ਜਲੰਧਰ ਲੋਕ ਸਭਾ ਸੀਟ ਇੱਕ ਲੱਖ 75 ਹਜ਼ਾਰ ਵੋਟਾਂ ਨਾਲ ਜਿੱਤੀ ਸੀ, ਪਰ ਜਲੰਧਰ ਪੱਛਮੀ ਤੋਂ ਉਨ੍ਹਾਂ ਦੀ ਲੀਡ ਸਿਰਫ 1557 ਵੋਟਾਂ ਦੀ ਸੀ। ਇਸ ਤਰ੍ਹਾਂ ਇਥੇ ਹੁਣ ਇੱਕ ਤਰ੍ਹਾਂ ਨਾਲ ਕੁੰਢੀਆਂ ਦੇ ਸਿੰਘ ਫਸੇ ਹੋਏ ਹਨ। ਕਾਂਗਰਸ ਦੇ ਚਰਨਜੀਤ ਸਿੰਘ ਚੰਨੀ ਤੋਂ ਇਲਾਵਾ ਮੈਂਬਰ ਪਾਰਲੀਮੈਂਟ ਰਾਜਾ ਅਮਰਿੰਦਰ ਸਿੰਘ ਵੜਿੰਗ, ਰਾਜ ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੀ ਕਾਂਗਰਸ ਕੈਂਡੀਡੇਟ ਦੇ ਪੱਖ ਵਿੱਚ ਡਟੇ ਹੋਏ ਹਨ। ਮੁੱਖ ਮੰਤਰੀ ਤੋਂ ਇਲਾਵਾ 'ਆਪ' ਦੇ ਵੀ ਕਈ ਸੀਨੀਅਰ ਆਗੂ ਇਥੇ ਚੋਣ ਮੁਹਿੰਮ ਵਿੱਚ ਹਨ। ਅਕਾਲੀ ਦਲ ਦੇ ਬਾਦਲ ਧੜੇ ਨੇ ਸੁਰਜੀਤ ਕੌਰ ਤੋਂ ਆਪਣੀ ਹਮਾਇਤ ਵਾਪਸ ਲੈਣ ਤੋਂ ਬਾਅਦ ਬਸਪਾ ਦੇ ਕੈਂਡੀਡੇਟ ਭਿੰਦਰ ਸਿੰਘ ਲੱਖਾ ਨੂੰ ਆਪਣੀ ਹਮਾਇਤ ਦੇ ਦਿੱਤੀ ਹੈ। ਚਾਰ ਪ੍ਰਮੁੱਖ ਉਮੀਦਵਾਰਾਂ ਸਮੇਤ ਜਲੰਧਰ ਪੱਛਮੀ ਵਿੱਚ ਕੁੱਲ 14 ਉਮੀਦਵਾਰ ਚੋਣ ਲੜ ਰਹੇ ਹਨ, ਪਰ ਮੁੱਖ ਮੁਕਾਬਲਾ ਆਮ ਆਦਮੀ, ਕਾਂਗਰਸ ਅਤੇ ਭਾਜਪਾ ਵਿਚਾਲੇ ਹੀ ਹੈ। ਤਿੰਨਾਂ ਪਾਰਟੀਆਂ ਦਾ ਅੱਡੀ ਚੋਟੀ ਦਾ ਜੋਰ ਲੱਗ ਰਿਹਾ ਹੈ। ਆਪਣੀਆਂ ਨੀਤੀਆਂ ਅਤੇ ਵਿਕਾਸ ਕਾਰਜਾਂ 'ਤੇ ਮੋਹਰ ਲਵਾਉਣ ਦੇ ਮਕਸਦ ਨਾਲ 'ਆਪ' ਲਈ ਇਹ ਸੀਟ ਬੇਹੱਦ ਮਹੱਤਵਪੂਰਨ ਹੈ; ਜਦਕਿ ਭਾਜਪਾ ਉਮੀਦਵਾਰ ਸ਼ੀਤਲ ਅੰਗੁਰਾਲ ਇਸੇ ਖੇਤਰ ਤੋਂ 'ਆਪ' ਦੇ ਅਸੈਂਬਲੀ ਮੈਂਬਰ ਸਨ। ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ ਅਸਤੀਫਾ ਦੇ ਕੇ ਭਾਜਪਾ ਵਿੱਚ ਗਏ ਸਨ। ਉਨ੍ਹਾਂ ਬਾਅਦ ਵਿੱਚ ਅਸਤੀਫਾ ਵਾਪਸ ਲੈਣ ਦਾ ਯਤਨ ਕੀਤਾ, ਪਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਉਸ ਦਾ ਅਸਤੀਫਾ ਮਨਜ਼ੂਰ ਕਰ ਲਿਆ ਸੀ। ਇਸੇ ਕਾਰਨ ਇਸ ਸੀਟ 'ਤੇ ਜ਼ਿਮਨੀ ਚੋਣ ਕਰਵਾਉਣੀ ਪਈ। ਇਸ ਲਈ ਉਨ੍ਹਾਂ ਲਈ ਵੀ ਇਸ ਸੀਟ ਦੇ ਖਾਸ ਮਾਅਨੇ ਹਨ; ਜਦਕਿ ਮਹਿੰਦਰ ਭਗਤ ਇਸ ਖੇਤਰ ਵਿੱਚ ਆਪਣਾ ਤਕੜਾ ਆਧਾਰ ਰੱਖਦੇ ਹਨ, ਇਸ ਲਈ ਉਨ੍ਹਾਂ ਲਈ ਵੀ ਇਸ ਸੀਟ ਨੂੰ ਜਿੱਤਣਾ ਘੱਟ ਮਹੱਤਵਪੂਰਨ ਨਹੀਂ ਹੈ। ਇਹ ਸੀਟ ਕਿਸ ਪਾਰਟੀ ਦੇ ਪੱਖ ਵਿੱਚ ਜਾਂਦੀ ਹੈ, ਇਸ ਦਾ ਪਤਾ ਅਸਲ ਵਿੱਚ ਆਉਂਦੇ ਕੁਝ ਦਿਨਾਂ ਵਿਚਲੀ ਚੋਣ ਮੁਹਿੰਮ ਦੀ ਤਾਸੀਰ ਦੀ ਪਰਖ ਤੋਂ ਲੱਗ ਜਾਵੇਗਾ।


DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life
Social: Instagram
Facebook
Youtube: djrjbmusic
Website: djrjbmusic.com
Ph: 630-770-0007





17115 W. Bluemound Rd, Suite D1, Brookfield, WI 53005
We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ
ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ
ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ
BOLLYWOOD Grill
Restaurant - Bar - Banquet
1038 N. Jackson St, Milwaukee, WI 53202
We Also Provide
Onsite Tandoor Service For Fresh Naan & KABABS and Onsite Fresh DOSA Service.
ਫੋਨ: 262-894-0913
ਜਾਂ 414-588-3325

# ਸਿੱਖੋ ! ਤੁਹਾਡੀ ਕੰਧ ਪਿੱਛੇ ਹੈ ਨਨਕਾਣਾ ਸਾਹਿਬ: ਰਾਏ ਬਿਲਾਲ ਭੱਟੀ

***ਸੰਗਤ ਨੂੰ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਅਪੀਲ**

**ਕੁਲਜੀਤ ਦਿਆਲਪੁਰੀ**

**ਸਿਨਸਿਨੈਟੀ, ਓਹਾਇਓ:** ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਰਹੇ ਤਲਵੰਡੀ (ਨਨਕਾਣਾ ਸਾਹਿਬ) ਦੇ ਜਾਗੀਰਦਾਰ ਰਾਏ ਬੁਲਾਰ ਭੱਟੀ ਦੀ 19ਵੀਂ ਪੀੜ੍ਹੀ ਵਿੱਚੋਂ ਰਾਏ ਬਿਲਾਲ ਅਕਰਮ ਭੱਟੀ ਨੇ 'ਸਿੱਖੋ! ਤੁਹਾਡੀ ਕੰਧ ਪਿੱਛੇ ਹੈ ਨਨਕਾਣਾ ਸਾਹਿਬ' ਸ਼ਬਦਾਂ ਨਾਲ ਸੰਜੋਈ ਭਾਵੁਕ ਤਕਰੀਰ ਨਾਲ ਸਿੱਖਾਂ ਨੂੰ ਨਨਕਾਣਾ ਸਾਹਿਬ ਆਉਣ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਰਾਏ ਬਿਲਾਲ ਅਕਰਮ ਭੱਟੀ ਚਾਰ ਜੂਨ ਤੋਂ 23 ਜੁਲਾਈ ਤੱਕ ਅਮਰੀਕਾ ਦੇ ਦੌਰੇ 'ਤੇ ਹਨ, ਜਿਸ ਦੌਰਾਨ ਉਹ ਵੱਖ ਵੱਖ ਗੁਰੂ ਘਰਾਂ ਵਿੱਚ ਜਾ ਕੇ ਸੰਗਤ ਨੂੰ ਨਨਕਾਣਾ ਸਾਹਿਬ ਆਉਣ ਦੀਆਂ ਅਪੀਲਾਂ ਕਰ ਰਹੇ ਹਨ। ਨਿਊ ਯਾਰਕ, ਨਿਊ ਜਰਸੀ, ਕਨੈਕਟੀਕਟ ਤੇ ਓਹਾਇਓ ਦੇ ਗੁਰੂ ਘਰਾਂ ਵਿੱਚ ਜਾਣ ਉਪਰੰਤ ਉਹ ਕੈਲੀਫਰਨੀਆ ਆਦਿ ਸਟੇਟਾਂ ਵਿੱਚ ਵੀ ਜਾਣਗੇ।



ਲੰਘੇ ਐਤਵਾਰ ਨੂੰ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ, ਹੈਮਿਲਟਨ (ਗਰੇਟਰ ਸਿਨਸਿਨੈਟੀ) ਵਿਖੇ ਸੰਗਤ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮੇਰਾ ਤਾਅਲੁਕ ਉਸ ਰਾਏ ਭੋਇ ਦੀ ਤਲਵੰਡੀ ਨਾਲ ਹੈ, ਜਿੱਥੇ ਬਾਬੇ ਨਾਨਕ ਦੀ ਖੁਸ਼ਬੂ ਉਥੋਂ ਦੀਆਂ ਫਿਜ਼ਾਵਾਂ ਵਿੱਚ ਆਉਂਦੀ ਹੈ। ਸਿੱਖੀ ਦਾ ਘਰ ਉਥੋਂ ਸ਼ੁਰੂ ਹੋਇਆ, ਜਿਸ ਨੂੰ ਅੱਜ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਜੋ ਪਿਆਰ ਬਾਬੇ ਨਾਨਕ ਨਾਲ ਸਾਡੇ ਵੱਡਿਆਂ ਦਾ ਸੀ, ਉਹ ਹਮੇਸ਼ਾ ਕਾਇਮ ਰਹੇਗਾ। ਜਦੋਂ ਤੱਕ ਇਨਸਾਨੀਅਤ ਰਹੇਗੀ, ਗੁਰੂ ਸਾਹਿਬ ਦਾ ਨਾਂ ਰਹੇਗਾ ਅਤੇ ਸਾਡੇ ਵੱਡਿਆਂ ਦਾ ਨਾਂ ਉਨ੍ਹਾਂ ਨਾਲ ਜੁੜਿਆ ਰਹੇਗਾ।






ਇਤਿਹਾਸ ਦੇ ਹਵਾਲੇ ਨਾਲ ਜਨਾਬ ਭੱਟੀ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦਾ ਜਨਮ ਇੱਕ ਖੱਤਰੀ ਖਾਨਦਾਨ ਵਿੱਚ ਹੋਇਆ ਸੀ, ਪਰ ਮੇਰੇ ਵੱਡੇ ਰਾਏ ਬੁਲਾਰ ਸਾਹਿਬ ਨੂੰ ਪਤਾ ਸੀ ਕਿ ਗੁਰੂ ਨਾਨਕ ਸਾਹਿਬ ਕੋਈ ਆਮ ਸ਼ਖਸ ਨਹੀਂ ਹਨ। ਅੱਜ ਕੱਲ੍ਹ ਅਸੀਂ ਆਪਣੇ ਆਪ ਨੂੰ ਜ਼ਾਤਾਂ ਵਿੱਚ ਵੰਡ ਲਿਆ ਹੈ, ਉਸ ਟਾਈਮ ਜ਼ਾਤਾਂ-ਪਾਤਾਂ ਨਹੀਂ ਸਨ ਵੇਖੀਆਂ ਜਾਂਦੀਆਂ। ਉਨ੍ਹਾਂ ਕਿਹਾ ਕਿ ਅੱਜ ਜਦੋਂ ਕਿਸੇ ਬੰਦੇ ਦਾ ਪਤਾ ਲਾਉਣਾ ਹੋਵੇ ਤਾਂ ਉਸ ਦੀ ਜ਼ਾਤ ਦੇਖੀ ਜਾਂਦੀ ਹੈ ਜਾਂ ਇਹ ਦੇਖਿਆ ਜਾਂਦਾ ਹੈ ਕਿ ਉਸ ਕੋਲ ਕਿੰਨੀ ਜਾਗੀਰ ਹੈ; ਪਰ ਗੁਰੂ ਨਾਨਕ ਸਾਹਿਬ ਦੇ ਸਮੇਂ ਜਮੀਰ ਵੇਖੀ ਜਾਂਦੀ ਸੀ। ਅੱਜ ਹਾਲਾਤ ਇਹ ਹਨ ਕਿ ਜੇ ਕਿਸੇ ਨੇ ਆਪਣੇ ਭਰਾ ਤੋਂ ਹੀ ਮਰਲਾ ਜ਼ਮੀਨ ਲੈਣੀ ਹੋਵੇ ਤਾਂ ਕਤਲ ਹੋ ਜਾਂਦੇ ਹਨ। ਜਨਾਬ ਭੱਟੀ ਨੇ ਕਿਹਾ ਕਿ ਸਾਡੇ ਬਜ਼ੁਰਗ ਰਾਏ ਬੁਲਾਰ ਜੀ ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ ਤੋਂ ਇੰਨਾ ਪ੍ਰਭਾਵਿਤ ਸਨ ਕਿ ਉਨ੍ਹਾਂ ਨੇ ਆਪਣੀ ਅੱਧੀ ਜ਼ਮੀਨ ਗੁਰੂ ਨਾਨਕ ਸਾਹਿਬ ਦੇ ਨਾਂ ਕਰ ਦਿੱਤੀ। ਕੁਝ ਲੋਕਾਂ ਨੇ ਰਾਏ ਬੁਲਾਰ ਨੂੰ ਸਮਝਾਇਆ ਕਿ ਇਹ ਤੁਸੀਂ ਕੀ ਕਰ ਰਹੇ ਹੋ? ਤਾਂ ਰਾਏ ਬੁਲਾਰ ਜੀ ਨੇ ਕਿਹਾ ਮੇਰੀ ਤਲਵੰਡੀ ਵੱਸਦੀ ਹੀ ਬਾਬੇ ਨਾਨਕ ਦੇ ਨਾਂ 'ਤੇ ਹੈ। ਅੱਜ ਵੀ ਸਾਢੇ ਸੱਤ ਸੌ ਮੁਰੱਬਾ ਗੁਰੂ ਨਾਨਕ ਸਾਹਿਬ ਦੇ ਨਾਂ ਬੋਲਦਾ ਹੈ, ਜਿਸ ਵਿੱਚ ਨਨਕਾਣਾ ਸਾਹਿਬ ਦੇ ਸਾਰੇ ਗੁਰਦੁਆਰੇ ਆਉਂਦੇ ਹਨ ਅਤੇ ਆਸ-ਪਾਸ ਦੇ ਕਈ ਪਿੰਡ ਉਸ ਜ਼ਮੀਨ ਉਤੇ ਵੱਸੇ ਹੋਏ ਸਨ। ਗੁਰੂ ਨਾਨਕ ਦਾ ਸੰਦੇਸ਼- ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ ਸਿਰਫ ਸਿੱਖਾਂ ਵਾਸਤੇ ਨਹੀਂ ਹੈ, ਇਹ ਤਾਂ ਕੁਲ ਇਨਸਾਨੀਅਤ ਲਈ ਹੈ। ਸਾਡਾ ਪਰਿਵਾਰ ਜਿੱਥੇ ਜਿੱਥੇ ਵੀ ਜਾਂਦਾ ਰਿਹਾ ਹੈ ਜਾਂ ਹੁਣ ਵੀ ਜਾਂਦਾ ਹੈ, ਸਿੱਖ ਭਾਈਚਾਰਾ ਸਾਨੂੰ ਬਹੁਤ ਮਾਣ ਦਿੰਦਾ ਹੈ।



ਰਾਏ ਬਿਲਾਲ ਭੱਟੀ ਨੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੀ ਨੌਜਵਾਨ ਪੀੜ੍ਹੀ ਨੂੰ ਨਨਕਾਣਾ ਸਾਹਿਬ ਲੈ ਕੇ ਜ਼ਰੂਰ ਆਉਣ, ਤਾਂ ਜੋ ਉਨ੍ਹਾਂ ਨੂੰ ਬਾਬੇ ਨਾਨਕ, ਸਿੱਖ ਇਤਿਹਾਸ ਅਤੇ ਸਿੱਖ ਵਿਰਾਸਤ ਦਾ ਪਤਾ ਲੱਗੇ। ਉਨ੍ਹਾਂ ਕਿਹਾ ਕਿ ਸਾਡੇ ਕੋਲ ਪੂਰੀ ਦੁਨੀਆਂ ਤੋਂ ਲੋਕ ਆਉਂਦੇ ਹਨ, ਪਰ ਓਹਾਇਓ ਸਟੇਟ ਤੋਂ ਬਹੁਤ ਹੀ ਘੱਟ ਲੋਕ ਆਉਂਦੇ ਹਨ। ਉਨ੍ਹਾਂ ਸੰਗਤਾਂ ਨੂੰ ਆਪਣੇ ਗੁਰਧਾਮਾਂ ਉਤੇ ਜਥੇ ਲੈ ਕੇ ਆਉਣ ਦੀ ਅਪੀਲ ਕੀਤੀ ਅਤੇ ਯਕੀਨ ਦਿਵਾਇਆ ਕਿ ਉਨ੍ਹਾਂ ਦਾ ਉਥੇ ਰਹਿਣ ਦਾ ਉਚੇਚਾ ਬੰਦੋਬਸਤ ਕੀਤਾ ਜਾਂਦਾ ਹੈ। ਉਨ੍ਹਾਂ ਯਾਦ ਕਰਵਾਇਆ ਕਿ 1947 ਦੀ ਵੰਡ ਵੇਲੇ ਜੋ ਗੁਰੂਧਾਮ ਵਿਛੜ ਗਏ ਸਨ, ਅਸੀਂ ਅਰਦਾਸ ਵਿੱਚ ਉਨ੍ਹਾਂ ਦੇ ਦਰਸ਼ਨਾਂ ਦੀ ਤਾਂਘ ਲੋਚਦੇ ਹਾਂ। ਉਨ੍ਹਾਂ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਦੇ ਵੀਜ਼ਾ ਵਗੈਰਾ ਲੈਣ ਲਈ ਕਿਸੇ ਵੀ ਪ੍ਰਕਾਰ ਦੀ ਮਦਦ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਅਫਵਾਹਾਂ ਹੀ ਹਨ ਕਿ ਜਿਸ ਦਾ ਇੱਕ ਵਾਰ ਪਾਕਿਸਤਾਨ ਦਾ ਵੀਜ਼ਾ ਲੱਗ ਗਿਆ, ਉਸ ਦਾ ਕਿਸੇ ਹੋਰ ਮੁਲਕ ਦਾ ਵੀਜ਼ਾ ਨਹੀਂ ਲੱਗਦਾ। ਉਨ੍ਹਾਂ ਕਿਹਾ ਜਿਹੜੇ ਇੱਕ ਵਾਰ ਨਨਕਾਣਾ ਸਾਹਿਬ ਦੇ ਦਰਸ਼ਨ ਕਰ ਆਏ ਹਨ, ਇਸ ਬਾਰੇ ਉਨ੍ਹਾਂ ਸਿੱਖ ਭਰਾਵਾਂ ਤੋਂ ਜ਼ਰੂਰ ਪੁੱਛੋ। ਉਨ੍ਹਾਂ ਕਿਹਾ ਕਿ ਜਦੋਂ ਵੀ ਸੰਗਤ ਜਥਿਆਂ ਦੇ ਰੂਪ 'ਚ ਆਉਂਦੀ ਹੈ ਤਾਂ ਨਨਕਾਣਾ ਸਾਹਿਬ ਦੀਆਂ ਰੌਣਕਾਂ ਵਧ ਜਾਂਦੀਆਂ ਹਨ।



ਇਸ ਮੌਕੇ ਸੰਗਤ ਵੱਲੋਂ ਜਨਾਬ ਭੱਟੀ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਜਨਾਬ ਭੱਟੀ ਨੇ ਗੁਰਦੁਆਰਾ ਡੇਅਟਨ ਵਿੱਚ ਵੀ ਸੰਗਤਾਂ ਨਾਲ ਆਪਣੇ ਪਰਿਵਾਰ ਦਾ ਤੁਆਰਫ ਕਰਵਾਉਂਦਿਆਂ ਨਨਕਾਣਾ ਸਾਹਿਬ ਆਉਣ ਦੀ ਅਪੀਲ ਕੀਤੀ। ਉਥੇ ਉਨ੍ਹਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।

'ਪੰਜਾਬੀ ਪਰਵਾਜ਼' ਨਾਲ ਗੱਲ ਕਰਦਿਆਂ ਰਾਏ ਬਿਲਾਲ ਭੱਟੀ ਨੇ ਕਿਹਾ ਕਿ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਵਿਦੇਸ਼ਾਂ ਤੋਂ ਜਿੰਨੇ ਵੀ ਵਫਦ ਆਉਂਦੇ ਹਨ, ਉਨ੍ਹਾਂ ਦਾ ਸਵਾਗਤ ਕਰ ਕੇ ਅਤੇ ਰਹਿਣ ਦਾ ਪ੍ਰਬੰਧ ਕਰ ਕੇ ਸਾਡੇ ਪਰਿਵਾਰ ਨੂੰ ਮਾਣ ਮਹਿਸੂਸ ਹੁੰਦਾ ਹੈ। ਸਾਡੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਸਰਕਾਰ ਅਤੇ ਸਥਾਨਕ ਭਾਈਚਾਰੇ ਨਾਲ ਮਿਲ ਕੇ ਗੁਰੂ ਨਾਨਕ ਗੁਰਪੁਰਬ ਅਤੇ ਹੋਰ ਪੁਰਬ ਬੜੀ ਸ਼ਰਧਾ ਨਾਲ ਮਨਾਏ ਜਾਣ ਤਾਂ ਜੋ ਸਿੱਖ ਭਾਈਚਾਰੇ ਨਾਲ ਸਾਡੀ ਜੱਦੀ-ਪੁਸ਼ਤੀ ਸਾਂਝ ਬਰਕਰਾਰ ਰਹੇ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਵਿੱਚੋਂ ਰੱਬੀ ਨੂਰ ਵੇਖਣ ਵਾਲਿਆਂ 'ਚੋਂ ਬੇਬੇ ਨਾਨਕੀ ਤੋਂ ਬਾਅਦ ਪਹਿਲੇ ਸ਼ਖਸ ਰਾਏ ਬੁਲਾਰ ਭੱਟੀ ਹੀ ਸਨ, ਤੇ ਸਾਨੂੰ ਇਸ ਪਰਿਵਾਰ ਦੇ ਹੋਣ ਦਾ ਮਾਣ ਹੈ।

## ਰਾਇ ਬੁਲਾਰ ਖ਼ਾਨ

ਤਲਵੰਡੀ (ਨਨਕਾਣਾ ਸਾਹਿਬ) ਦਾ ਜਗੀਰਦਾਰ ਸੀ ਰਾਇ ਬੁਲਾਰ ਖ਼ਾਨ। ਉਂਝ ਇਨ੍ਹਾਂ ਦਾ ਖ਼ਾਨਦਾਰ ਭੱਟੀ ਰਾਜਪੂਤ ਸੀ ਤੇ ਬਾਅਦ ਵਿੱਚ ਇਸਲਾਮ ਕਬੂਲ ਕਰ ਲਿਆ ਸੀ। ਗੁਰੂ ਨਾਨਕ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਰਾਇ ਬੁਲਾਰ ਖ਼ਾਨ ਦੇ ਮਾਲ ਮਹਿਕਮੇ ਵਿੱਚ ਅਹਿਲਕਾਰ ਸਨ। ਗੁਰੂ ਜੀ ਦੇ ਰੱਬੀ ਨੂਰ ਦੀ ਤਸਦੀਕ ਕਰਨ ਵਾਲ਼ੇ ਚਾਰ ਇਨਸਾਨ ਦੱਸੇ ਜਾਂਦੇ ਹਨ, ਜਿਨ੍ਹਾਂ 'ਚ ਗੁਰੂ ਜੀ ਦੀ ਭੈਣ ਬੀਬੀ ਨਾਨਕੀ, ਜੋ ਗੁਰੂ ਜੀ ਤੋਂ ਚਾਰ ਸਾਲ ਵੱਡੇ ਸਨ; ਭਾਈ ਮਰਦਾਨਾ ਜੀ, ਜੋ ਗੁਰੂ ਜੀ ਤੋਂ ਦਸ ਸਾਲ ਵੱਡੇ ਸਨ; ਰਾਇ ਬੁਲਾਰ, ਜੋ ਗੁਰੂ ਜੀ ਤੋਂ ਕਰੀਬ ਪੱਚੀ ਸਾਲ ਵੱਡੇ ਸਨ ਅਤੇ ਮਾਈ ਦੌਲਤਾਂ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਦਾਈ ਹੋਣ ਦਾ ਮਾਣ ਹਾਸਲ ਹੋਇਆ। ਰਾਇ ਬੁਲਾਰ ਨੇ ਬਾਲ ਉਮਰ 'ਚ ਗੁਰੂ ਜੀ ਦੇ ਰੱਬੀ ਨੂਰ ਹੋਣ ਦਾ ਤਸਦੀਕ ਕੀਤਾ ਸੀ, ਜਿਸ ਬਾਰੇ ਪਿਤਾ ਮਹਿਤਾ ਕਾਲੂ ਅਸਲੋਂ ਬੇ-ਖ਼ਬਰ ਸਨ।

ਰਾਇ ਬੁਲਾਰ ਨੇ ਗੁਰੂ ਜੀ ਬਾਰੇ ਕਿਹਾ ਸੀ, "ਸਾਨੂੰ ਸਾਫ ਦਿੱਸਦਾ ਹੈ, ਕੱਲ੍ਹ ਨੂੰ ਦੁਨੀਆਂ ਦੀ ਦੌਲਤ ਦਾ ਦਰਿਆ ਇਸ ਬਾਲਕ ਦਿਆਂ ਹੱਥਾਂ ਥਾਣੀਂ ਵਗੇਗਾ।" ਲਗਭਗ 1515 ਈ. ਵਿੱਚ ਰਾਇ ਬੁਲਾਰ ਸਾਹਿਬ ਅੱਲ੍ਹਾ ਨੂੰ ਪਿਆਰੇ ਹੋ ਗਏ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਦੀਆਂ ਪੀੜ੍ਹੀਆਂ ਅੱਜ ਵੀ ਲਹਿੰਦੇ ਪੰਜਾਬ ਵਿੱਚ ਰਹਿ ਰਹੀਆਂ ਹਨ।

*(ਅਲੀ ਰਾਜਪੁਰਾ ਦੀ ਪੁਸਤਕ 'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ' ਵਿੱਚੋਂ)*


**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।



**Punjabi Parwaz LLC**
**DBA Punjabi Parwaz**

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

| | |
|---|---|
| ਬਲਵਿੰਦਰ ਸਿੰਘ (ਬੌਬ) ਸੰਧੂ | ਗੁਰਵਿੰਦਰ ਬੱਬੂ (ਐਪਲਟਨ) |
| ਦਵਿੰਦਰ ਸਿੰਘ ਰੰਗੀ | ਅਜੈਬ ਸਿੰਘ ਲੱਖਣ |
| ਮਨਜਿੰਦਰ ਸਿੰਘ (ਮੈਕ) ਭਮਰਾ | ਹਰਕੇਵਲ ਸਿੰਘ ਲਾਲੀ |
| ਜੋਧ ਸਿੰਘ ਸਿੱਧੂ | ਬਿਕਰਮ ਸਿੰਘ ਸਿੱਧੂ |
| ਯਾਦਵਿੰਦਰ ਸਿੰਘ (ਰਿੰਪੀ) ਖੱਟੜਾ | ਮਿੰਨੀ ਮੁਲਤਾਨੀ |
| ਅਮਰੀਕ ਸਿੰਘ ਸ਼ਿਕਾਗੋ | ਗੁਰਪ੍ਰੀਤ ਕੇ. ਸਿੰਘ |
| ਕਿਰਪਾਲ ਸਿੰਘ ਰੰਧਾਵਾ | ਇੰਦਰ ਹੁੰਜਣ |
| ਅੰਮ੍ਰਿਤਪਾਲ ਸਿੰਘ ਗਿੱਲ | ਸੰਨੀ ਧੂੜ (ਮਿਸ਼ੀਗਨ) |
| ਬਲਵਿੰਦਰ ਸਿੰਘ ਚੱਠਾ | ਮਨਮਿੰਦਰ ਸਿੰਘ ਹੀਰ |
| ਦਰਸ਼ਨ ਸਿੰਘ ਪੰਮਾ | ਅਮਨਦੀਪ ਸਿੰਘ ਕੁਲਾਰ |
| ਗੁਰਿੰਦਰਜੀਤ ਸਿੰਘ ਗਰੇਵਾਲ | ਪਰਮਿੰਦਰ ਸਿੰਘ (ਯੂਬਾ ਸਿਟੀ) |
| ਬੇਅੰਤ ਸਿੰਘ ਬੋਪਾਰਾਏ | ਜਗਜੀਤ ਸਿੰਘ ਖੇੜਾ (ਓਕਲਾਹੋਮਾ) |
| ਅਮਰਜੀਤ ਸਿੰਘ ਢੀਂਡਸਾ | ਹਰਮੀਕ ਸਿੰਘ ਗਿਰਨ |
| ਦੀਦਾਰ ਸਿੰਘ ਧਨੋਆ | ਜਿਗਰਦੀਪ ਸਿੰਘ ਢਿੱਲੋਂ |

# ਬਾਇਡਨ ਬਨਾਮ ਟਰੰਪ

## ਸਿਆਸੀ ਬਹਿਸ-ਮੁਬਾਹਿਸੇ ਦੇ ਅਰਥ

ਪੰਜਾਬੀ ਪਰਵਾਜ਼ ਬਿਊਰੋ

ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਇਸੇ ਸਾਲ ਨਵੰਬਰ ਵਿੱਚ ਹੋਣੀਆਂ ਹਨ ਅਤੇ ਡੈਮੋਕਰੈਟਿਕਾਂ ਤੇ ਰਿਪਲਬਲੀਕਨਾਂ ਦਰਮਿਆਨ ਵਿਰੋਧੀ ਸਿਆਸੀ ਬਹਿਸ-ਮੁਬਾਹਿਸੇ ਸ਼ੁਰੂ ਹੋ ਗਏ ਹਨ। ਇਸ ਸਿਲਸਲੇ ਵਿੱਚ ਲੰਘੇ ਦਿਨੀਂ ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਚਾਲੇ ਹੋਈ ਬਹਿਸ ਦੌਰਾਨ ਦੋਵੇਂ ਅਮਰੀਕੀ ਆਗੂ ਆਪਸ ਵਿੱਚ ਮਿਹਣੋ-ਮਿਹਣੀ ਹੁੰਦੇ ਰਹੇ। ਇਹ ਬਹਿਸ ਅਰਥਵਿਵਸਥਾ, ਪਰਵਾਸ/ਸਰਹੱਦ, ਵਿਦੇਸ਼ ਨੀਤੀ, ਗਰਭਪਾਤ ਅਤੇ ਕੌਮੀ ਸੁਰੱਖਿਆ ਦੀ ਸਥਿਤੀ ’ਤੇ ਹੋਈ; ਕਿਉਂਕਿ ਵੋਟਰਾਂ ਲਈ ਇਹ ਅਹਿਮ ਮੁੱਦੇ ਹਨ। ਸਵਾਲ ਇਹ ਹੈ ਕਿ ਬਾਇਡਨ ਤੇ ਟਰੰਪ ਦੀ ਇਹ ਪਹਿਲੀ ਬਹਿਸ ਕਿੰਨੀ ਕੁ ਸਾਰਥਕ ਸੀ?

ਰਾਸ਼ਟਰਪਤੀ ਅਹੁਦੇ ਦੀ ਚੋਣ ਪ੍ਰਕਿਰਿਆ ਦੀ ਇਹ ਪਹਿਲੀ ਬਹਿਸ ਸੀ। ਇਸ ਦੌਰਾਨ ਦੋਹਾਂ ਨੇ ਇੱਕ-ਦੂਜੇ ਨੂੰ ਝੂਠਾ ਅਤੇ ਅਮਰੀਕੀ ਇਤਿਹਾਸ ਦਾ ਸਭ ਤੋਂ ਖ਼ਰਾਬ ਰਾਸ਼ਟਰਪਤੀ ਕਰਾਰ ਦਿੱਤਾ। ਲਗਪਗ 90 ਮਿੰਟ ਹੋਈ ਬਹਿਸ (ਸੀ.ਐੱਨ.ਐੱਨ. ਪ੍ਰੈਜ਼ੀਡੈਸ਼ੀਅਲ ਡਿਬੇਟ) ਦੌਰਾਨ ਦੋਹਾਂ ਨੇ ਇੱਕ-ਦੂਜੇ ’ਤੇ ਨਿੱਜੀ ਹਮਲੇ ਕੀਤੇ। ਰਾਸ਼ਟਰਪਤੀ ਬਾਇਡਨ ਨੇ ਸਾਬਕਾ ਰਾਸ਼ਟਰਪਤੀ ਟਰੰਪ ਨੂੰ ‘ਮੂਰਖ ਅਤੇ ਹਾਰਿਆ ਹੋਇਆ ਵਿਅਕਤੀ’ ਕਰਾਰ ਦਿੱਤਾ। ਉੱਧਰ, ਟਰੰਪ ਨੇ ਬਾਇਡਨ ਦੇ ਪੁੱਤਰ ਹੰਟਰ ਬਾਇਡਨ ਨੂੰ ਬੰਦੂਕ ਖਰੀਦ ਨਾਲ ਜੁੜੇ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਦਾ ਜ਼ਿਕਰ ਕਰਦਿਆਂ ਦੋਸ਼ ਲਾਇਆ ਕਿ ਉਨ੍ਹਾਂ ਦਾ ਪੁੱਤਰ (ਹੰਟਰ ਬਾਇਡਨ) ਇੱਕ ਬਹੁਤ ਹੀ ਉਚੇ ਪੱਧਰ ਦਾ ਅਪਰਾਧੀ ਹੈ।

ਜਦੋਂ ਰਾਸ਼ਟਰਪਤੀ ਬਾਇਡਨ ਬਹਿਸ ਵਿੱਚ ਆਏ ਤਾਂ ਉਹ ਘਬਰਾਏ ਹੋਏ ਅਤੇ ਉਲਝੇ ਹੋਏ ਨਜ਼ਰ ਆਏ। ਟਰੰਪ ਨੇ ਕਥਿਤ ਤੌਰ ਉੱਤੇ ਤੱਥਾਂ ਤੋਂ ਉਲਟ ਦਾਅਵੇ ਕੀਤੇ, ਪਰ ਬਾਇਡਨ ਉਨ੍ਹਾਂ ਨੁਕਤਿਆਂ ਵਿੱਚ ਉਨ੍ਹਾਂ ਨੂੰ ਘੇਰ ਨਹੀਂ ਸਕੇ। ਉਹ ਲੜਖੜਾ ਗਏ। ਬਹਿਸ ਦੇ ਲਗਭਗ ਅੱਧ ਵਿਚਕਾਰ ਬਾਇਡਨ ਖੇਮੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਰਾਸ਼ਟਰਪਤੀ ਨੂੰ ਜ਼ੁਖਾਮ ਹੈ। ਇਹ ਉਨ੍ਹਾਂ ਦੀ ਖੁਰਦਰੀ ਆਵਾਜ਼ ਉੱਤੇ ਪਰਦਾ ਪਾਉਣ ਦੀ ਇੱਕ ਕੋਸ਼ਿਸ਼ ਸੀ। ਅਜਿਹਾ ਹੋ ਵੀ ਸਕਦਾ ਹੈ ਕਿ ਉਨ੍ਹਾਂ ਦੀ ਤਬੀਅਤ ਵਾਕਈ ਖ਼ਰਾਬ ਹੋਵੇ, ਪਰ ਇਹ ਇੱਕ ਬਹਾਨੇ ਵਰਗਾ ਲੱਗਿਆ। ਬਹਿਸ ਵਾਲੀ ਸ਼ਾਮ ਤੋਂ ਪਹਿਲਾਂ ਵੀ ਕਈ ਲੋਕਾਂ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੀ ਸਿਹਤ, ਉਮਰ ਅਤੇ ਅਹੁਦੇ ਲਈ ਤੰਦਰੁਸਤੀ ਨੂੰ ਲੈ ਕੇ ਖਦਸ਼ੇ ਜ਼ਾਹਰ ਕੀਤੇ ਸਨ। ਜੇ ਕਿਹਾ ਜਾਵੇ ਕਿ ਤਾਜ਼ਾ ਬਹਿਸ ਨੇ ਉਨ੍ਹਾਂ ਸਵਾਲਾਂ ਉੱਤੇ ਵਿਰਾਮ ਲਾ ਦਿੱਤਾ ਹੈ ਤਾਂ ਇਹ ਇਸ ਸਾਲ ਦੀ ਸਭ ਤੋਂ ਵੱਡੀ ਅਤਿਕਥਨੀ ਹੋ ਸਕਦੀ ਹੈ।




ਜਿਵੇਂ-ਜਿਵੇਂ ਬਹਿਸ ਅੱਗੇ ਵਧੀ, ਬਾਇਡਨ ਨੇ ਬਹਿਸ ਦਾ ਮੂੰਹ ਆਪਣੇ ਵਿਰੋਧੀ ਵੱਲ ਮੋੜਨ ਲਈ ਟਰੰਪ ਉੱਤੇ ਵੱਡੇ ਹਮਲੇ ਕਰਨੇ ਸ਼ੁਰੂ ਕੀਤੇ। ਕੁਝ ਹਮਲੇ ਨਿਸ਼ਾਨੇ ਉੱਤੇ ਲੱਗੇ ਵੀ ਅਤੇ ਟਰੰਪ ਨੇ ਕੁਝ ਗੁੱਸੇ ਨਾਲ ਭਰੀਆਂ ਟਿੱਪਣੀਆਂ ਕੀਤੀਆਂ। ਉਂਜ ਸਾਬਕਾ ਰਾਸ਼ਟਰਪਤੀ ਟਰੰਪ ਨੇ ਸਮੁੱਚੇ ਤੌਰ ਉੱਤੇ ਜ਼ਿਆਦਾ ਅਨੁਸ਼ਾਸ਼ਿਤ, ਚੰਚਲ ਪੇਸ਼ਕਾਰੀ ਕੀਤੀ। ਉਹ ਜ਼ਿਆਦਾ ਸ਼ਾਂਤ ਅਤੇ ਇਕਾਗਰ ਨਜ਼ਰ ਆਏ। ਸਾਲ 2020 ਦੀ ਆਪਣੀ ਬਹਿਸ ਦੇ ਮੁਕਾਬਲੇ ਇਸ ਵਾਰ ਉਨ੍ਹਾਂ ਨੇ ਝਗੜੇ ਵਿੱਚ ਪੈਣ ਤੋਂ ਗੁਰੇਜ਼ ਕੀਤਾ ਅਤੇ ਬਹਿਸ ਦੀ ਤੋਪ ਦਾ ਮੂੰਹ ਬਾਇਡਨ ਵੱਲ ਮੋੜਨ ਵਿੱਚ ਸਫ਼ਲ ਰਹੇ। ਡੇਢ ਘੰਟੇ ਦੌਰਾਨ ਅਕਸਰ ਲੱਗਿਆ ਕਿ ਬਾਇਡਨ ਰੱਸੀ ਉੱਤੇ ਤੁਰ ਰਹੇ ਹਨ; ਖਾਸ ਕਰਕੇ ਜਦੋਂ ਉਹ ਬੇਤੁਕੇ ਜਵਾਬ ਦੇ ਰਹੇ ਸਨ। ਆਪਣੇ ਖਿਆਲਾਂ ਦੀ ਲੜੀ ਗੁਆਚ ਜਾਣ ਤੋਂ ਬਾਅਦ ਉਨ੍ਹਾਂ ਨੇ ਇੱਕ ਸਵਾਲ ਦਾ ਜਵਾਬ ਬੜੇ ਬੇਤੁਕੇ ਤਰੀਕੇ ਨਾਲ ਮੁਕਾਇਆ। ਉਨ੍ਹਾਂ ਨੇ ਬਜ਼ੁਰਗਾਂ ਦੀ ਸਿਹਤ ਸੰਭਾਲ ਦੀ ਸਰਕਾਰੀ ਸਕੀਮ ਦਾ ਪ੍ਰਸੰਗੋਂ ਬਾਹਰਲਾ ਜ਼ਿਕਰ ਕੀਤਾ।

ਟਰੰਪ ਨੇ ਬਾਇਡਨ ਤੋਂ ਬਾਅਦ ਬੋਲਦਿਆਂ ਇੱਕ ਵਾਰ ਕਿਹਾ, “ਮੈਨੂੰ ਸੱਚੀਂ ਨਹੀਂ ਪਤਾ ਕਿ ਉਸ ਵਾਕ ਦੇ ਅੰਤ ਵਿੱਚ ਉਨ੍ਹਾਂ ਨੇ ਕੀ ਕਿਹਾ ਅਤੇ ਮੈਂ ਨਹੀਂ ਸੋਚਦਾ ਕਿ ਉਨ੍ਹਾਂ ਨੇ ਕੁਝ ਕਿਹਾ ਵੀ ਹੈ।” ਟਰੰਪ ਦਾ ਇਹ ਕਹਿਣਾ ਇਸ ਬਹਿਸ ਦਾ ਕੇਂਦਰੀ ਭਾਵ ਹੈ।

ਜਦੋਂ ਗਰਭਪਾਤ ਦਾ ਮੁੱਦਾ ਉੱਠਿਆ ਤਾਂ ਸਾਬਕਾ ਰਾਸ਼ਟਰਪਤੀ ਨੇ ਧਿਆਨ ਇਸ ਗੱਲ ਵੱਲ ਮੋੜ ਦਿੱਤਾ ਕਿ ਉਨ੍ਹਾਂ ਨੇ ਜੋ ਕਿਹਾ ਉਹ ‘ਡੈਮੋਕਰੇਟਿਕ ਐਕਸਟਰੀਮਿਜ਼ਮ’ ਸੀ। ਉਨ੍ਹਾਂ ਨੇ ਗਲਤ ਦਾਅਵਾ ਕੀਤਾ ਕਿ ਡੈਮੋਕਰੇਟ ਬੱਚਿਆਂ ਦੇ ਜਨਮ ਤੋਂ ਬਾਅਦ ਗਰਭਪਾਤ ਦੀ ਹਮਾਇਤ ਕਰਦੇ ਹਨ। ਗਰਭਪਾਤ ਦਾ ਮੁੱਦਾ ਟਰੰਪ ਅਤੇ ਉਨ੍ਹਾਂ ਦੀ ਪਾਰਟੀ ਲਈ ਕੁੱਲ ਮਿਲਾ ਕੇ ਕਮਜ਼ੋਰੀ ਸਾਬਤ ਹੋਇਆ ਹੈ। ਖਾਸ ਕਰਕੇ ਜਦੋਂ ਸੁਪਰੀਮ ਕੋਰਟ ਨੇ 2022 ਵਿੱਚ ਰੋਅ ਬਨਾਮ ਵੇਡ ਦੇ ਫੈਸਲੇ ਨੂੰ ਪਲਟ ਦਿੱਤਾ ਸੀ, ਜੋ ਅਮਰੀਕਾ ਵਿੱਚ ਗਰਭਪਾਤ ਦੇ ਸੰਵਿਧਾਨਕ ਹੱਕ ਦੀ ਰਾਖੀ ਕਰਦਾ ਸੀ। ਬਾਇਡਨ ਇੱਥੇ ਅਰਾਮ ਨਾਲ ਸਕੋਰ ਖੜ੍ਹਾ ਕਰ ਸਕਦੇ ਸਨ, ਪਰ ਨਹੀਂ ਕਰ ਸਕੇ। ਰਾਸ਼ਟਰਪਤੀ ਨੇ ਬਸ ਇੰਨਾ ਹੀ ਕਿਹਾ, “ਜੋ ਤੁਸੀਂ ਕੀਤਾ ਹੈ, ਉਹ ਬਹੁਤ ਬੁਰੀ ਚੀਜ਼ ਹੈ।”

ਇੱਕ ਜਗ੍ਹਾ ਉੱਤੇ ਬਾਇਡਨ ਨੇ ਹਸ਼ ਮਨੀ ਕੇਸ ਵਿੱਚ ਟਰੰਪ ਨੂੰ ਮੁਜ਼ਰਿਮ ਕਰਾਰ ਦਿੱਤੇ ਜਾਣ ਦਾ ਮਸਲਾ ਚੁੱਕਿਆ, ਜੋ ਕਿ ਸਾਬਕਾ ਰਾਸ਼ਟਰਪਤੀ ਦੇ ਅਡਲਟ ਫਿਲਮ ਅਦਾਕਾਰਾ ਸਟੋਰਨੀ ਡੇਨੀਅਲਸ ਨਾਲ ਰਿਸ਼ਤਿਆਂ ਵਿੱਚੋਂ ਪੈਦਾ ਹੋਇਆ ਸੀ। ਬਾਇਡਨ ਨੇ ਕਰਾਰਾ ਵਿਅੰਗ ਕੱਸਿਆ ਤਾਂ ਟਰੰਪ ਨੇ ਮੋੜਵਾਂ ਜਵਾਬ ਦਿੱਤਾ, “ਮੈਂ ਕਿਸੇ ਪੋਰਨ ਸਟਾਰ ਨਾਲ ਸੈਕਸ ਨਹੀਂ ਕੀਤਾ।” ਉਂਜ ਸਾਬਕਾ ਰਾਸ਼ਟਰਪਤੀ ਲਗਾਤਾਰ ਇਸ ਸਵਾਲ ਤੋਂ ਚਤੁਰਾਈ ਨਾਲ ਬਚਦੇ ਰਹੇ ਕਿ ਉਹ 2024 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਮੰਨਣਗੇ ਜਾਂ ਨਹੀਂ।

ਟਰੰਪ ਛੇ ਜਨਵਰੀ ਨੂੰ ਅਮਰੀਕਾ ਦੀ ਕੈਪੀਟਲ ਹਿਲ ਬਿਲਡਿੰਗ ਉੱਤੇ ਹਜੂਮੀ ਹਮਲੇ ਪ੍ਰਤੀ ਆਪਣੀ ਪ੍ਰਤੀਕਿਰਿਆ ਬਾਰੇ ਵੀ ਘਿਰੇ ਨਜ਼ਰ ਆਏ। ਸ਼ੁਰੂ ਵਿੱਚ ਉਨ੍ਹਾਂ ਨੇ ਇਸ ਦੀ ਜ਼ਿੰਮੇਵਾਰੀ ਬਾਇਡਨ ਸਰਕਾਰ ਉੱਤੇ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਦੋਸ਼ ਮੁਕਤ ਨਹੀਂ ਹੋਣ ਦਿੱਤਾ ਤੇ ਤਨਜ਼ ਕੱਸੀ, “ਇਨ੍ਹਾਂ ਨੇ ਲੋਕਾਂ ਨੂੰ ਕੈਪੀਟਲ ਹਿਲ ਵਿੱਚ ਵੜਨ ਲਈ ਹੱਲਾਸ਼ੇਰੀ ਦਿੱਤੀ। ਜਦੋਂ ਸਹਾਇਕ ਕੁਝ ਕਰਨ ਲਈ ਤਰਲੇ ਪਾ ਰਹੇ ਸਨ ਤਾਂ ਇਹ ਤਿੰਨ ਘੰਟੇ ਬੈਠੇ ਰਹੇ। ਕੁਝ ਨਹੀਂ ਕੀਤਾ।”

ਬਾਇਡਨ ਖੇਮਾ ਕੁਝ ਹੱਦ ਤੱਕ ਇਹ ਬਹਿਸ ਇਸੇ ਤਰ੍ਹਾਂ ਦੀ ਚਾਹੁੰਦਾ ਸੀ। ਪਹਿਲਾ ਕਾਰਨ ਤਾਂ ਇਹ ਹੈ ਕਿ ਉਹ ਚੋਣ ਪ੍ਰਚਾਰ ਦੇ ਸ਼ੁਰੂ ਵਿੱਚ ਹੀ ਇਸਦਾ ਕੇਂਦਰ ਟਰੰਪ ਨੂੰ ਬਣਾ ਦੇਣਾ ਚਾਹੁੰਦੇ ਹਨ। ਉਹ ਉਮੀਦ ਕਰਦੇ ਹਨ ਕਿ ਇਸ ਦੇ ਜ਼ਰੀਏ ਅਮਰੀਕੀ ਲੋਕਾਂ ਨੂੰ ਟਰੰਪ ਦਾ ਅਫਰਾ-ਤਫਰੀ ਵਾਲਾ ਕਾਰਜਕਾਲ ਯਾਦ ਆ ਜਾਵੇਗਾ। ਲੇਕਿਨ ਇਸ ਬਹਿਸ ਤੋਂ ਬਾਅਦ ਲੋਕ ਸਾਬਕਾ ਰਾਸ਼ਟਰਪਤੀ ਦੇ ਮੁਕਾਬਲੇ ਮੌਜੂਦਾ ਰਾਸ਼ਟਰਪਤੀ ਦੀ ਚਰਚਾ ਜ਼ਿਆਦਾ ਕਰਨ ਲੱਗਣਗੇ। ਬਾਇਡਨ ਖੇਮਾ ਇਹ ਬਹਿਸ ਇੰਨੀ ਜਲਦੀ ਕਿਉਂ ਕਰਵਾਉਣਾ ਚਾਹੁੰਦਾ ਸੀ? ਇਸਦੀ ਇੱਕ ਹੋਰ ਵਜ੍ਹਾ ਇਹ ਹੈ ਕਿ ਇਸ ਨਾਲ ਉਨ੍ਹਾਂ ਦੇ ਉਮੀਦਵਾਰ ਨੂੰ ਉਭਰਨ ਦਾ ਸਮਾਂ ਮਿਲ ਜਾਵੇਗਾ। ਜ਼ਿਕਰਯੋਗ ਹੈ ਕਿ ਡੈਮੋਕਰੇਟ ਪਾਰਟੀ ਦੀ ਕਨਵੈਨਸ਼ਨ ਅਗਸਤ ਵਿੱਚ ਹੋਣੀ ਹੈ, ਜਿਸ ਦੌਰਾਨ ਉਹ ਅਮਰੀਕੀਆਂ ਲਈ ਬਾਇਡਨ ਦੇ ਦੂਜੇ ਕਾਰਜਕਾਲ ਲਈ ਜ਼ਿਆਦਾ ਪੁਖਤਾ ਵਿਜ਼ਨ ਪੇਸ਼ ਕਰ ਸਕਣਗੇ। ਇੱਕ ਹੋਰ ਬਹਿਸ ਸਤੰਬਰ ਵਿੱਚ ਹੋਣੀ ਹੈ। ਜੇ ਉਹ ਬਹਿਸ ਹੁੰਦੀ ਹੈ ਤਾਂ ਵੋਟਾਂ ਤੋਂ ਪਹਿਲਾਂ ਵੋਟਰਾਂ ਦੇ ਦਿਮਾਗ ਵਿੱਚ ਜ਼ਿਆਦਾ ਤਾਜ਼ਾ ਹੋਵੇਗੀ।

ਬਹਿਸ ਖਤਮ ਹੋਣ ਤੋਂ ਤੁਰੰਤ ਮਗਰੋਂ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਮੰਨਿਆ ਕਿ ਰਾਸ਼ਟਰਪਤੀ ਦੀ ਸ਼ੁਰੂਆਤ ਮੱਧਮ ਜ਼ਰੂਰ ਸੀ, ਪਰ ਉਨ੍ਹਾਂ ਨੇ ਅੰਤ ਮਜ਼ਬੂਤੀ ਨਾਲ ਕੀਤਾ। ਇਸ ਬਿਆਨ ਵਿੱਚੋਂ ਬਹੁਤ ਜ਼ਿਆਦਾ ਉਮੀਦ ਦੀ ਝਲਕ ਪੈ ਸਕਦੀ ਹੈ, ਪਰ ਵਾਕਈ ਕਿ ਬਾਇਡਨ ਹੌਲੀ-ਹੌਲੀ ਖੁਦ ਨੂੰ ਬਹਿਸ ਵਿੱਚ ਸਥਾਪਿਤ ਕਰਨ ਵਿੱਚ ਕਾਮਯਾਬ ਜ਼ਰੂਰ ਰਹੇ ਸਨ! ਇਸੇ ਦੌਰਾਨ ਬਾਇਡਨ ਦੀ ਸਾਬਕਾ ਸੰਚਾਰ ਨਿਰਦੇਸ਼ਕ ਕੇਟ ਬਾਇਡਿੰਗਫੀਲਡ ਨੇ ਬਹਿਸ ਤੋਂ ਤੁਰੰਤ ਬਾਅਦ ਮੰਨਿਆ, “ਇਸ ਬਾਰੇ ਕੋਈ ਦੋ ਰਾਇ ਨਹੀਂ ਹੈ, ਇਹ ਬਾਇਡਨ ਲਈ ਬਿਲਕੁਲ ਵੀ ਚੰਗੀ ਬਹਿਸ ਨਹੀਂ ਸੀ।... ਬਾਇਡਨ ਲਈ ਸਭ ਤੋਂ ਵੱਡਾ ਮਸਲਾ ਇਹ ਸਾਬਤ ਕਰਨਾ ਸੀ ਕਿ ਉਨ੍ਹਾਂ ਵਿੱਚ (ਰਾਸ਼ਟਰਪਤੀ ਬਣਨ ਲਈ) ਊਰਜਾ ਅਤੇ ਸਟੈਮਿਨਾ ਹੈ ਅਤੇ ਉਹ ਅਜਿਹਾ ਨਹੀਂ ਕਰ ਸਕੇ।”

ਲੇਕਿਨ ਕਈ ਡੈਮੋਕਰੇਟ ਸਮਰਥਕ ਸੋਚ ਰਹੇ ਹੋਣਗੇ ਕਿ ਬਹਿਸ ਦੇ ਮੰਚ ਉੱਤੇ ਟਰੰਪ ਨਾਲ ਇੱਕ ਹੋਰ ਆਹਮੋ-ਸਾਹਮਣਾ ਉਨ੍ਹਾਂ ਦੇ ਉਮੀਦਵਾਰ ਦਾ ਕੀ ਭਲਾ ਕਰੇਗਾ? ਹੋ ਸਕਦਾ ਹੈ, ਦੂਸਰੇ ਸੋਚ ਰਹੇ ਹੋਣ ਕਿ ਨਵਾਂ ਉਮੀਦਵਾਰ ਕਿਵੇਂ ਲਿਆਂਦਾ ਜਾਵੇ! ਬਾਇਡਨ ਖੇਮੇ ਕੋਲ ਪਾਣੀ ਸ਼ਾਂਤ ਕਰਨ ਲਈ ਦੋ ਮਹੀਨੇ ਹਨ। ਭਾਵੇਂ ਕਿ ਬਾਇਡਨ ਨੇ ਨੌਮੀਨੇਸ਼ਨ ਦੌਰਾਨ ਪਾਰਟੀ ਦੇ ਮੁਢਲੇ ਮੈਂਬਰਾਂ ਦੇ ਵੋਟ ਅਸਾਨੀ ਨਾਲ ਹਾਸਲ ਕਰ ਲਏ ਸਨ, ਪਰ ਪਾਰਟੀ ਵਿੱਚ ਬਾਇਡਨ ਦੀ ਥਾਂ ਹੋਰ ਉਮੀਦਵਾਰ ਖੜ੍ਹਾ ਕਰਨ ਦੀ ਮੰਗ ਉੱਠ ਸਕਦੀ ਹੈ। ਘੱਟੋ-ਘੱਟ ਹੁਣ ਤੱਕ ਤਾਂ ਕਿਸੇ ਅਹਿਮ ਡੈਮੋਕਰੇਟ ਆਗੂ ਨੇ ਬਗਾਵਤ ਨਹੀਂ ਕੀਤੀ, ਪਰ ਕੁਝ ਨੇ ਪੱਤਰਕਾਰਾਂ ਕੋਲ ਇਸ ਬਾਰੇ ਆਪਣੇ ਸ਼ੰਕੇ ਜ਼ਰੂਰ ਜਾਹਰ ਕੀਤੇ ਹਨ। ਡੌਨਲਡ ਟਰੰਪ ਨੇ ਵੀ ਸਾਬਤ ਕੀਤਾ ਹੈ ਕਿ ਸਿਆਸਤਦਾਨਾਂ ਨੂੰ ਵੀ ਬੁਰੇ ਸਮੇਂ ਵਿੱਚੋਂ ਪਿਸ-ਪਿਸ ਕੇ ਲੰਘਣਾ ਪੈ ਸਕਦਾ ਹੈ। ਇਸ ਬਹਿਸ ਤੋਂ ਬਾਅਦ ਬਹੁਤ ਸਾਰੇ ਡੈਮੋਕਰੇਟ ਸਮਰਥਕਾਂ ਨੂੰ ਨਵੰਬਰ ਦੀਆਂ ਚੋਣਾਂ ਦਾ ਫਿਕਰ ਸਤਾ ਰਿਹਾ ਹੋਵੇਗਾ।


Teeyan Da Mela
MILWAUKEE

Food - Giddha - Singing - Prizes - Bhangra - Open Dance Floor
August 11, 2024
1 to 6 PM
VENUE: Four Points by Sheraton
5311 S. Howell Ave,
Milwaukee, WI 53207

Organizers Contact: Happy Chahal 414-712-6568 - Harjinder Soos 414-530-5699
Pinku Sandhawalia 414-708-2035 - Gurdeep Chahal 414-861-7395
Jas Kaur, Harpreet Toor, Mani Toor, Baljit Gill, Reena Aulakh, Harjeet Boparai, Raman Hansi

Tickets: $35
each at the door
Children under 10 free
Ladies Only

CAFE INDIA MILWAUKEE
DJ DESI VIBES
VENDOR PARTNERS
dream DECOR BY KIRAN
Asian Diva Salon Milwaukee
PUNJABI COMMUNITY ORGANIZATION OF WI 1998 PCO




# ਨਿਊ ਯਾਰਕ ਮੈਟਰੋ ਸਪੋਰਟਸ ਕਲੱਬ ਨੇ ਜਿੱਤਿਆ ਸ਼ਿਕਾਗੋ ਕਬੱਡੀ ਕੱਪ

ਕੁਲਜੀਤ ਦਿਆਲਪੁਰੀ

***ਗੁਲਾਬ ਸਿੱਧੂ ਨੇ ਕੀਤਾ ਨਵੇਂ-ਪੁਰਾਣੇ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ**

***ਮੇਲੇ ਦੇ ਅਖੀਰ 'ਚ ਤਲਖੀ ਕਾਰਨ ਬੀਅ ਦਾ ਲੇਖਾ ਪੈਂਦਾ ਪੈਂਦਾ ਬਚਿਆ**

**ਸ਼ਿਕਾਗੋ:** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵੱਲੋਂ ਕਰਵਾਏ ਗਏ ਇਸ ਸੀਜ਼ਨ ਦੇ ਪਹਿਲੇ ਟੂਰਨਾਮੈਂਟ ਦਾ ਕਬੱਡੀ ਕੱਪ 'ਨਿਊ ਯਾਰਕ ਮੈਟਰੋ ਸਪੋਰਟਸ ਕਲੱਬ' ਦੀ ਟੀਮ ਜਿੱਤ ਕੇ ਲੈ ਗਈ, ਜਦਕਿ 'ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਬੇਏਰੀਆ (ਕੈਲੀਫੋਰਨੀਆ)' ਟੀਮ ਦੂਜੇ ਥਾਂ ਰਹੀ। ਟੂਰਨਾਮੈਂਟ ਦੌਰਾਨ ਕੁੱਲ ਚਾਰ ਕਬੱਡੀ ਟੀਮਾਂ ਨੇ ਭਾਗ ਲਿਆ ਸੀ, ਜਿਸ ਵਿੱਚ ਉਕਤ ਦੋ ਟੀਮਾਂ ਤੋਂ ਇਲਾਵਾ



ਹਰਖੋਵਾਲ ਨਾਰਥ ਅਮੈਰਿਕਾ (ਕੈਲੀਫੋਰਨੀਆ) ਕਲੱਬ ਅਤੇ ਬਾਬਾ ਸੰਗ ਜੀ ਕਬੱਡੀ ਕਲੱਬ (ਮਿਡਵੈਸਟ) ਸ਼ਾਮਲ ਸਨ। ਕਬੱਡੀ ਕੱਪ ਦੇ ਵਧੀਆ ਧਾਵੀ ਰਾਜੂ ਕੋਟਲਾ ਭੜੀ ਤੇ ਪਾਲੀ ਛੰਨਾ ਅਤੇ ਵਧੀਆ ਜਾਫੀ ਇੰਦਰਜੀਤ ਕਲਸੀਆਂ ਤੇ ਮਨੀ ਮੱਲ੍ਹੀਆਂ ਐਲਾਨੇ ਗਏ।

ਲੰਘੇ ਸਨਿਚਰਵਾਰ ਨੂੰ ਬਸੀ ਵੁੱਡਜ਼, ਐਲਕ ਗਰੂਵ ਵਿਲੇਜ ਵਿਖੇ ਬਾਬਾ ਦਲਜੀਤ ਸਿੰਘ ਸ਼ਿਕਾਗੋ ਵੱਲੋਂ ਅਕਾਲ ਪੁਰਖ ਅੱਗੇ ਅਰਦਾਸ ਕਰਨ ਉਪਰੰਤ ਮੇਲਾ ਸ਼ੁਰੂ ਹੋ ਗਿਆ ਸੀ। ਕਲੱਬ ਮੈਂਬਰ ਅਤੇ ਸਹਿਯੋਗੀ ਆਪੋ-ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਮਸ਼ਰੂਫ ਹੋ ਗਏ ਸਨ। ਕੁਮੈਂਟੇਟਰਾਂ ਹੱਥ ਮਾਈਕ ਆ ਜਾਣ ਪਿੱਛੋਂ ਉਹ ਆਏ ਮਹਿਮਾਨਾਂ ਤੇ ਜਾਣੂੰ ਸ਼ਖਸੀਅਤਾਂ ਨੂੰ ਜੀ ਆਇਆਂ ਆਖ ਮੇਲੇ ਲਈ ਦਿੱਤੇ ਵਿੱਤੀ ਸਹਿਯੋਗ ਲਈ ਧੰਨਵਾਦ ਕਰਨ ਲੱਗ ਪਏ ਸਨ। ਚੰਗੀ ਗੱਲ ਇਹ ਰਹੀ ਕਿ ਕਲੱਬ ਨੇ ਕਬੱਡੀ ਦੀਆਂ ਟੀਮਾਂ ਦੇ ਮੈਚ ਵੇਲੇ ਸਿਰ ਸ਼ੁਰੂ ਕਰਵਾ ਦਿੱਤੇ ਸਨ, ਜਿਸ ਕਾਰਨ ਸਾਰੇ ਮੈਚ ਮਿੱਥੇ ਸਮੇਂ ਤੱਕ ਸੰਪਨ ਹੋ ਗਏ ਸਨ। ਸੂਤਰਾਂ ਅਨੁਸਾਰ ਇੱਕ ਵਜ੍ਹਾ ਇਹ ਵੀ ਸੀ ਕਿ ਖਿਡਾਰੀਆਂ ਨੇ ਕਬੱਡੀ ਮੈਚ ਲਾਉਣ ਕਿਸੇ ਹੋਰ ਥਾਂ ਵੀ ਜਾਣਾ ਸੀ।

ਪਹਿਲਾ ਮੈਚ ਬਾਬਾ ਸੰਗ ਜੀ ਕਬੱਡੀ ਕਲੱਬ (ਮਿਡਵੈਸਟ) ਤੇ ਹਰਖੋਵਾਲ ਨਾਰਥ ਅਮੈਰਿਕਾ ਕਲੱਬ ਅਤੇ ਦੂਜਾ ਮੈਚ ਸੰਦੀਪ ਨੰਗਲ ਅੰਬੀਆਂ ਬੇਏਰੀਆ ਤੇ ਨਿਊ ਯਾਰਕ ਮੈਟਰੋ ਸਪੋਰਟਸ ਕਲੱਬ ਦਰਮਿਆਨ ਹੋਇਆ। ਬਾਬਾ ਸੰਗ ਜੀ ਕਲੱਬ ਤੇ ਨਿਊ ਯਾਰਕ ਮੈਟਰੋ ਵਿਚਾਲੇ ਤੀਜਾ ਮੈਚ ਹੋਣ ਉਪਰੰਤ ਸੈਮੀਫਾਈਨਲ ਮੈਚ ਵਿੱਚ ਸੰਦੀਪ ਨੰਗਲ ਅੰਬੀਆਂ ਬੇਏਰੀਆ ਅਤੇ ਬਾਬਾ ਸੰਗ ਜੀ ਕਲੱਬ ਨੇ ਆਪੋ-ਆਪਣੀ ਜਿੱਤ ਯਕੀਨੀ ਬਣਾਉਣ ਲਈ ਜੱਦੋਜਹਿਦ ਕੀਤੀ, ਜਿਸ ਵਿੱਚ ਢਾਈ ਅੰਕਾਂ ਦੇ ਫਰਕ ਨਾਲ ਸੰਦੀਪ ਨੰਗਲ ਅੰਬੀਆਂ ਕਲੱਬ ਜੇਤੂ ਰਿਹਾ।

ਫਾਈਨਲ ਮੈਚ ਵਿੱਚ ਨਿਊ ਯਾਰਕ ਮੈਟਰੋ ਸਪੋਰਟਸ ਕਲੱਬ ਦੇ ਜਾਫੀਆਂ- ਸੱਤੂ ਖਡੂਰ ਸਾਹਿਬ, ਮਨੀ ਮੱਲ੍ਹੀਆਂ, ਇੰਦਰਜੀਤ ਕਲਸੀਆਂ ਤੇ ਲੱਖਾ ਕੋਠੇ ਜੱਟਾਂ ਵਾਲਾ ਨੇ ਵਿਰੋਧੀ ਟੀਮ ਦੇ ਧਾਵੀਆਂ ਨੂੰ ਡੱਕਣ ਵਿੱਚ ਪੂਰਾ ਤਾਣ ਲਾਇਆ। ਇਸੇ ਕਲੱਬ ਦੇ ਧਾਵੀਆਂ- ਰਾਜੂ ਕੋਟਲਾ ਭੜੀ, ਚਿੱਤਪਾਲ ਚਿੱਤੀ, ਹੈਰੋ ਚਾਵੇਜ਼ ਤੇ ਮਨੀ ਬੱਦੋਵਾਲੀਆ ਨੇ ਜਿੱਤ ਯਕੀਨੀ ਬਣਾਉਣ ਵਿੱਚ ਚੰਗਾ ਜ਼ੋਰ ਲਾਇਆ। ਇਸ ਤੋਂ ਇਲਾਵਾ ਫਾਈਨਲ ਮੈਚ ਵਿੱਚ ਸੰਦੀਪ ਨੰਗਲ ਅੰਬੀਆਂ ਕਲੱਬ ਦੇ ਧਾਵੀਆਂ- ਸੁਲਤਾਨ ਸਮਸਤਪੁਰ, ਦੁੱਲਾ ਬੱਗੇ ਪਿੰਡ, ਭਿੰਦਾ ਪਰਜੀਆਂ ਅਤੇ ਪਾਲੀ ਛੰਨਾ ਨੇ ਵਿਰੋਧੀ ਟੀਮ ਉਤੇ ਚੰਗੇ ਧਾਵੇ ਬੋਲੇ, ਜਦਕਿ ਜਾਫੀਆਂ- ਜੋਧਾ ਸੁਰਖਪੁਰ, ਯਾਦ ਕੋਟਲੀ, ਹੈਪੀ ਸੰਧੜ ਤੇ ਜਿੰਦਰ ਪੱਤੜਕਲਾਂ ਦੇ ਜੱਫਿਆਂ ਦਾ ਦਿਲਚਸਪ ਨਜ਼ਾਰਾ ਸੀ। ਕਬੱਡੀ ਮੈਚਾਂ ਦੀ ਕੁਮੈਂਟਰੀ ਮੱਖਣ ਅਲੀ, ਕਾਲਾ ਰਸ਼ੀਨ ਅਤੇ ਸੁਰਜੀਤ ਕਕਰਾਲੀ ਨੇ ਰਲ-ਮਿਲ ਕੇ ਕੀਤੀ, ਜਦਕਿ ਰੈਫਰੀ ਸਨ- ਦਵਿੰਦਰ ਕੋਚ ਅਤੇ ਕੈਨੇਡਾ ਤੋਂ ਨੀਟਾ, ਧਾਮੀ, ਸਾਬੀ ਤੇ ਪੱਪੂ।

ਕਬੱਡੀ ਦਾ ਪਹਿਲਾ ਇਨਾਮ ਖਾਸਰੀਆ ਪਰਿਵਾਰ ਵੱਲੋਂ ਸਵਰਗੀ ਸਰਪੰਚ ਇੰਦਰ ਸਿੰਘ ਦੀ ਯਾਦ ਵਿੱਚ ਹਰਜਿੰਦਰ ਸਿੰਘ ਜਿੰਦੀ, ਅਰਵਿੰਦਰ ਸਿੰਘ ਬੂਟਾ ਤੇ ਭੁਪਿੰਦਰ ਸਿੰਘ ਟਿੰਕਾ ਵੱਲੋਂ ਦਿੱਤਾ ਗਿਆ। ਕਬੱਡੀ ਦਾ ਦੂਜਾ ਇਨਾਮ ਗੁਰਸਾਹਿਬ ਸਿੰਘ ਤੂਰ, ਗੁਰਦੀਪ ਸਿੰਘ ਤੂਰ, ਗੈਰੀ ਤੂਰ, ਸਤੀਸ਼ ਭਾਰਦਵਾਜ, ਸਤਪਾਲ ਬੈਂਸਾਂ, ਕੁਲਜੀਤ ਗਿਲਜੀਆਂ, ਲਵਪ੍ਰੀਤ, ਹਰਜਿੰਦਰ ਤੂਰ ਤੇ ਗੁਰਪ੍ਰੀਤ ਬਰਾੜ ਵੱਲੋਂ ਸਾਂਝੇ ਤੌਰ 'ਤੇ ਸਪਾਂਸਰ ਕੀਤਾ ਗਿਆ ਸੀ। ਬੈਸਟ ਰੇਡਰ ਤੇ ਬੈਸਟ ਸਟਾਪਰ ਦੇ ਇਨਾਮ ਸਵਰਗੀ ਫੁੰਮਣ ਸਿੰਘ ਤੇ ਸਵਰਗੀ ਹਰਭਜਨ ਸਿੰਘ ਟਿਵਾਣਾ ਦੀ ਯਾਦ ਵਿੱਚ ਟਿਵਾਣਾ ਪਰਿਵਾਰ ਵੱਲੋਂ ਦਿੱਤੇ ਗਏ।






ਸੈਮੀਫਾਈਨਲ ਅਤੇ ਫਾਈਨਲ ਮੈਚ ਦਾ ਨਜ਼ਾਰਾ ਹੀ ਵਧੇਰੇ ਦਿਲਚਸਪ ਰਿਹਾ; ਕਿਉਂਕਿ ਪਹਿਲੇ ਮੈਚ ਦੌਰਾਨ ਸਰੋਤੇ ਬਹੁਤੇ ਨਹੀਂ ਸਨ ਜੁੜੇ, ਪਰ ਜਿਉਂ ਜਿਉਂ ਦੁਪਹਿਰ ਹੁੰਦੀ ਗਈ, ਲੋਕ ਕਬੱਡੀ ਕੱਪ ਵਿੱਚ ਜੁੜਦੇ ਗਏ। ਜ਼ਿਆਦਾਤਰ ਬੰਦੇ ਵੱਖ-ਵੱਖ ਢਾਣੀਆਂ ਬਣਾ ਕੇ ਕਬੱਡੀ ਦੇ ਮੈਚਾਂ ਦਾ ਅਨੰਦ ਮਾਣ ਰਹੇ ਸਨ ਅਤੇ ਬੀਬੀਆਂ ਟੈਂਟਾਂ ਹੇਠਾਂ ਡੱਠੀਆਂ ਕੁਰਸੀਆਂ ਉਤੇ ਬੈਠੀਆਂ ਨਾਲੇ ਠੰਡਾ-ਬੱਤਾ ਪੀ ਰਹੀਆਂ ਸਨ, ਨਾਲੇ ਮੈਚ ਦੇਖ ਰਹੀਆਂ ਸਨ।

ਗਰਾਊਂਡ ਦੇ ਇੱਕ ਪਾਸੇ ਵਾਲੀਬਾਲ ਦੇ ਮੈਚ ਵੀ ਚੱਲ ਰਹੇ ਸਨ, ਪਰ ਦਰਸ਼ਕਾਂ ਦੀ ਭੀੜ ਕਬੱਡੀ ਮੈਦਾਨ ਦੇ ਹੰਧਿਆਂ ਦੇ ਆਲੇ-ਦੁਆਲੇ ਹੀ ਸੀ। ਕਲੱਬ ਦੇ ਇੱਕ ਪ੍ਰਬੰਧਕ ਅਨੁਸਾਰ ਵਾਲੀਬਾਲ ਦੀਆਂ ਅੱਠ ਟੀਮਾਂ ਨੇ ਵਾਲੀਆਂ ਹਵਾ ਵਿੱਚ ਉਡਾਈਆਂ। ਫਾਈਨਲ ਮੈਚ ਸ਼ੇਰੇ ਪੰਜਾਬ ਲਾਇਟ ਆਊਟ ਸ਼ਿਕਾਗੋ ਟੀਮ ਨੇ ਜਿੱਤਿਆ, ਜਦਕਿ ਸ਼ੇਰੇ ਪੰਜਾਬ ਇੰਡੋਕੈਨ ਕੈਨੇਡਾ ਟੀਮ ਦੂਜੇ ਥਾਂ ਰਹੀ। ਟੀਮਾਂ ਦੇ ਇੰਚਾਰਜ ਹਰਜੀਤ ਸਿੰਘ ਤੇ ਟੋਨੀ ਸੰਘੇੜਾ ਸਨ। ਵਾਲੀਬਾਲ ਦਾ ਪਹਿਲਾ ਇਨਾਮ ਢੀਂਡਸਾ ਪਰਿਵਾਰ ਅਤੇ ਦੂਜਾ ਇਨਾਮ ਸਮਰਾ ਪਰਿਵਾਰ ਵੱਲੋਂ ਸਪਾਂਸਰ ਕੀਤਾ ਗਿਆ ਸੀ। ਸ਼ੁਗਲ ਵਜੋਂ ਬੱਚਿਆਂ ਦੀ ਦੌੜ ਵੀ ਕਰਵਾਈ ਗਈ, ਪਰ ਹੌਸਲਾ ਅਫਜ਼ਾਈ ਵਜੋਂ ਮੈਡਲ ਸਾਰੇ ਬੱਚਿਆਂ ਨੂੰ ਦਿੱਤੇ ਗਏ।

ਇਸ ਮੌਕੇ ਕਲੱਬ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਚੌਧਰੀ ਰਾਏ ਬੁਲਾਰ ਭੱਟੀ ਦੀ 19ਵੀਂ ਪੀੜ੍ਹੀ ਵਿੱਚੋਂ ਪਾਕਿਸਤਾਨ ਤੋਂ ਰਾਏ ਬਿਲਾਲ ਅਕਰਮ ਭੱਟੀ, ਪੰਜਾਬ ਸਰਕਾਰ ਦੇ ਐਡਿਸ਼ਨਲ ਐਡਵੋਕੇਟ ਜਨਰਲ ਸੌਰਵ ਖੁਰਾਣਾ ਅਤੇ ਹੋਰ ਸਪਾਂਸਰਾਂ ਦਾ ਮਾਣ-ਤਾਣ ਵੀ ਕੀਤਾ ਗਿਆ।

ਇਸ ਵਾਰ ਕਲੱਬ ਦਾ ਕਬੱਡੀ ਕੱਪ ਨਵੀਂ ਥਾਂ ਹੋਣ ਕਾਰਨ ਬਹੁਤੇ ਲੋਕ ਪਹਿਲਾਂ ਮੇਲੇ ਵਾਲੀ ਪੁਰਾਣੀ ਥਾਂ ਪਹੁੰਚਦੇ ਰਹੇ, ਪਰ ਜਦੋਂ ਉਥੇ ਸੁੰਨ ਪਸਰੀ ਵੇਖੀ ਤਾਂ ਕਈਆਂ ਨੂੰ ਸ਼ੱਕ ਹੋਇਆ ਕਿ ਸ਼ਾਇਦ ਮੇਲਾ ਰੱਦ ਹੋ ਗਿਆ ਹੈ। ਪੁਰਾਣੀ ਥਾਂ ਪਹੁੰਚੇ ਦਰਸ਼ਕਾਂ ਨੇ ਫਿਕਰ 'ਚ ਫੋਨ ਦੀਆਂ ਘੰਟੀਆਂ ਖੜਕਾਈਆਂ, ਤਾਂ ਜਾ ਕੇ ਉਨ੍ਹਾਂ ਨੂੰ ਕਬੱਡੀ ਕੱਪ ਦੀ ਨਵੀਂ ਥਾਂ ਦਾ ਪਤਾ ਲੱਗਾ। ਉਂਜ ਨਵੀਂ ਥਾਂ ਦੀ ਖਾਸੀਅਤ ਇਹ ਰਹੀ ਕਿ ਉਥੇ ਕਾਰਾਂ ਪਾਰਕ ਕਰਨ ਲਈ ਥਾਂ ਖੁੱਲ੍ਹੀ ਸੀ ਤੇ ਕਿਸੇ ਵੀ ਦਰਸ਼ਕ ਨੂੰ ਗੱਡੀ ਪਾਰਕ ਕਰਨ ਦੀ ਕੋਈ ਦਿੱਕਤ ਨਹੀਂ ਆਈ। ਚੇਤੇ ਰਹੇ, ਜਿਸ ਥਾਂ ਪਹਿਲਾਂ ਮੇਲੇ ਹੁੰਦੇ ਆਏ ਹਨ, ਉਥੇ ਅਕਸਰ ਲੋਕਾਂ ਨੂੰ ਕਾਰਾਂ ਪਾਰਕ ਕਰਨ ਦੀ ਸਮੱਸਿਆ ਨਾਲ ਜੂਝਣਾ ਪੈਂਦਾ ਹੈ ਤੇ ਦੇਰ ਨਾਲ ਆਉਂਦੇ ਦਰਸ਼ਕਾਂ ਨੂੰ ਆਪਣੀਆਂ ਕਾਰਾਂ ਦੂਰ ਪਾਰਕ ਕਰਨ ਜਾਣ ਦੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਾਰ ਅਜਿਹੀ ਕੋਈ ਸ਼ਿਕਾਇਤ ਕਿਸੇ ਦਰਸ਼ਕ ਤੋਂ ਸੁਣਨ ਲਈ ਨਹੀਂ ਮਿਲੀ; ਪਰ ਇਹ ਜ਼ਰੂਰ ਵੇਖਿਆ ਗਿਆ ਕਿ ਕੁਝ ਲੋਕਾਂ ਨੇ ਗੱਡੀਆਂ ਟੇਢੇ ਰੁਖ ਪਾਰਕ ਕੀਤੀਆਂ ਹੋਈਆਂ ਸਨ।

ਮੇਲੇ ਦੌਰਾਨ ਖਾਣਾ ਮਿਲਵਾਕੀ ਤੋਂ 'ਟੇਸਟ ਆਫ ਇੰਡੀਆ' ਦੇ ਮਨਜੀਤ ਸਿੰਘ ਪਾਲੀਆ ਵੱਲੋਂ ਪਰੋਸਿਆ ਜਾ ਰਿਹਾ ਸੀ। ਉਨ੍ਹਾਂ ਦੀ ਟੀਮ ਪੂਰੀ ਫੁਰਤੀ ਨਾਲ ਖਾਣਾ ਤਿਆਰ ਕਰ ਰਹੀ ਸੀ। ਮੇਲਾ ਸ਼ੁਰੂ ਹੁੰਦਿਆਂ ਹੀ ਆਏ ਮਹਿਮਾਨਾਂ/ਦਰਸ਼ਕਾਂ ਦੀ ਖਿਦਮਤ ਵਿੱਚ ਮਸਾਲੇਦਾਰ ਚਾਹ, ਕੜਕ ਤੇ ਤਾਜ਼ੇ ਪਕੌੜੇ ਅਤੇ ਗੁਲਾਬ ਜਾਮਣਾਂ ਹਾਜ਼ਰ ਸਨ। ਇਸ ਤੋਂ ਇਲਾਵਾ ਦੁਪਹਿਰ ਦੇ ਖਾਣੇ ਵਿੱਚ ਪਰੌਂਠਿਆਂ ਦੇ ਨਾਲ ਕਈ ਤਰ੍ਹਾਂ ਦੇ ਪਕਵਾਨ ਦਰਸ਼ਕਾਂ ਦੀ ਸੇਵਾ ਹਿੱਤ ਵਰਤ ਹੋ ਰਹੇ ਸਨ। ਚਿਕਨ, ਬੱਕਰੇ ਦਾ ਮੀਟ, ਦਾਲ, ਚੌਲ, ਫਰਾਈ ਮੱਛੀ ਸਮੇਤ ਖਾਦ ਪਦਾਰਥ ਖੁੱਲ੍ਹੇ ਵਰਤ ਹੋ ਰਹੇ ਸਨ। ਸਟੇਜ ਦੇ ਪਿਛਲੇ ਪਾਸੇ ਲੱਗੇ 'ਵਿਸ਼ੇਸ਼ ਟੈਂਟ' ਵੱਲ ਨੂੰ ਬਹੁਤੇ ਦਰਸ਼ਕਾਂ ਦੇ ਪੈਰ ਆਪ-ਮੁਹਾਰੇ ਗਤੀਮਾਨ ਸਨ।

ਮੇਲੇ ਦੀ ਖਾਸੀਅਤ ਰਹੀ ਕਿ ਗਾਇਕ ਗੁਲਾਬ ਸਿੱਧੂ ਨੂੰ ਗਾਉਣ ਦਾ ਖੁੱਲ੍ਹਾ ਸਮਾਂ ਮਿਲ ਗਿਆ ਸੀ। ਉਂਜ ਪਿਛਲੇ ਕੁਝ ਮੇਲਿਆਂ ਦੌਰਾਨ ਕਬੱਡੀ ਦੇ ਮੈਚ ਦੇਰ ਨਾਲ ਸਮਾਪਤ ਹੋਣ ਕਰਕੇ ਗਾਇਕਾਂ ਨੂੰ ਗਾਉਣ ਦਾ ਸਮਾਂ ਘੱਟ ਮਿਲਦਾ ਰਿਹਾ ਹੈ। ਸਟੇਜ 'ਤੇ ਆਉਂਦਿਆਂ ਹੀ ਗੁਲਾਬ ਸਿੱਧੂ ਨੇ ਇੱਕ ਪਿੱਛੋਂ ਇੱਕ ਗੀਤ ਗਾ ਕੇ ਦਰਸ਼ਕਾਂ ਦਾ ਧਿਆਨ ਖਿੱਚ ਲਿਆ। ਉਸ ਨੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਨੂੰ ਯਾਦ ਕੀਤਾ ਅਤੇ ਉਸ ਦਾ ਗੀਤ 'ਡਾਲਰਾਂ ਵਾਂਗੂੰ ਨੀ, ਨਾਮ ਸਾਡਾ ਚੱਲਦਾ' ਗੀਤ ਵੀ ਗਾਇਆ। ਆਪਣੇ ਚਰਚਿਤ ਗੀਤਾਂ ਦੇ ਨਾਲ ਨਾਲ ਗੁਲਾਬ ਸਿੱਧੂ ਨੇ ਮਰਹੂਮ ਗਾਇਕ ਸੁਰਜੀਤ ਬਿੰਦਰਖੀਏ ਦਾ ਗੀਤ 'ਦੁਪੱਟਾ ਤੇਰਾ ਸੱਤ ਰੰਗ ਦਾ' ਸਮੇਤ ਹੋਰ ਨਾਮੀ ਪੁਰਾਣੇ ਗਾਇਕਾਂ ਦੇ ਗੀਤ ਵੀ ਗਾਏ। ਅਸਲ ਵਿੱਚ ਗੁਲਾਬ ਸਿੱਧੂ ਦੇ ਗੀਤ ਜ਼ਿਆਦਾਤਰ ਨਵੀਂ ਮੁੰਢੀਰ ਦੇ ਪਸੰਦੀਦਾ ਹਨ, ਪਰ ਕਬੱਡੀ ਮੇਲੇ ਦੌਰਾਨ ਉਨ੍ਹਾਂ ਦਰਸ਼ਕਾਂ ਦੀ ਗਿਣਤੀ ਕਾਫੀ ਸੀ, ਜੋ ਪੁਰਾਣੇ ਗਾਇਕਾਂ ਦੇ ਗੀਤ ਸੁਣਨਾ ਲੋਚਦੇ ਹਨ। ਗੁਲਾਬ ਸਿੱਧੂ ਨੇ ਦੋਹਾਂ ਤਰ੍ਹਾਂ ਦੇ ਸਰੋਤਿਆਂ ਲਈ ਗੀਤ ਪੇਸ਼ ਕੀਤੇ, ਪਰ ਸਪੀਕਰਾਂ ਦੀ ਉਚੀ ਆਵਾਜ਼ ਦਾ ਕਈਆਂ ਨੇ ਨੋਟਿਸ ਲਿਆ ਅਤੇ ਸ਼ਿਕਾਇਤ ਕੀਤੀ ਕਿ ਆਵਾਜ਼ ਘੱਟ ਰੱਖੀ ਜਾਂਦੀ ਤਾਂ ਗਾਇਕ ਦੇ ਬੋਲ ਵਧੇਰੇ ਸਪਸ਼ਟ ਸੁਣਨੇ ਸਨ ਤੇ ਆਵਾਜ਼ ਪ੍ਰਦੂਸ਼ਣ ਤੋਂ ਵੀ ਬਚਾਅ ਰਹਿੰਦਾ। ਗੀਤ-ਸੰਗੀਤ ਦੇ ਪ੍ਰੋਗਰਾਮ ਦੇ ਸ਼ੁਰੂ ਵਿੱਚ ਰਿਐਲਟਰ ਜਗਮੀਤ (ਜੈਸੀ) ਸਿੰਘ ਨੇ ਵੀ ਗੀਤ ਗਾ ਕੇ ਹਾਜ਼ਰੀ ਲੁਆਈ।

ਅਕਸਰ ਖੇਡ ਮੇਲਿਆਂ ਦੌਰਾਨ ਉਦੋਂ ਦਿੱਕਤ ਆਉਣੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ







ਟੀ-20 ਵਰਲਡ ਕੱਪ

# ਤਜ਼ੁਰਬੇ ਨੇ ਦਿੱਤਾ ਹਿੰਦੋਸਤਾਨੀ ਟੀਮ ਦੇ ਹੱਥ 'ਜਿੱਤ ਦਾ ਲੱਡੂ'

ਪੂਰੇ 17 ਸਾਲ ਬਾਅਦ ਭਾਰਤੀ ਕ੍ਰਿਕਟ ਟੀਮ ਨੇ ਵੈਸਟ ਇੰਡੀਜ਼ ਦੇ ਬ੍ਰਿਜਟਾਊਨ ਵਿਖੇ ਕੈਨਸਿੰਗਟਨ ਓਵਲ ਮੈਦਾਨ ਵਿੱਚ ਹੋਇਆ ਟੀ-20 ਵਰਲਡ ਕੱਪ ਦਾ ਫਾਈਨਲ ਮੁਕਾਬਲਾ ਜਿੱਤ ਲਿਆ ਹੈ। ਬੀਤੇ ਸ਼ਨੀਵਾਰ ਹੋਏ ਬੇਹੱਦ ਤਿੱਖੇ ਉਤਰਾਵਾਂ-ਚੜ੍ਹਾਵਾਂ ਵਾਲੇ ਇਸ ਦਿਲਚਸਪ ਮੁਕਾਬਲੇ ਨੂੰ ਖੇਡ ਦੇ ਅੰਤਿਮ ਓਵਰਾਂ ਵਿੱਚ ਭਾਰਤ ਨੇ ਆਪਣੇ ਨਾਮ ਕੀਤਾ। ਇੱਕ ਸਮੇਂ ਜਦੋਂ ਹੈਨਰੀ ਕਲਾਸਿਨ ਭਾਰਤੀ ਸਪਿੰਨ ਬਾਲਰਾਂ ਦੀ ਕੁਟਾਈ ਕਰ ਰਹੇ ਸਨ ਤਾਂ ਲੱਗਣ ਲੱਗ ਪਿਆ ਸੀ ਕਿ ਦੱਖਣੀ ਅਫਰੀਕਾ ਇਸ ਵਿਸ਼ਵ ਕੱਪ ਨੂੰ ਆਪਣੇ ਨਾਮ ਕਰ ਲਵੇਗਾ, ਪਰ ਅੰਤਿਮ ਓਵਰਾਂ ਵਿੱਚ ਭਾਰਤੀ ਤੇਜ਼ ਗੇਂਦਬਾਜ਼ਾਂ ਨੇ ਦੱਖਣੀ ਅਫਰੀਕਾ ਨੂੰ ਲੋੜੀਂਦਾ ਸਕੋਰ ਬਣਾਉਣ ਤੋਂ ਰੋਕ ਕੇ ਵਰਲਡ ਕੱਪ ਆਪਣੇ ਨਾਂ ਕਰ ਲਿਆ। ਟੂਰਨਾਮੈਂਟ ਜਿੱਤਣ ਤੋਂ ਬਾਅਦ ਹਿੰਦੋਸਤਾਨੀ ਕ੍ਰਿਕਟ ਟੀਮ ਦੇ ਕਪਤਾਨ ਰੋਹਿਤ ਸ਼ਰਮਾ ਅਤੇ ਅਨੁਭਵੀ ਖਿਡਾਰੀ ਵਿਰਾਟ ਕੋਹਲੀ ਨੇ ਖੇਡ ਦੇ ਟੀ-20 ਫਾਰਮੈਟ ਤੋਂ ਰਿਟਾਇਰਮੈਂਟ ਲੈਣ ਦਾ ਐਲਾਨ ਕਰ ਦਿੱਤਾ।

ਮੈਚ ਦੇ ਮਧਲੇ ਓਵਰਾਂ ਵਿੱਚ ਟ੍ਰਿਸਟਨ ਸਟੱਬ ਅਤੇ ਕੁਇੰਟਨ-ਡੀ-ਕਾਕ ਨੇ ਭਾਰਤੀ ਸਪਿੰਨਰਾਂ ਨੂੰ ਦਿਲ ਖੋਲ੍ਹ ਕੇ ਕੁੱਟਿਆ, ਪਰ ਕਿਸਮਤ ਨਾਲ ਅਕਸ਼ਰ ਪਟੇਲ ਟ੍ਰਿਸਟਨ ਸਟੱਬ ਨੂੰ ਬੋਲਡ ਆਊਟ ਕਰਨ ਵਿੱਚ ਸਫਲ ਹੋ ਗਿਆ। ਬਾਕੀ ਦਾ ਕੰਮ ਜਸਪ੍ਰੀਤ ਬੁਮਰਾਹ, ਅਰਸ਼ਦੀਪ ਸਿੰਘ ਅਤੇ ਹਾਰਦਿਕ ਪਾਂਡਿਆ ਨੇ ਪੂਰਾ ਕੀਤਾ। ਜਸਪ੍ਰੀਤ ਅਤੇ ਅਰਸ਼ਦੀਪ ਨੇ ਦੱਖਣੀ ਅਫਰੀਕਾ ਦੇ ਬੱਲੇਬਾਜ਼ਾਂ ਦੀ ਰਨ ਗਤੀ ਨੂੰ ਧੀਮਾ ਕਰ ਦਿੱਤਾ, ਜਦੋਂ ਕਿ ਹਾਰਦਿਕ ਅੰਤਿਮ ਓਵਰਾਂ ਵਿੱਚ ਤਿੰਨ ਵਿਕਟਾਂ ਝਟਕਾਉਣ ਵਿੱਚ ਕਾਮਯਾਬ ਰਿਹਾ। ਉਸ ਨੇ ਹੈਨਰੀ ਕਲਾਸਿਨ ਅਤੇ ਡੇਵਿਡ ਮਿੱਲਰ ਜਿਹੇ ਧੁਨੰਤਰ ਖਿਡਾਰੀਆਂ ਨੂੰ ਆਊਟ ਕੀਤਾ। ਇਸ ਤੋਂ ਇਲਾਵਾ ਹਾਰਦਿਕ ਪਾਂਡਿਆ ਨੇ ਰਬਾਡਾ ਦਾ ਵੀ ਵਿਕਟ ਹਾਸਲ ਕੀਤਾ। ਇਹ ਤਿੰਨੋਂ ਖਿਡਾਰੀ ਦੱਖਣੀ ਅਫਰੀਕਾ ਨੂੰ ਫਾਈਨਲ ਮੈਚ ਜਿਤਾਉਣ ਦੇ ਸਮਰੱਥ ਸਨ। ਰਬਾਡਾ ਭਾਵੇਂ ਮੁੱਖ ਰੂਪ ਵਿੱਚ ਬਾਲਰ ਹੈ, ਪਰ ਮੌਕਾ ਲੱਗਣ 'ਤੇ ਵੱਡੀਆਂ ਹਿੱਟਾਂ ਮਾਰਨ ਦੇ ਵੀ ਕਾਬਲ ਹੈ, ਜਿਸ ਦੀ ਦੱਖਣੀ ਅਫਰੀਕਾ ਨੂੰ ਅੰਤਲੇ ਪਲਾਂ ਵਿੱਚ ਸਖਤ ਲੋੜ ਸੀ। ਮਿੱਲਰ ਅਤੇ ਕਲਾਸਿਨ ਤਾਂ ਕਿਸੇ ਵੀ ਸਟੇਜ ਤੋਂ ਗੇਮ ਨੂੰ ਪਲਟਣ ਦੇ ਸਮਰੱਥ ਸਨ। ਇਸ ਤਰ੍ਹਾਂ ਦੱਖਣੀ ਅਫਰੀਕਾ ਦੀ ਟੀਮ ਹਿੰਦੋਸਤਾਨ ਦੀ ਟੀਮ ਵੱਲੋਂ ਦਿੱਤਾ ਗਿਆ 177 ਦੌੜਾਂ ਦਾ ਨਿਸ਼ਾਨਾ ਹਾਸਲ ਕਰਨ ਤੋਂ ਸਿਰਫ 7 ਦੌੜਾਂ ਦੇ ਫਾਸਲੇ ਨਾਲ ਖੁੰਝ ਗਈ ਅਤੇ ਕੁੱਲ 169 ਦੌੜਾਂ ਬਣਾ ਕੇ ਆਊਟ ਹੋ ਗਈ।

ਅੰਤਲੀਆਂ 30 ਗੇਂਦਾ ਵਿੱਚ ਦੱਖਣੀ ਅਫਰੀਕਾ ਨੂੰ 30 ਸਕੋਰ ਬਣਾਉਣ ਦੀ ਲੋੜ ਸੀ ਅਤੇ ਹੈਨਰਿਕ ਕਲਾਸਿਨ ਅਤੇ ਡੇਵਿਡ ਮਿੱਲਰ ਕਰੀਜ਼ ਉੱਪਰ ਖੜ੍ਹੇ ਸਨ। ਦੋਵੇਂ ਦੁਨੀਆ ਦੀ ਕਿਸੇ ਵੀ ਗੇਂਦਬਾਜ਼ੀ ਦਾ ਮਜ਼ਾਕ ਬਣਾ ਦੇਣ ਦੇ ਸਮਰੱਥ ਹਨ, ਪਰ ਦੋਵੇਂ ਪਾਂਡਿਯਾ ਦੀਆਂ ਗੇਂਦਾਂ ਦਾ ਸ਼ਿਕਾਰ ਹੋ ਗਏ। ਇਨ੍ਹਾਂ ਦੇ ਜਾਣ ਬਾਅਦ ਦੱਖਣੀ ਅਫਰੀਕਾ ਦੀ ਹਾਰ ਦਿਸਣ ਲੱਗ ਪਈ ਸੀ।

ਆਖਰੀ ਓਵਰ ਵਿੱਚ 16 ਸਕੋਰ ਬਣਾਉਣ ਦੀ ਲੋੜ ਸੀ, ਪਰ ਅਫਰੀਕਨ ਬੱਲੇਬਾਜ਼ੀ ਪੂਰੀ ਤਰ੍ਹਾਂ ਲੜਖੜਾ ਗਈ। ਲਗਦਾ ਹੈ, ਜੋ ਕੁਝ ਪਿਛਲੇ ਸਾਲ ਇੱਕ ਦਿਨਾ ਸੰਸਾਰ ਕੱਪ ਦੇ ਫਾਈਨਲ ਮੈਚ ਵਿੱਚ ਅਸਟਰੇਲੀਆ ਖਿਲਾਫ ਖੇਡਦਿਆਂ ਭਾਰਤ ਨਾਲ ਵਾਪਰਿਆ ਸੀ, ਉਹੋ ਕੁਝ ਇਸ ਵਾਰ ਦੱਖਣੀ ਅਫਰੀਕਾ ਨਾਲ ਵਾਪਰਿਆ। ਸਾਰੇ ਲੀਗ ਮੈਚਾਂ ਵਿੱਚ ਅਜੇਤੂ ਰਹਿ ਕੇ ਫਾਈਨਲ ਵਿੱਚ ਪਹੁੰਚੀ ਦੱਖਣੀ ਅਫਰੀਕਾ ਦੀ ਟੀਮ ਦੇ ਖਿਡਾਰੀ ਇੱਕ ਵੱਡੇ ਮੈਚ ਦਾ ਮਾਨਸਿਕ ਦਬਾਅ ਝੱਲਣ ਦੇ ਕਾਬਲ ਨਹੀਂ ਹੋ ਸਕੇ, ਹਾਲਾਂਕਿ ਟੇਲੈਂਟ ਦੀ ਉਨ੍ਹਾਂ ਕੋਲ ਕੋਈ ਕਮੀ ਨਹੀਂ ਸੀ। ਉਂਝ ਕ੍ਰਿਕਟ ਤਿਲਕਣਬਾਜੀ ਵਾਲੀ ਖੇਡ ਹੈ। ਕਈ ਵਾਰ ਕਿਸਮਤ ਵੀ ਤੁਹਾਨੂੰ ਧੋਖਾ ਦੇ ਜਾਂਦੀ ਹੈ।

ਇਸ ਮੈਚ ਦੇ ਪਹਿਲੇ ਅੱਧ ਵਿੱਚ ਬੈਟਿੰਗ ਕਰਦਿਆਂ ਭਾਰਤੀ ਟੀਮ ਨੇ ਵੀ ਆਪਣੇ 3 ਖਿਡਾਰੀ ਜਲਦੀ-ਜਲਦੀ ਆਊਟ ਕਰਵਾਏ। ਟੀਮ ਦੇ ਕੈਪਟਨ ਰੋਹਿਤ ਸ਼ਰਮਾ 9 ਦੇ ਨਿੱਜੀ ਸਕੋਰ 'ਤੇ ਆਊਟ ਹੋ ਗਏ, ਜਦੋਂ ਕਿ ਰਿਸ਼ਭ ਪੰਤ 0 'ਤੇ, ਸੂਰਯ ਕੁਮਾਰ ਯਾਦਵ ਵੀ 3 ਦੌੜਾਂ ਹੀ ਬਣਾ ਸਕਿਆ। ਇਨ੍ਹਾਂ ਖਿਡਾਰੀਆਂ ਦੇ ਆਊਟ ਹੋਣ ਤੋਂ ਬਾਅਦ ਵਿਰਾਟ ਕੋਹਲੀ ਨੇ ਹਿੰਦੋਸਤਾਨੀ ਪਾਰੀ ਨੂੰ ਸੰਭਾਲਿਆ। ਉਸ ਨੇ 59 ਬਾਲਾਂ ਖੇਡਦਿਆਂ 76 ਦੌੜਾਂ ਬਣਾਈਆਂ। ਉਸ ਤੋਂ ਇਲਾਵਾ ਅਕਸ਼ਰ ਪਟੇਲ ਨੇ ਵੀ ਚੰਗੀ ਬੱਲੇਬਾਜੀ ਕੀਤੀ। ਉਸ ਨੇ ਬਦਕਿਸਮਤੀ ਵੱਸ ਰਨ ਆਊਟ ਹੋਣ ਤੋਂ ਪਹਿਲਾਂ 31 ਗੇਂਦਾਂ ਖੇਡ ਕੇ 47 ਦੌੜਾਂ ਬਣਾਈਆਂ। ਇਨ੍ਹਾਂ ਦੋਹਾਂ ਤੋਂ ਇਲਾਵਾ ਸ਼ਿਵਮ ਦੂਬੇ ਹੀ ਕੁਝ ਸਕੋਰ ਬਣਾਉਣ ਦੇ ਕਾਬਲ ਹੋ ਸਕਿਆ। ਉਹ 27 ਦੇ ਨਿੱਜੀ ਸਕੋਰ 'ਤੇ ਆਊਟ ਹੋਇਆ। ਇਨ੍ਹਾਂ ਤਿੰਨਾਂ ਖਿਡਾਰੀਆਂ ਦੇ ਸਿਰ 'ਤੇ ਹੀ ਹਿੰਦੋਸਤਾਨ ਦੀ ਟੀਮ ਨੇ ਦੱਖਣ ਅਫਰੀਕਾ ਸਾਹਮਣੇ 177 ਦਾ ਨਿਸ਼ਾਨਾ ਰੱਖਿਆ, ਜਦੋਂਕਿ ਟੀਮ ਦੇ ਪ੍ਰਮੁੱਖ ਬੱਲੇਬਾਜ ਜਲਦੀ ਆਊਟ ਹੋ ਗਏ ਸਨ।

ਉਂਝ ਦੱਖਣੀ ਅਫਰੀਕਾ ਦੀ ਸ਼ੁਰੂਆਤ ਵੀ ਲਗਪਗ ਇਸੇ ਕਿਸਮ ਦੀ ਰਹੀ। ਰੀਨ ਹੈਂਡਰਿਕ ਨੂੰ ਜਸਪ੍ਰੀਤ ਬੁਮਰਾਹ ਨੇ ਆਪਣੇ ਪਹਿਲੇ ਓਵਰ ਵਿੱਚ ਹੀ ਬੋਲਡ ਆਊਟ ਕਰ ਦਿੱਤਾ। ਤੀਸਰੇ ਹੀ ਓਵਰ ਵਿੱਚ ਅਰਸ਼ਦੀਪ ਸਿੰਘ ਨੇ ਦੱਖਣੀ ਅਫਰੀਕਾ ਦੇ ਕੈਪਟਨ ਮਾਰਕਰਮ ਨੂੰ ਵਿਕਟਾਂ ਪਿੱਛੇ ਕੈਚ ਕਰਵਾ ਕੇ ਆਊਟ ਕਰ ਦਿੱਤਾ। ਕੁਇੰਟਨ-ਡੀ-ਕਾਕ ਕਈ ਦੇਰ ਤੱਕ ਕਰੀਜ਼ 'ਤੇ ਰਹੇ। ਉਸ ਨੇ 21 ਬਾਲਾਂ ਖੇਡਦਿਆਂ 39 ਦੌੜਾਂ ਬਣਾਈਆਂ। ਹੈਨਰਿਕ ਕਲਾਸਿਨ ਨੇ 27 ਬਾਲਾਂ ਖੇਡਦਿਆਂ 52 ਸਕੋਰ ਬਣਾਏ। ਇਸ ਤੋਂ ਇਲਾਵਾ ਡੇਵਿਡ ਮਿੱਲਰ ਹੀ 21 ਤੱਕ ਪਹੁੰਚ ਸਕੇ। ਬਾਕੀ ਸਾਰੀ ਟੀਮ ਦੋ-ਦੋ ਚਾਰ-ਚਾਰ ਦੌੜਾਂ ਦਾ ਯੋਗਦਾਨ ਹੀ ਪਾ ਸਕੀ। ਉਂਝ ਇਹ ਨਿਹਾਰਨ ਯੋਗ ਸੀ ਕਿ ਦੱਖਣੀ ਅਫਰੀਕਾ ਦੀ ਟੀਮ ਨੇ ਫਾਈਨਲ ਨੂੰ ਬੇਹੱਦ ਦਿਲਚਸਪ ਬਣਾ ਦਿੱਤਾ। ਅੰਤਿਮ ਬਾਲ ਤੱਕ ਦਰਸ਼ਕਾਂ ਦੀ ਦਿਲਚਸਪੀ ਬਣੀ ਹੋਈ ਸੀ। ਮੈਚ ਕਿਸੇ ਵੀ ਪਾਸੇ ਜਾ ਸਕਦਾ ਸੀ, ਪਰ ਦੱਖਣੀ ਅਫਰੀਕਾ ਦੀ ਟੀਮ ਲਈ ਇਹ ਵੀ ਇੱਕ ਦੁਖਦਾਈ ਅਨੁਭਵ ਹੋਵੇਗਾ। ਇੱਕ ਵਾਰ ਫਾਈਨਲ ਖੇਡਣ ਤੋਂ ਇਲਾਵਾ ਇਹ ਟੀਮ ਇੱਕ ਦਿਨਾ ਜਾਂ ਟੀ-20 ਵਰਲਡ ਕੱਪ ਦੇ ਸੈਮੀਫਾਈਨਲ ਵਿੱਚ ਪਹੁੰਚ ਕੇ ਕਈ ਵਾਰ ਹਾਰੀ ਹੈ। ਵੱਡੇ ਟੂਰਨਾਮੈਂਟ ਜਿੱਤਣ ਦਾ ਮਾਨਸਿਕ ਵੱਲ ਤੇ ਬਲ ਇਸ ਟੀਮ ਨੇ ਹਾਲੇ ਹਾਸਲ ਕਰਨਾ ਹੈ। ਦੋਨੋ ਟੀਮਾਂ ਅਜੇਤੂ ਰਹਿ ਕੇ ਇਸ ਵਾਰ ਫਾਈਨਲ ਵਿੱਚ ਪਹੁੰਚੀਆਂ ਸਨ। ਬੈਟਿੰਗ ਅਤੇ ਬਾਲਿੰਗ ਟੇਲੈਂਟ ਦੇ ਮਾਮਲੇ ਵਿੱਚ ਦੋਹਾਂ ਟੀਮਾਂ ਵਿੱਚ ਵਾਲ਼ ਕੁ ਜਿੰਨਾ ਫਰਕ ਵੀ ਨਹੀਂ ਹੈ। ਇਹ ਅਫਰੀਕਨ ਟੀਮ ਨੇ ਫਾਈਨਲ ਵਿੱਚ ਵਿਖਾਇਆ ਵੀ, ਪਰ ਹਿੰਦੋਸਤਾਨੀ ਟੀਮ ਕੋਲ ਵੱਡੇ ਟੂਰਨਾਮੈਂਟ ਜਿੱਤਣ ਦਾ ਤਜ਼ਰਬਾ ਹੈ, ਜਦਕਿ ਦੱਖਣੀ ਅਫਰੀਕਾ ਕੋਲ ਇਹ ਹਾਲੇ ਨਹੀਂ ਹੈ। ਇਹ ਤਜ਼ਰਬਾ ਹੀ ਲਗਦਾ ਹਿੰਦੋਸਤਾਨੀ ਟੀਮ ਦੇ ਕੰਮ ਆਇਆ। ਭਾਰਤੀ ਟੀਮ ਦੇ ਖਿਡਾਰੀਆਂ ਨੇ ਅੰਤਿਮ ਪਲਾਂ ਤੱਕ ਆਸ ਦਾ ਪੱਲਾ ਨਹੀਂ ਛੱਡਿਆ; ਜਦੋਂਕਿ ਅਫਰੀਕੀਆਂ ਦਾ ਵਿਸ਼ਵਾਸ ਡੋਲਦਾ ਨਜ਼ਰ ਆਇਆ। ਇਹੋ ਕੁਝ ਪਿਛਲੇ ਸਾਲ ਇੱਕ ਦਿਨਾ ਵਿਸ਼ਵ ਕੱਪ ਦੇ ਫਾਈਨਲ ਵਿੱਚ ਅਸਟਰੇਲੀਆ ਸਾਹਮਣੇ ਭਾਰਤ ਨਾਲ ਵਾਪਰਿਆ ਸੀ। ਹਿੰਦੋਸਤਾਨੀ ਟੀਮ ਅਸਟਰੇਲੀਆ ਤੋਂ ਬਿਹਤਰ ਹੋਣ ਦੇ ਬਾਵਜੂਦ ਹਾਰ ਗਈ ਸੀ। ਉਂਝ ਅਫਰੀਕਨ ਟੀਮ ਇਸ ਵਾਰ ਦੇ ਫਾਈਨਲ ਵਿੱਚ ਜਿੱਤ ਦੇ ਇੰਨਾ ਨੇੜੇ ਪਹੁੰਚ ਕੇ ਹਾਰੀ ਹੈ ਕਿ ਉਸ ਨੂੰ ਅਗਲੀ ਵਾਰ ਜਿੱਤ ਵਾਲੀ ਲਕੀਰ ਟੱਪਣ ਲਈ ਉਤਸ਼ਾਹ ਜ਼ਰੂਰ ਮਿਲੇਗਾ।

ਇਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ 19 ਨਵੰਬਰ ਨੂੰ ਹੋਇਆ ਇੱਕ ਦਿਨਾ ਵਰਲਡ ਕੱਪ ਦਾ ਫਾਈਨਲ ਹਿੰਦੋਸਤਾਨੀ ਟੀਮ ਅਸਟਰੇਲੀਆਈ ਟੀਮ ਤੋਂ 42 ਬਾਲਾਂ ਬਕਾਇਆ ਰਹਿੰਦਿਆਂ 6 ਵਿਕਟਾਂ ਦੇ ਫਰਕ ਨਾਲ ਹਾਰ ਗਈ ਸੀ; ਪਰ ਇਸ ਵਾਰ ਭਾਰਤ ਨੇ ਅਸਟਰੇਲੀਆ ਨੂੰ ਚੰਗੀ ਤਰ੍ਹਾਂ ਖੜਕਾ ਕੇ ਹਰਾਇਆ। ਇਸ ਟੂਰਨਾਮੈਂਟ ਦੀ ਇੱਕ ਹੋਰ ਦਿਲਚਸਪ ਪ੍ਰਾਪਤੀ ਇਹ ਹੈ ਕਿ ਅਫਗਾਨਿਸਤਾਨ ਦੀ ਟੀ-20 ਕ੍ਰਿਕਟ ਟੀਮ ਆਸਟਰੇਲੀਆ ਵਰਗੇ ਵੱਡੇ ਮੁਲਕਾਂ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਪਹੁੰਚੀ। ਸੈਮੀਫਾਈਨਲ ਵਿੱਚ ਇਹ ਟੀਮ ਦੱਖਣੀ ਅਫਰੀਕਾ ਕੋਲੋਂ ਹਾਰੀ, ਜਦੋਂ ਕਿ ਹਿੰਦੁਸਤਾਨ ਨੇ ਇੰਗਲੈਂਡ ਦੀ ਟੀਮ ਨੂੰ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਇਸ ਟੂਰਨਾਮੈਂਟ ਦੇ ਪਹਿਲੇ ਲੀਗ ਮੁਕਾਬਲੇ ਅਮਰੀਕਾ ਵਿੱਚ ਹੋਏ ਅਤੇ ਬਾਅਦ ਵਿੱਚ ਟੂਰਨਾਮੈਂਟ ਵੈਸਟਇੰਡੀਜ਼ ਵਿੱਚ ਹੋਇਆ। ਦੋਹਾਂ ਮੁਲਕਾਂ ਨੇ ਸਾਂਝੇ ਤੌਰ 'ਤੇ ਇਸ ਟੂਰਨਾਮੈਂਟ ਦਾ ਆਯੋਜਨ ਕੀਤਾ। ਕੈਨੇਡਾ ਤੇ ਅਮਰੀਕਾ ਦੀਆਂ ਟੀਮਾਂ ਨੇ ਵੀ ਇਸ ਟੂਰਨਾਮੈਂਟ ਵਿੱਚ ਹਿੱਸਾ ਲਿਆ ਅਤੇ ਕਈ ਪੰਜਾਬੀ ਨੌਜਵਾਨ ਵੀ ਇਨ੍ਹਾਂ ਦੋਹਾਂ ਟੀਮਾਂ ਵਿੱਚ ਖੇਡਦੇ ਨਜ਼ਰ ਆਏ। ਭਾਰਤ ਦੇ ਗੇਂਦਬਾਜ਼ ਜਸਪ੍ਰੀਤ ਬੁਮਰਾ ਨੂੰ ਮੈਨ ਆਫ ਦਾ ਮੈਚ ਅਤੇ ਪਲੇਅਰ ਆਫ ਦਾ ਟੂਰਨਾਮੈਂਟ ਦਾ ਖਿਤਾਬ ਦਿੱਤਾ ਗਿਆ। ਟੂਰਨਾਮੈਂਟ ਜਿੱਤਣ ਤੋਂ ਬਾਅਦ ਕਪਤਾਨ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਨੇ ਖੇਡ ਦੇ ਟੀ-20 ਫਾਰਮੈਟ ਤੋਂ ਰਿਟਾਇਰਮੈਂਟ ਲੈਣ ਦਾ ਐਲਾਨ ਕਰ ਦਿੱਤਾ। ਦੋਹਾਂ ਖਿਡਾਰੀਆਂ ਨੇ ਕਿਹਾ ਕਿ ਉਹ ਜੋ ਹਾਸਲ ਕਰਨਾ ਚਾਹੁੰਦੇ ਸਨ, ਉਨ੍ਹਾਂ ਨੇ ਕਰ ਲਿਆ ਹੈ। ਇਸ ਲਈ ਰਿਟਾਇਰਮੈਂਟ ਲੈਣ ਦਾ ਇਹ ਠੀਕ ਵਕਤ ਹੈ। ਰੋਹਿਤ ਨੇ ਕਿਹਾ ਕਿ ਉਨ੍ਹਾਂ ਟੀ-20 ਕ੍ਰਿਕਟ ਨਾਲ ਹੀ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ ਅਤੇ ਇਸ ਨੂੰ ਜਿੱਤਣ ਦੇ ਨਾਲ ਹੀ ਅੰਤ ਕਰਨਾ ਚਾਹੁੰਦੇ ਹਨ।



ਜੇਤੂ ਟਰਾਫੀ ਨਾਲ ਵਿਰਾਟ ਕੋਹਲੀ

*ਦੱਖਣੀ ਅਫਰੀਕਾ ਦੀ ਟੀਮ ਸਿਰਫ 7 ਦੌੜਾਂ ਦੇ ਫਰਕ ਨਾਲ ਨਿਸ਼ਾਨਾ ਹਾਸਲ ਕਰਨ ਤੋਂ ਖੁੰਝੀ

*ਕੈਪਟਨ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਨੇ ਟੀ-20 ਫਾਰਮੈਟ ਤੋਂ ਰਿਟਾਇਰਮੈਂਟ ਲਈ

# ਸ਼ਿਕਾਗੋ ਕਬੱਡੀ ਕੱਪ

ਸ਼ੁਰੂ ਹੋ ਜਾਂਦੀ ਹੈ, ਜਦੋਂ ਗਾਇਕੀ ਦੇ ਦੌਰ ਦੌਰਾਨ ਕੁਝ ਲੋਕ ਸਟੇਜ 'ਤੇ ਚੜ੍ਹ ਜਾਣ ਨੂੰ ਕਾਹਲੀ ਕਰਨ ਲੱਗ ਪੈਂਦੇ ਹਨ। ਪ੍ਰਬੰਧਕ ਚਾਹੁੰਦਿਆਂ ਵੀ ਕੁਝ ਅਜਿਹੇ ਸਰੋਤਿਆਂ ਨੂੰ ਸਟੇਜ 'ਤੇ ਚੜ੍ਹਨ ਤੋਂ ਨਹੀਂ ਰੋਕ ਪਾਉਂਦੇ, ਜੋ ਉਨ੍ਹਾਂ ਦੇ ਸਿਫਾਰਸ਼ੀ ਹੁੰਦੇ ਹਨ ਜਾਂ ਸਪਾਂਸਰ ਹੁੰਦੇ ਹਨ। ਇਸ ਨਾਲ ਸਟੇਜ 'ਤੇ ਖਲਲ ਜਿਹਾ ਪੈਣ ਲੱਗ ਜਾਂਦਾ ਹੈ ਅਤੇ ਗਾਇਕੀ ਦਾ ਅਨੰਦ ਮਾਣਦੇ ਲੋਕਾਂ ਦੇ ਮੂਡ ਦੀ ਕਿਰਕਿਰੀ ਹੋ ਜਾਂਦੀ ਹੈ। ਉਂਜ ਗੁਲਾਬ ਸਿੱਧੂ ਦੇ ਗੀਤਾਂ 'ਤੇ ਸਟੇਜ ਉਤੇ ਛਟਾਂਕ ਜਿਹੇ ਸਰੀਰ ਦੇ ਗੱਭਰੂ ਦਾ ਭੰਗੜਾ ਧਿਆਨ ਖਿੱਚ ਰਿਹਾ ਸੀ। ਜਿਸ ਤਰ੍ਹਾਂ ਕਿ ਆਮ ਪੰਜਾਬੀ ਮੇਲਿਆਂ ਵਿੱਚ ਹੁੰਦਾ ਹੈ, ਇਸ ਮੇਲੇ ਵਿੱਚ ਵੀ ਦਾਰੂ ਦਾ ਖੁੱਲ੍ਹਾ ਦੌਰ ਚੱਲ ਰਿਹਾ ਸੀ। ਕੁਝ ਲੋਕ ਤਾਂ ਪੂਰੀ ਲੋਰ ਵਿੱਚ ਸਨ ਅਤੇ ਗੁਲਾਬ ਸਿੱਧੂ ਦੇ ਗੀਤਾਂ ਉਤੇ ਨੱਚ ਵੀ ਰਹੇ ਸਨ। ਸਟੇਜ ਦੇ ਇੱਕ ਪਾਸੇ ਕੁਝ ਬੀਬੀਆਂ ਦਾ ਗਰੁੱਪ ਵੀ ਨੱਚ ਨੱਚ ਆਪਣਾ ਚਾਅ ਲਾਹ ਰਿਹਾ ਸੀ।

ਮੇਲੇ ਦੇ ਚੇਅਰਮੈਨ ਬੱਬੂ ਐਪਲਟਨ ਸਨ ਅਤੇ ਉਨ੍ਹਾਂ ਦੀ ਰਹਿਨੁਮਾਈ ਹੇਠ ਕਲੱਬ ਮੈਂਬਰਾਂ ਨੇ ਕਬੱਡੀ ਕੱਪ ਨੂੰ ਸਫਲ ਬਣਾਉਣ ਲਈ ਭਰਪੂਰ ਮਿਹਨਤ ਕੀਤੀ। ਮੇਲੇ ਦੇ ਮੁੱਖ ਮਹਿਮਾਨ ਅਮਰਜੀਤ ਸਿੰਘ ਢੀਂਡਸਾ ਤੇ ਲਖਬੀਰ ਸਿੰਘ ਢੀਂਡਸਾ ਸਨ। ਇਹ ਮੇਲਾ ਕਲੱਬ ਦੇ ਮਰਹੂਮ ਮੈਂਬਰਾਂ- ਲਖਵਿੰਦਰ ਬਿਹਾਰੀਪੁਰੀ ਅਤੇ ਗੁਰਪ੍ਰੀਤ ਤੂਰ ਦੀ ਯਾਦ ਨੂੰ ਸਮਰਪਿਤ ਸੀ। ਕਲੱਬ ਦੇ ਪ੍ਰਧਾਨ ਹਨੀ ਖੰਗੂੜਾ ਤੇ ਮੀਤ ਪ੍ਰਧਾਨ ਕਮਲਜੀਤ ਸਿੰਘ ਘੁਮਾਣ ਸਮੇਤ ਦੀਪਇੰਦਰ ਸਿੰਘ ਵਿਰਕ, ਜਿੰਦਰ ਬੈਨੀਪਾਲ, ਬਲਜੀਤ ਟਿਵਾਣਾ, ਜਿੰਦੀ ਖੰਗੂੜਾ, ਹਰਪ੍ਰੀਤ ਗਿੱਲ, ਮਿੰਦਰ ਭੱਠਲ, ਜਗਜੀਤ ਨਾਹਲ, ਜੱਸੀ ਗਿੱਲ, ਪਿੰਦੀ ਛੀਨਾ, ਮਨਮੋਹਨ ਸਿੰਘ ਭੱਠਲ, ਵਿੱਕੀ ਸ਼ੰਮੀਪੁਰੀਆ ਤੇ ਹੋਰ ਮੋਹਰੀ ਮੈਂਬਰ ਆਪੋ-ਆਪਣੀਆਂ ਡਿਊਟੀਆਂ 'ਤੇ ਮੁਸ਼ਤੈਦ ਸਨ।

ਸਟੇਜ ਦੇ ਇੱਕ ਪਾਸੇ ਜਦੋਂ ਕੁਝ ਲੋਕਾਂ ਦਰਮਿਆਨ ਤਲਖੀ ਵਾਲਾ ਮਾਹੌਲ ਬਣ ਗਿਆ ਤਾਂ ਢਾਣੀਆਂ ਬਣਾ ਕੇ ਖੜ੍ਹੇ ਲੋਕਾਂ ਦਾ ਧਿਆਨ ਉਨ੍ਹਾਂ ਵੱਲ ਚਲਾ ਗਿਆ। ਇਸ ਤਲਖ-ਕਲਾਮੀ ਵਿੱਚ ਇਕੱਲੇ ਨੌਜਵਾਨ ਹੀ ਸ਼ਾਮਲ ਨਹੀਂ ਸਨ, ਸਗੋਂ ਕੁਝ ਬੀਬੀਆਂ ਦੇ ਸ਼ੁਮਾਰ ਹੋ ਜਾਣ ਕਾਰਨ ਕਿਸੇ ਕੋਝੀ ਹਰਕਤ ਹੋ ਜਾਣ ਦਾ ਖਦਸ਼ਾ ਉਭਰ ਆਇਆ ਸੀ; ਪਰ ਅਜਿਹਾ ਉੱਕਾ ਹੀ ਨਹੀਂ ਸੀ। ਉਂਜ ਗੱਲ ਤੂੰ-ਤੂੰ, ਮੈਂ-ਮੈਂ ਤੋਂ ਵਧ ਕੇ ਗਾਲ੍ਹ-ਮੰਦੇ ਤੱਕ ਪਹੁੰਚ ਗਈ ਸੀ। ਕੁਝ ਸੂਝਵਾਨ ਸੱਜਣ ਦੋਹਾਂ ਧਿਰਾਂ ਨੂੰ ਸ਼ਾਂਤ ਕਰ ਰਹੇ ਸਨ ਅਤੇ ਕੁਝ ਲੋਕਾਂ ਨੇ ਮੌਕੇ ਤੋਂ ਖਿਸਕ ਜਾਣ ਵਿੱਚ ਹੀ ਬਿਹਤਰੀ ਸਮਝੀ ਕਿ ਕਿਤੇ ਕੋਈ ਉਨੀ-ਇੱਕੀ ਨਾ ਹੋ ਜਾਵੇ। ਮਾਮਲਾ ਕੁਝ-ਕੁਝ ਹੱਥੋਪਾਈ ਤੱਕ ਅੱਪੜ ਗਿਆ ਸੀ ਅਤੇ 'ਭੱਜਦਿਆਂ ਨੂੰ ਵਾਹਣ ਇੱਕੋ ਜਿਹੇ' ਦਾ ਦ੍ਰਿਸ਼ ਵੇਖ ਕੇ ਕੁਝ ਦਰਸ਼ਕ ਸਕਤੇ ਵਿੱਚ ਵੀ ਆ ਗਏ ਸਨ। ਇੰਨੇ ਨੂੰ ਸੁਰੱਖਿਆ ਅਤੇ ਪੁਲਿਸ ਮੁਲਾਜ਼ਮਾਂ ਦੇ ਪਹੁੰਚਣ ਨਾਲ ਗੱਲ ਵੱਡੇ ਪੱਧਰ 'ਤੇ ਵਧ ਜਾਣ ਤੋਂ ਬਚਾਅ ਰਿਹਾ, ਯਾਨਿ ਮੇਲੇ 'ਚ 'ਬੀਅ ਦਾ ਲੇਖਾ' ਪੈਂਦਾ ਪੈਂਦਾ ਬਚਿਆ। ਬਾਅਦ ਵਿੱਚ ਪੁਲਿਸ ਮੁਲਾਜ਼ਮ ਕੁਝ ਲੋਕਾਂ ਤੋਂ ਪੁੱਛ-ਗਿੱਛ ਕਰਦੇ ਨਜ਼ਰ ਆਏ।

ਮੇਲੇ ਦੌਰਾਨ ਸਥਾਨਕ ਸੱਭਿਆਚਾਰਕ ਸੰਸਥਾਵਾਂ- ਪੰਜਾਬੀ ਕਲਚਰਲ ਸੁਸਾਇਟੀ (ਪੀ.ਐਚ.ਓ.) ਸ਼ਿਕਾਗੋ, ਸ਼ੇਰ-ਏ-ਪੰਜਾਬ ਸਪੋਰਟਸ ਐਂਡ ਹੈਰੀਟੇਜ ਕਲੱਬ (ਮਿਡਵੈਸਟ) ਸ਼ਿਕਾਗੋ, ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ), ਪੰਜਾਬੀ ਅਮੈਰਿਕਨ ਔਰਗੇਨਾਈਜੇਸ਼ਨ (ਪੀ.ਏ.ਓ.) ਸ਼ਿਕਾਗੋ, ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ, ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਪੰਜਾਬੀ ਹੈਰੀਟੇਜ ਔਰਗੇਨਾਈਜੇਸ਼ਨ (ਪੀ.ਐਚ.ਓ.) ਸ਼ਿਕਾਗੋ, ਪੰਜਾਬੀ ਕਮਿਊਨਿਟੀ ਔਰਗੇਨਾਈਜੇਸ਼ਨ (ਪੀ.ਸੀ.ਓ.) ਮਿਲਵਾਕੀ, ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ (ਸਾਊਥ ਬੈਂਡ, ਇੰਡੀਆਨਾ), ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ (ਵਿਸਕਾਨਸਿਨ) ਸਮੇਤ ਹੋਰਨਾਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਸ਼ਿਕਾਗੋਲੈਂਡ ਤੋਂ ਇਲਾਵਾ ਨੇੜਲੀਆਂ ਸਟੇਟਾਂ ਤੋਂ ਵੀ ਦਰਸ਼ਕ ਪਹੁੰਚੇ ਹੋਏ ਸਨ।







ਅਦਾਲਤਾਂ ਤੱਕ ਪਹੁੰਚੇ

# 'ਕਿੱਸੇ ਅੱਯਾਸ਼ੀ ਦੇ'

***ਅਕਸਰ ਵੱਡਿਆਂ ਘਰਾਂ ਦੇ ਕਾਕਿਆਂ ਦੀਆਂ ਕਰਤੂਤਾਂ ਦੇ ਕਿੱਸੇ, ਛੁਪਾਉਣ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਚਰਚਾ ਵਿੱਚ ਆ ਹੀ ਜਾਂਦੇ ਹਨ। ਪੈਸੇ ਪੱਖੋਂ ਜਾਂ ਸਮਾਜ ਵਿੱਚ ਰੁਤਬੇਦਾਰ ਹੋਣ, ਜਾਂ ਕਿਸੇ ਧਾਰਮਿਕ ਸੰਸਥਾ ਦੀ ਨੁਮਾਇੰਦਗੀ ਕਰਨ ਅਤੇ ਸਿਆਸਤ ਵਿੱਚ ਸਰਗਰਮ ਹੋਣ ਦੇ ਨਜ਼ਰੀਏ ਤੋਂ ਵੱਡੀ ਸ਼ਖਸੀਅਤ ਹੁੰਦਿਆਂ ਵੀ ਉਨ੍ਹਾਂ ਆਪਣੇ 'ਸਪੂਤਾਂ' ਦੇ ਕਾਰਿਆਂ ਕਾਰਨ ਨਕਾਰਾਤਮਿਕ ਚਰਚਿਤ ਹੋ ਜਾਣ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ- ਦੇਸ਼ ਜਾਂ ਸਮਾਜ ਕੋਈ ਵੀ ਹੋਵੇ, ਕਿਸੇ ਵੀ ਧਿਰ ਦੀ ਅੱਯਾਸ਼ੀ ਦੇ ਕਿੱਸੇ ਜ਼ੁਬਾਨ-ਰਸੀ ਦਾ ਸਬੱਬ ਬਣ ਜਾਂਦੇ ਹਨ। ਇਸ ਪੱਖੋਂ ਪੰਜਾਬ ਦੀ ਸਿਆਸਤ ਹੀ ਨਹੀਂ, ਸਗੋਂ ਸੰਸਾਰ ਪੱਧਰ ਦੀ ਰਾਜਨੀਤੀ ਵਿੱਚ ਵੀ ਕਈ ਨਾਂ ਚਰਚਿਤ ਰਹੇ ਹਨ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪੁੱਤ ਹੰਟਰ ਬਾਇਡਨ ਦਾ ਕਿੱਸਾ ਵੀ ਇਨ੍ਹਾਂ ਵਿੱਚੋਂ ਇੱਕ ਹੈ। ਪੇਸ਼ ਹੈ, ਮੀਡੀਆ ਸਰੋਤਾਂ ਤੋਂ ਇਕੱਤਰ ਜਾਣਕਾਰੀ ਦੇ ਆਧਾਰ ਉਤੇ ਇਹ ਲੇਖ...***



ਵਿਲਮਿੰਗਟਨ ਦੀ ਇੱਕ ਅਦਾਲਤ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਹੰਟਰ ਬਾਇਡਨ ਫਸਟ ਲੇਡੀ ਜਿਲ ਬਇਡੇਨ (ਖੱਬੇ) ਅਤੇ ਪਤਨੀ ਮੈਲੀਸਾ ਕੋਹੇਨ ਨਾਲ

**ਸੈਮ ਕੈਬਰਲ**

ਗੈਰ-ਕਾਨੂੰਨੀ ਤੌਰ 'ਤੇ ਬੰਦੂਕ ਰੱਖਣ ਅਤੇ ਖ਼ਰੀਦਣ ਵੇਲੇ ਡਰੱਗਜ਼ ਦੀ ਵਰਤੋਂ ਬਾਰੇ ਝੂਠ ਬੋਲਣ ਦਾ ਦੋਸ਼ੀ ਮੰਨੇ ਜਾਣ 'ਤੇ ਅਮਰੀਕਾ ਦੇ ਰਾਸ਼ਟਰਪਤੀ ਦਾ ਬੇਟਾ ਹੰਟਰ ਬਾਇਡਨ ਕੈਦ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਮੌਜੂਦਾ ਅਮਰੀਕੀ ਆਗੂ ਦੇ ਬੱਚੇ ਨੂੰ ਕਿਸੇ ਫੈਡਰਲ ਅਪਰਾਧ ਵਿੱਚ ਦੋਸ਼ੀ ਮੰਨਿਆ ਗਿਆ ਹੋਵੇ, ਪਰ ਉਹ ਸਤੰਬਰ ਵਿੱਚ ਇੱਕ ਵੱਖਰੇ ਮੁਕੱਦਮੇ 'ਚ ਟੈਕਸ ਸਬੰਧੀ ਦੋਸ਼ਾਂ ਦਾ ਸਾਹਮਣਾ ਕਰਨ ਲਈ ਮੁੜ ਅਦਾਲਤ ਵਿੱਚ ਹੋਵੇਗਾ।

ਪਿਛਲੀਆਂ ਗਰਮੀਆਂ ਵਿੱਚ 54 ਸਾਲਾ ਹੰਟਰ ਬਾਇਡਨ ਜਦੋਂ ਮੁਕੱਦਮਾ ਸੁਲਝਾਉਣ ਅਤੇ ਸਰਕਾਰੀ ਵਕੀਲਾਂ ਨਾਲ ਸਮਝੌਤੇ ਜ਼ਰੀਏ ਜੇਲ੍ਹ ਜਾਣ ਤੋਂ ਬਚਣ ਦੀਆਂ ਚਾਰਾਜੋਈਆਂ ਕਰ ਰਿਹਾ ਸੀ, ਤਾਂ ਉਦੋਂ ਮਸਲਾ ਵੱਖਰਾ ਲੱਗ ਰਿਹਾ ਸੀ; ਪਰ ਡੀਲ ਅਦਾਲਤ ਵਿੱਚ ਸਫ਼ਲ ਨਾ ਹੋ ਸਕੀ ਅਤੇ ਜਾਂਚ ਦੀ ਅਗਵਾਈ ਕਰ ਰਹੇ ਸਰਕਾਰੀ ਵਕੀਲਾਂ ਨੇ ਬੰਦੂਕ ਸਬੰਧੀ ਇਲਜ਼ਾਮ ਲਗਾਏ।

ਦਸੰਬਰ ਵਿੱਚ ਇੱਕ ਹੋਰ ਇਲਜ਼ਾਮ ਮੁਤਾਬਕ ਹੰਟਰ ਨੇ 2016 ਤੋਂ 2019 ਟੈਕਸ ਸਾਲਾਂ ਦਾ ਤਕਰੀਬਨ 14 ਲੱਖ ਡਾਲਰ ਟੈਕਸ ਨਹੀਂ ਭਰਿਆ ਸੀ। ਕੰਗਰੈਸ਼ਨਲ ਰਿਪਬਲਿਕਨਜ਼ ਨੇ ਹੰਟਰ ਵੱਲੋਂ ਕਥਿਤ ਤੌਰ 'ਤੇ ਪਿਤਾ ਦੇ ਅਹੁਦੇ ਦੀ ਦੁਰਵਰਤੋਂ ਦੇ ਇਲਜ਼ਾਮਾਂ ਦੀ ਜਾਂਚ ਕਰਨ ਲਈ ਰਾਸ਼ਟਰਪਤੀ ਬਾਇਡਨ ਲਈ ਮਹਾਂਦੋਸ਼ ਸੁਣਵਾਈ ਵੀ ਕੀਤੀ। ਮਹੀਨਿਆਂ ਤੱਕ ਚੱਲੀ ਇਸ ਜਾਂਚ ਵਿੱਚ ਕੁਝ ਗਲਤ ਨਹੀਂ ਮਿਲਿਆ; ਪਰ ਇਸ ਦਰਮਿਆਨ ਹੰਟਰ ਦੇ ਵਿਅਕਤੀਤਵ ਤੇ ਨਿੱਜੀ ਜ਼ਿੰਦਗੀ ਨਾਲ ਸਬੰਧਤ ਅਲਕੋਹਲ ਤੋਂ ਡਰੱਗਜ਼ ਦੀ ਦੁਰਵਰਤੋਂ ਅਤੇ ਰਿਸ਼ਤੇ ਵਿੱਚ ਝਗੜੇ ਵਰਗੇ ਮਸਲੇ ਖੁੱਲ੍ਹ ਕੇ ਜਨਤਾ ਦੇ ਸਾਹਮਣੇ ਆ ਗਏ।

ਸਾਲ 1970 ਵਿੱਚ ਹੰਟਰ ਡੇਲਾਵੇਅਰ ਦੇ ਵਿਲਮਿੰਗਟਨ ਵਿੱਚ ਜੋਅ ਬਾਇਡਨ ਅਤੇ ਉਨ੍ਹਾਂ ਦੀ ਪਹਿਲੀ ਪਤਨੀ ਨੀਲੀਆ ਦੇ ਘਰ ਜਨਮੇ। ਹੰਟਰ ਦਾ ਨਾਮ ਉਸ ਦੀ ਮਾਂ ਦੇ ਨਾਮ ਪਿੱਛੇ ਰੱਖਿਆ ਗਿਆ। ਦਸੰਬਰ 1972 ਵਿੱਚ ਜਦੋਂ ਉਹ ਮਹਿਜ਼ ਦੋ ਸਾਲ ਦਾ ਸੀ ਅਤੇ ਉਸ ਦੇ ਪਿਤਾ ਦੇ ਅਮਰੀਕਾ ਸੈਨੇਟ ਵਿੱਚ ਚੁਣੇ ਜਾਣ ਨੂੰ ਛੇ ਹਫ਼ਤੇ ਵੀ ਨਹੀਂ ਹੋਏ ਸੀ ਕਿ ਕਾਰ ਦੀ ਟਰੱਕ ਨਾਲ ਟੱਕਰ ਦੌਰਾਨ ਹੰਟਰ ਦੀ ਮਾਂ ਤੇ ਛੋਟੀ ਭੈਣ ਨਾਓਮੀ ਦੀ ਜਾਨ ਚਲੀ ਗਈ ਅਤੇ ਉਹ ਤੇ ਉਸ ਦਾ ਭਰਾ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ। ਜੋਅ ਬਾਇਡਨ ਉਸ ਵੇਲੇ ਕਾਰ ਵਿੱਚ ਨਹੀਂ ਸਨ। ਬਾਇਡਨ ਨੇ ਉਸ ਵੇਲੇ ਹਸਪਤਾਲ ਵਿੱਚ ਆਪਣੇ ਬੱਚਿਆਂ ਕੋਲ ਹੀ ਅਹੁਦੇ ਦੀ ਸਹੁੰ ਚੁੱਕੀ ਸੀ।

ਹੰਟਰ ਨੇ ਹਾਸ਼ੀਏ 'ਤੇ ਪਏ ਭਾਈਚਾਰਿਆਂ ਦੀ ਸੇਵਾ ਕਰਨ ਵਾਲਾ ਇੱਕ ਕੈਥੋਲਿਕ ਗਰੁੱਪ 'ਜੇਸੂਟ ਵਾਲੰਟੀਅਰ ਕੌਰਪਸ' ਜੁਆਇਨ ਕੀਤਾ। ਉੱਥੇ ਉਸ ਦੀ ਮੁਲਾਕਾਤ ਕੈਥਲੀਨ ਬੂਹਲ ਨਾਲ ਹੋਈ, ਜਿਸ ਨਾਲ 1993 ਵਿੱਚ ਉਸ ਨੇ ਵਿਆਹ ਕਰਵਾਇਆ। ਉਨ੍ਹਾਂ ਦੇ ਤਿੰਨ ਬੱਚੇ ਹਨ- ਨਾਓਮੀ, ਫਿਨੇਗਨ ਅਤੇ ਮੇਜ਼ੀ। ਹੰਟਰ ਅਤੇ ਕੈਥਲੀਨ 2017 ਵਿੱਚ ਅਲੱਗ ਰਹਿਣ ਲੱਗੇ ਸਨ।

ਹੰਟਰ ਬਾਇਡਨ ਸਾਲ 2013 ਵਿੱਚ ਅਮਰੀਕਨ ਨੇਵੀ ਰਿਜ਼ਰਵ ਵਿੱਚ ਸ਼ਾਮਲ ਹੋਇਆ ਅਤੇ ਆਪਣੇ ਪਿਤਾ ਸਾਹਮਣੇ ਸਹੁੰ ਚੁੱਕੀ, ਜੋ ਕਿ ਉਸ ਵੇਲੇ ਉਪ-ਰਾਸ਼ਟਰਪਤੀ ਸਨ; ਪਰ ਨੇਵਲ ਬੇਸ 'ਤੇ ਆਪਣੇ ਪਹਿਲੇ ਹੀ ਦਿਨ ਉਹ ਕੋਕੀਨ ਇਸਤੇਮਾਲ ਦੇ ਟੈਸਟ ਵਿੱਚ ਪੌਜ਼ੀਟਿਵ ਪਾਇਆ ਗਿਆ ਅਤੇ ਉਸ ਨੂੰ ਅਹੁਦੇ ਤੋਂ ਲਾਹ ਦਿੱਤਾ ਗਿਆ।

ਨਿਊ ਯਾਰਕ ਟਾਈਮਜ਼ ਮੁਤਾਬਕ 2015 ਵਿੱਚ ਆਪਣੇ ਵੱਡੇ ਭਰਾ ਬਿਊ ਦੀ ਦਿਮਾਗ਼ ਦੇ ਕੈਂਸਰ ਕਾਰਨ ਹੋਈ ਮੌਤ ਤੋਂ ਬਾਅਦ ਹੰਟਰ ਨੇ ਬਹੁਤ ਜ਼ਿਆਦਾ ਸ਼ਰਾਬ ਪੀਤੀ ਅਤੇ ਕਈ ਵਾਰ ਸਿਰਫ਼ ਵੋਡਕਾ ਖ਼ਰੀਦਣ ਲਈ ਹੀ ਘਰੋਂ ਬਾਹਰ ਨਿਕਲਦਾ ਸੀ। ਹੰਟਰ ਦੀ ਬੇਟੀ ਨਾਓਮੀ ਨੇ ਇੱਕ ਵਾਰ ਟਵਿੱਟਰ 'ਤੇ ਲਿਖਿਆ ਸੀ, "ਉਹ ਅਤੇ ਬਿਊ ਇੱਕ ਸਨ। ਇੱਕ ਦਿਲ, ਇੱਕ ਰੂਹ, ਇੱਕ ਮਨ।"

ਤਲਾਕ ਦੌਰਾਨ ਹੰਟਰ ਦੀ ਪਹਿਲੀ ਪਤਨੀ ਕੈਥਲੀਨ ਬੂਹਲ ਨੇ ਇਲਜ਼ਾਮ ਲਾਇਆ ਸੀ ਕਿ "ਹੰਟ ਡਰੱਗਜ਼, ਅਲਕੋਹਲ, ਵੇਸਵਾਵਾਂ, ਸਟਰਿਪ ਕਲੱਬਾਂ ਅਤੇ ਉਨ੍ਹਾਂ ਔਰਤਾਂ ਲਈ ਤੋਹਫ਼ੇ ਖ਼ਰੀਦਣ ਵਿੱਚ ਬਹੁਤ ਪੈਸੇ ਉਜਾੜਦਾ ਹੈ, ਜਿਨ੍ਹਾਂ ਨਾਲ ਉਸ ਦੇ ਜਿਨਸੀ ਸੰਬੰਧ ਸਨ। ਜਿਸ ਕਾਰਨ ਪਰਿਵਾਰ ਕੋਲ ਬਿੱਲ ਭਰਨ ਲਈ ਵੀ ਪੈਸੇ ਨਹੀਂ ਬਚਦੇ ਸਨ।"

ਪਿਛਲੇ ਸਾਲ ਆਪਣੀ ਚੁੱਪੀ ਤੋੜਦਿਆਂ 'ਗੁੱਡ ਮੌਰਨਿੰਗ ਅਮਰੀਕਾ' ਨੂੰ ਕੈਥਲੀਨ ਨੇ 24 ਸਾਲਾ ਵਿਆਹੁਤਾ ਰਿਸ਼ਤੇ ਬਾਰੇ ਕਿਹਾ ਸੀ, "ਉਹ ਨਸ਼ੇ ਦੀ ਭੈੜੀ ਆਦਤ ਨਾਲ ਜੂਝ ਰਿਹਾ ਸੀ। ਇਹ ਬਹੁਤ ਦਿਲ ਤੋੜਨ ਵਾਲਾ ਅਤੇ ਦਰਦਨਾਇਕ ਸੀ ਅਤੇ ਇਹ ਉਹ ਨਹੀਂ ਸੀ, ਜਿਸ ਨਾਲ ਮੈਂ ਵਿਆਹ ਕਰਵਾਇਆ ਸੀ।"

ਸਾਲ 2021 ਵਿੱਚ ਆਪਣੀ ਕਿਤਾਬ 'ਬਿਊਟੀਫੁਲ ਥਿੰਗਜ਼' ਵਿੱਚ ਹੰਟਰ ਨੇ ਲਿਖਿਆ ਕਿ ਉਸ ਦੀ ਬੇਵਫ਼ਾਈ ਉਨ੍ਹਾਂ ਦਾ ਵਿਆਹ ਟੁੱਟਣ ਦਾ ਅੰਤਿਮ ਕਾਰਨ ਸੀ। ਸਾਲ 2019 ਵਿੱਚ ਇੱਕ ਡੀ.ਐੱਨ.ਏ. ਟੈਸਟ ਵਿੱਚ ਪਾਇਆ ਗਿਆ ਕਿ ਉਹ ਅਰਕਾਨਸਸ ਤੋਂ ਇੱਕ ਡਾਂਸਰ ਲੂਡਿਨ ਅਲੈਕਸਿਸ ਰੋਬਰਟਸ ਦੇ ਬੱਚੇ ਦਾ 'ਕਾਨੂੰਨੀ ਅਤੇ ਬਾਇਓਲਾਜੀਕਲ' ਪਿਤਾ ਹੈ। ਆਪਣੀ ਕਿਤਾਬ ਵਿੱਚ ਹੰਟਰ ਦਾਅਵਾ ਕਰਦਾ ਹੈ ਕਿ ਉਸ ਨੂੰ ਮਿਸ ਰੋਬਰਟਸ ਨਾਲ ਸਾਹਮਣਾ ਹੋਣ ਬਾਰੇ ਕੁਝ ਵੀ ਯਾਦ ਨਹੀਂ, ਪਰ ਉਨ੍ਹਾਂ ਮੁਕੱਦਮੇ ਤੋਂ ਬਾਅਦ ਬੱਚੇ ਦੇ ਪਾਲਣ ਪੋਸ਼ਣ ਲਈ ਰਾਸ਼ੀ ਦਿੰਦਾ ਰਿਹਾ। ਬਾਇਡਨ ਪਰਿਵਾਰ ਵਿੱਚੋਂ ਕੋਈ ਵੀ ਹੁਣ ਚਾਰ ਸਾਲ ਦੀ ਹੋ ਚੁੱਕੀ ਨੇਵੀ ਰੋਬਰਟਸ ਨੂੰ ਨਹੀਂ ਮਿਲਿਆ ਸੀ; ਪਰ ਮੀਡੀਆ ਦੇ ਦਬਾਅ ਹੇਠ ਪਿਛਲੀਆਂ ਗਰਮੀਆਂ ਵਿੱਚ ਰਾਸ਼ਟਰਪਤੀ ਬਾਇਡਨ ਨੂੰ ਆਪਣੇ ਸੱਤਵੇਂ 'ਗਰੈਂਡ ਚਾਈਲਡ' ਨੂੰ ਸਵੀਕਾਰ ਕਰਨਾ ਪਿਆ।


ਕੈਥਲੀਨ ਬੂਹਲ ਨਾਲ ਵੱਖਰਾ ਹੋਣ ਦੀ ਕਾਰਵਾਈ ਖ਼ਤਮ ਹੋਣ ਤੋਂ ਪਹਿਲਾਂ ਹੰਟਰ ਦੇ ਸਬੰਧ ਆਪਣੇ ਭਰਾ ਦੀ ਵਿਧਵਾ ਹੈਲੀ ਬਾਇਡਨ ਨਾਲ ਬਣ ਗਏ। ਡੇਲਾਵੇਅਰ ਮੁਕੱਦਮੇ ਵਿੱਚ ਆਪਣਾ ਪੱਖ ਰੱਖਦਿਆਂ ਹੈਲੀ ਬਾਇਡਨ ਨੇ ਬਿਆਨ ਦਿੱਤਾ ਕਿ ਹੰਟਰ ਨੇ ਉਸ ਨੂੰ ਕੋਕੀਨ 'ਕਰੈਕ ਕਰਨਾ' ਸਿਖਾਇਆ ਅਤੇ ਉਸ ਦੀ ਮੌਜੂਦਗੀ ਵਿੱਚ ਉਹ ਡਰੱਗਜ਼ ਲਿਆਉਂਦਾ ਰਿਹਾ ਹੈ।

ਸਾਲ 2018 ਵਿੱਚ ਨਸ਼ਾ ਛੁਡਾਊ ਕੇਂਦਰ ਵਿੱਚ ਦੋ ਮਹੀਨੇ ਬਿਤਾਉਣ ਬਾਅਦ ਹੰਟਰ ਬਾਇਡਨ ਨੇ ਇੱਕ ਬੰਦੂਕ ਖਰੀਦੀ; ਜਿਸ ਬਾਰੇ ਉਸ ਦੀ ਬਚਾਅ ਟੀਮ ਦਾ ਕਹਿਣਾ ਹੈ ਕਿ ਗੰਨ ਸਟੋਰ ਦੇ ਮਾਲਕ ਵੱਲੋਂ ਦਬਾਅ ਪਾਏ ਜਾਣ ਕਾਰਨ ਉਹ ਇੱਕ ਆਵੇਗ ਖਰੀਦ ਲਿਆਇਆ ਸੀ। ਸਰਕਾਰੀ ਵਕੀਲਾਂ ਮੁਤਾਬਕ ਹੰਟਰ ਨੇ ਹਥਿਆਰ ਐਪਲੀਕੇਸ਼ਨ ਫ਼ਾਰਮ ਉਤੇ ਉਸ ਵੇਲੇ ਝੂਠ ਬੋਲਿਆ ਕਿ ਇਸ ਵੇਲੇ ਉਹ ਡਰੱਗਜ਼ ਨਹੀਂ ਲੈ ਰਿਹਾ। ਹੰਟਰ ਬਾਇਡਨ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਹੰਟਰ ਨੇ ਖ਼ੁਦ ਨੂੰ ਨਸ਼ੇੜੀ ਨਹੀਂ ਮੰਨਿਆ ਅਤੇ ਉਸ ਵੇਲੇ ਉਹ ਡਰੱਗਜ਼ ਨਹੀਂ ਲੈ ਰਿਹਾ ਸੀ।

ਹੈਲੀ ਬਾਇਡਨ, ਜਿਸ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੇ ਹੰਟਰ ਬਾਇਡਨ ਦਾ ਡਰੱਗਜ਼ ਦੇ ਇਸਤੇਮਾਲ ਬਾਰੇ ਸਾਹਮਣਾ ਕੀਤਾ ਹੈ ਤੇ ਹੰਟਰ ਦੀ ਕਾਰ ਵਿੱਚੋਂ ਕੋਕੀਨ ਅਤੇ ਹੋਰ ਡਰੱਗਜ਼ ਦਾ ਬਚਿਆ-ਖੁਚਿਆ ਸਮਾਨ ਹਟਾਉਂਦਿਆਂ ਉਸ ਨੂੰ ਅਸਲਾ ਵੀ ਮਿਲਿਆ। ਉਹ ਕਹਿੰਦੀ ਹੈ ਕਿ ਉਹ ਘਬਰਾ ਗਈ ਸੀ ਅਤੇ ਕਾਹਲੀ ਵਿੱਚ ਉਹ ਬੰਦੂਕ ਉਸ ਨੇ ਸ਼ੌਪਿੰਗ ਬੈਗ ਵਿੱਚ ਪਾ ਦਿੱਤੀ ਤੇ ਫਿਰ ਕਚਰੇ ਦੇ ਡੱਬੇ ਵਿੱਚ ਸੁੱਟ ਦਿੱਤੀ; ਇਹ ਅਸਲਾ ਖ਼ਰੀਦਣ ਤੋਂ 11 ਦਿਨ ਬਾਅਦ ਦੀ ਗੱਲ ਹੈ। ਸੁੱਟੀ ਗਈ ਬੰਦੂਕ ਲੱਭਣ ਲਈ ਸਥਾਨਕ ਪੁਲਿਸ, ਐੱਫ.ਬੀ.ਆਈ. ਅਤੇ ਕਚਰੇ ਵਿੱਚੋਂ ਐਲੂਮੀਨੀਅਮ ਤੇ ਪਲਾਸਟਿਕ ਛਾਂਟ ਰਿਹਾ ਇੱਕ ਬਜ਼ੁਰਗ ਸ਼ਾਮਲ ਸੀ।

2019 ਵਿੱਚ ਜੋਅ ਬਾਇਡਨ ਵੱਲੋਂ ਤੀਜੀ ਵਾਰ ਰਾਸ਼ਟਰਪਤੀ ਅਹੁਦੇ ਲਈ ਆਪਣਾ ਨਾਮ ਦੇਣ ਤੋਂ ਹਫ਼ਤੇ ਦੇ ਅੰਦਰ-ਅੰਦਰ ਹੈਲੀ ਅਤੇ ਹੰਟਰ ਦੇ ਆਪਸੀ ਸਹਿਮਤੀ ਨਾਲ ਵੱਖ ਹੋਣ ਦੀਆਂ ਖ਼ਬਰਾਂ ਆਈਆਂ। ਮਹਿਜ਼ ਕੁਝ ਹਫ਼ਤਿਆਂ ਬਾਅਦ ਹੰਟਰ ਨੇ ਅਫਰੀਕਨ ਫ਼ਿਲਮਸਾਜ਼ ਮੈਲੀਸਾ ਕੋਹੇਨ ਨਾਲ ਛੇ ਦਿਨਾਂ ਦੇ ਰੋਮਾਂਸ ਬਾਅਦ ਵਿਆਹ ਕਰਵਾ ਲਿਆ, ਦੋਹਾਂ ਦਾ ਇੱਕ ਬੇਟਾ ਵੀ ਹੈ।

ਮੁਕੱਦਮੇ ਦੌਰਾਨ ਹੰਟਰ ਬਾਇਡਨ ਨੇ ਖੁਦ ਲਈ ਸਟੈਂਡ ਨਹੀਂ ਲਿਆ, ਪਰ ਉਹ ਅਤੇ ਕੁਝ ਪਰਿਵਾਰਕ ਮੈਂਬਰ ਤਿੰਨ ਪਿਛਲੇ ਸਾਥੀਆਂ ਦੇ ਭਾਵੁਕ ਬਿਆਨਾਂ ਦੌਰਾਨ ਬੈਠੇ ਰਹੇ। ਇਨ੍ਹਾਂ ਵਿੱਚ ਕੈਥਲੀਨ ਬੂਹਲ ਅਤੇ ਉਸ ਦੀ ਬੇਟੀ ਨਾਓਮੀ ਨੇ ਵੀ ਬਿਆਨ ਦਿੱਤਾ। ਸਾਲ 2019 ਵਿੱਚ ਆਪਣੇ ਸੰਘਰਸ਼ ਬਾਰੇ ਹੰਟਰ ਨੇ ਕਿਹਾ ਸੀ, "ਤੁਹਾਨੂੰ ਇਸ ਤੋਂ ਛੁਟਕਾਰਾ ਨਹੀਂ ਮਿਲਦਾ, ਤੁਹਾਨੂੰ ਇਸ ਨਾਲ ਨਜਿੱਠਣਾ ਆ ਜਾਂਦਾ ਹੈ।" 'ਬਿਊਟੀਫੁੱਲ ਥਿੰਗਜ਼' ਵਿੱਚ ਉਹ ਆਪਣੇ ਬਚਾਅ ਦਾ ਸਿਹਰਾ ਪਰਿਵਾਰ ਦੇ ਪਿਆਰ ਸਿਰ ਬੰਨ੍ਹਦਾ ਹੈ।



ਹੰਟਰ ਬਾਇਡਨ ਆਪਣੇ ਪਿਤਾ ਰਾਸ਼ਟਰਪਤੀ ਜੋਅ ਬਾਇਡਨ ਨਾਲ ਅਤੇ (ਸੱਜੇ) ਉਸ ਦੀ ਸਾਬਕਾ ਪਤਨੀ ਕੈਥਲੀਨ ਬੂਹਲ

ਪਿਛਲੇ ਸਾਲਾਂ ਵਿੱਚ ਹੰਟਰ ਨੇ ਥੈਰੇਪੀ ਵਜੋਂ ਪੇਂਟਿੰਗ ਕੀਤੀ। ਉਸ ਨੇ ਨਿਊ ਯਾਰਕ ਟਾਈਮਜ਼ ਨੂੰ ਦੱਸਿਆ, "ਇਹ ਮੈਨੂੰ ਉਨ੍ਹਾਂ ਲੋਕਾਂ ਅਤੇ ਥਾਂਵਾਂ ਤੋਂ ਦੂਰ ਰੱਖਦੀ ਹੈ, ਜਿੱਥੇ ਮੈਨੂੰ ਨਹੀਂ ਹੋਣਾ ਚਾਹੀਦਾ।" ਪਰ ਉਸ ਦੇ ਆਰਟਵਰਕ ਦਾ ਇੱਕ ਪੀਸ 5 ਲੱਖ ਡਾਲਰ ਤੱਕ ਦਾ ਵਿਕਣ ਨੇ ਵ੍ਹਾਈਟ ਹਾਊਸ ਲਈ ਇੱਕ ਨੈਤਿਕ ਦੁਚਿੱਤੀ ਪੈਦਾ ਕਰ ਦਿੱਤੀ ਹੈ।

ਰਾਸ਼ਟਰਪਤੀ ਬਾਇਡਨ ਨੇ ਕਈ ਮੌਕਿਆਂ 'ਤੇ ਆਪਣੇ ਪੁੱਤ ਦਾ ਬਚਾਅ ਕੀਤਾ ਹੈ, ਜਿਸ ਵਿੱਚ 2020 ਵਿੱਚ ਡੋਨਲਡ ਟਰੰਪ ਨਾਲ ਰਾਸ਼ਟਰਪਤੀ ਅਹੁਦੇ ਦੀ ਜ਼ੋਰਦਾਰ ਬਹਿਸ ਵੀ ਸ਼ਾਮਲ ਹੈ। ਮੁਕੱਦਮੇ ਤੋਂ ਪਹਿਲਾਂ ਉਨ੍ਹਾਂ ਨੇ ਇੱਕ ਬਿਆਨ ਜਾਰੀ ਕੀਤਾ, "ਮੈਂ ਇੱਕ ਰਾਸ਼ਟਰਪਤੀ ਹਾਂ, ਪਰ ਮੈਂ ਇੱਕ ਪਿਤਾ ਵੀ ਹਾਂ ਤੇ ਮੈਂ ਆਪਣੇ ਬੇਟੇ ਨੂੰ ਬਹੁਤ ਪਿਆਰ ਕਰਦੇ ਹਾਂ ਅਤੇ ਉਹ ਅੱਜ ਜੋ ਵੀ ਹੈ, ਸਾਨੂੰ ਉਸ ਉੱਤੇ ਮਾਣ ਹੈ।" ਪਰ ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਅਦਾਲਤ ਹੰਟਰ ਬਾਇਡਨ ਨੂੰ ਦੋਸ਼ੀ ਪਾਉਂਦੀ ਹੈ ਤਾਂ ਉਹ ਮਾਫ਼ੀ ਦੀ ਉਮੀਦ ਨਾ ਕਰੇ।

ਹੰਟਰ ਨੇ ਕਿਸ਼ੋਰ ਉਮਰ ਵਿੱਚ ਹੀ ਪੀਣੀ ਸ਼ੁਰੂ ਕਰ ਦਿੱਤੀ ਸੀ ਅਤੇ ਕਾਲਜ ਦੇ ਦਿਨਾਂ ਵਿੱਚ ਕੋਕੀਨ ਦਾ ਨਸ਼ਾ ਕਰਨ ਦੀ ਗੱਲ ਵੀ ਕਬੂਲੀ। ਯੇਲ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਹੰਟਰ ਨੇ ਡੇਲਾਵੇਅਰ ਦੀ ਇੱਕ ਬੈਂਕ ਹੋਲਡਿੰਗ ਕੰਪਨੀ ਐੱਮ.ਬੀ.ਐੱਨ.ਏ. ਅਮਰੀਕਾ ਵਿੱਚ ਕੰਮ ਕੀਤਾ। ਡੇਲਾਵੇਅਰ ਵਿੱਚ ਸਭ ਤੋਂ ਵੱਡੀਆਂ ਕੰਪਨੀਆਂ ਵਿੱਚੋਂ ਇੱਕ ਅਤੇ ਸਿਆਸੀ ਮੁਹਿੰਮਾਂ ਦੇ ਖ਼ਾਸ ਸਹਿਯੋਗੀ ਇਸ ਬੈਂਕ ਨਾਲ ਜੋਅ ਬਾਇਡਨ ਦੇ ਨਜ਼ਦੀਕੀ ਸਬੰਧਾਂ ਕਰਕੇ ਹੰਟਰ ਨੂੰ 'ਦ ਸੈਨੇਟਰ ਫ਼ਰੌਮ ਐੱਮ.ਬੀ.ਐਨ.ਏ.' ਉਪਨਾਮ ਵੀ ਦਿੱਤਾ ਗਿਆ। ਜਦੋਂ ਹੰਟਰ ਨੂੰ ਐਗਜ਼ਿਕਿਊਟਿਵ ਵਾਈਸ-ਪ੍ਰੈਜ਼ੀਡੈਂਟ ਦੇ ਅਹੁਦੇ 'ਤੇ ਪ੍ਰਮੋਟ ਕੀਤਾ ਗਿਆ, ਜੋਅ ਬਾਇਡਨ ਨੇ ਸੈਨੇਟ ਜ਼ਰੀਏ ਦੀਵਾਲੀਆਪਨ ਸੁਧਾਰ ਕਾਨੂੰਨ ਲਿਆਂਦਾ।

2000ਵਿਆਂ ਦੀ ਸ਼ੁਰੂਆਤ ਵਿੱਚ ਜਦੋਂ ਹੰਟਰ ਹਾਲੇ ਬੈਂਕ ਤੋਂ ਕੰਸਲਟਿੰਗ ਫ਼ੀਸ ਲੈ ਰਿਹਾ ਸੀ, ਹੰਟਰ ਨੇ ਵਾਸ਼ਿੰਗਟਨ ਲੌਬਿੰਗ ਪ੍ਰੈਕਟਿਸ ਦੀ ਸ਼ੁਰੂਆਤ ਕੀਤੀ। ਪੋਲਿਟਿਕੋ ਮੈਗਜ਼ੀਨ ਮੁਤਾਬਕ, "ਇਸ ਨੇ ਹੰਟਰ ਨੂੰ ਉਹ ਗਾਹਕ ਦਿੱਤੇ, ਜਿਨ੍ਹਾਂ ਦੀਆਂ ਰੁਚੀਆਂ ਉਸ ਦੇ ਪਿਤਾ ਦੀ ਕਮੇਟੀ ਦੇ ਕੰਮਾਂ ਅਤੇ ਲੈਜਿਸਲੇਟਿਵ ਤਰਜੀਹਾਂ ਨਾਲ ਓਵਰਲੈਪ ਕਰਦੀਆਂ ਸਨ।"

ਸਾਲ 2006 ਵਿੱਚ ਤਤਕਾਲੀ ਸੈਨੇਟਰ ਜੋਅ ਬਾਇਡਨ ਜੋ ਕਿ ਸੈਨੇਟ ਦੇ ਵਿਦੇਸ਼ੀ ਸੰਬੰਧਾਂ ਬਾਰੇ ਕਮੇਟੀ ਦੀ ਚੇਅਰਮੈਨਸ਼ਿਪ ਹਾਸਿਲ ਕਰਨ ਲਈ ਤਿਆਰ ਸਨ, ਨੇ ਹੰਟਰ ਅਤੇ ਇੱਕ ਹੋਰ ਰਿਸ਼ਤੇਦਾਰ ਨੇ ਮਿਲ ਕੇ ਹੈੱਜ ਫੰਡ ਗਰੁੱਪ ਦੀ ਖਰੀਦ ਕੀਤੀ। ਪੈਰਾਡਿਗਮ ਗਲੋਬਲ ਐਡਵਾਈਜ਼ਰ ਦਾ ਕਾਰਜਕਾਲ ਬਰਾਕ ਓਬਾਮਾ ਦੀ 2008 ਵਿੱਚ ਰਾਸ਼ਟਰਪਤੀ ਅਤੇ ਜੋਅ ਬਾਇਡਨ ਦੇ ਉਪ-ਰਾਸ਼ਟਰਪਤੀ ਦੀ ਚੋਣ ਹੋਣ ਨਾਲ ਵਧਿਆ।

ਇਸ ਸਮੇਂ ਦੌਰਾਨ ਫੰਡ ਕਈ ਕਥਿਤ ਧੋਖੇਬਾਜ਼ਾਂ ਨਾਲ ਜੋੜਿਆ ਗਿਆ, ਜਿਨ੍ਹਾਂ ਵਿੱਚ ਅਮਰੀਕਨ ਇਤਿਹਾਸ ਦੀ ਸਭ ਤੋਂ ਵੱਡੀ ਪੂੰਜੀ ਸਕੀਮ ਚਲਾਉਣ ਦੇ ਇਲਜ਼ਾਮਾਂ ਵਿੱਚ ਘਿਰੇ ਟੈਕਸਸ ਦਾ ਇੱਕ ਫਾਈਨਾਂਸਰ ਵੀ ਸ਼ਾਮਲ ਹੈ। ਦੂਜੇ ਪਾਸੇ ਬਾਇਡਨ ਪਰਿਵਾਰ ਨੇ ਕਿਸੇ ਤਰ੍ਹਾਂ ਦੇ ਗ਼ਲਤ ਕੰਮਾਂ ਦੇ ਇਲਜ਼ਾਮਾਂ ਨੂੰ ਨਕਾਰਿਆ ਅਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਦੋਸ਼ਾਂ ਦਾ ਸਾਹਮਣਾ ਨਹੀਂ ਕਰਨਾ ਪਿਆ। ਸਾਲ 2010 ਵਿੱਚ ਉਨ੍ਹਾਂ ਨੇ ਨਿਵੇਸ਼ਕਾਂ ਨੂੰ ਪੈਸੇ ਵਾਪਸ ਕਰ ਦਿੱਤੇ।

ਪਿਤਾ ਦੇ ਉਪ-ਰਾਸ਼ਟਰਪਤੀ ਹੁੰਦਿਆਂ ਹੰਟਰ ਦੇ ਵਿਦੇਸ਼ੀ ਕਾਰੋਬਾਰਾਂ ਬਾਰੇ ਪਿਛਲੇ ਸਾਲਾਂ ਵਿੱਚ ਕਾਫੀ ਚਰਚਾ ਰਹੀ ਹੈ। 2013 ਵਿੱਚ ਉਸ ਨੇ ਚੀਨੀ ਪ੍ਰਾਈਵੇਟ ਇਕੁਇਟੀ ਫ਼ਰਮ ਕੰਪਨੀ ਬੀ.ਐੱਚ.ਆਰ. ਵਿੱਚ ਫਾਊਂਡਿੰਗ ਬੋਰਡ ਸੀਟ ਲੈ ਲਈ। ਪਹਿਲਾਂ ਅਨਪੇਡ ਮੈਂਬਰ ਵਜੋਂ ਅਤੇ ਫਿਰ ਫੰਡ ਵਿੱਚ 10 ਫੀਸਦੀ ਇਕੁਇਟੀ ਸਟੇਕ ਨਾਲ। ਹੰਟਰ ਵੱਲੋਂ ਆਪਣੇ ਉਪ-ਰਾਸ਼ਟਰਪਤੀ ਪਿਤਾ ਦੇ ਚੀਨ ਦੌਰੇ 'ਤੇ ਨਾਲ ਜਾਣ ਅਤੇ ਬੀ.ਐੱਚ.ਆਰ. ਦੇ ਚੀਫ ਐਗਜ਼ਿਕਿਊਟਿਵ ਨੂੰ ਕੌਫ਼ੀ 'ਤੇ ਮਿਲਣ ਦੇ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਸ਼ੰਘਾਈ ਵਿੱਚ ਇਹ ਕੰਪਨੀ ਰਜਿਸਟਰ ਹੋਈ ਸੀ।

ਪਿਤਾ ਦੇ ਅਹੁਦਾ ਛੱਡਣ ਤੋਂ ਬਾਅਦ ਹੰਟਰ ਨੇ ਚੀਨੀ ਤੇਲ ਕੰਪਨੀ ਮਾਲਿਕ ਯੇ ਜੀਆਨਮਿੰਗ ਨਾਲ ਲੂਈਸਿਆਨਾ ਵਿੱਚ ਕੁਦਰਤੀ ਗੈਸ ਪ੍ਰੋਜੈਕਟ ਲਈ ਪਾਰਟਰਨਸ਼ਿਪ ਕਰ ਲਈ। ਯੇ ਜੀਆਨਮਿੰਗ ਨੂੰ ਚੀਨੀ ਅਧਿਕਾਰੀਆਂ ਵੱਲੋਂ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਵਿੱਚ ਗ੍ਰਿਫਤਾਰ ਕਰ ਲੈਣ ਅਤੇ ਫਿਰ ਉਸ ਦੇ ਲਾਪਤਾ ਹੋ ਜਾਣ ਬਾਅਦ ਡੀਲ ਫ਼ੇਲ੍ਹ ਹੋ ਗਈ।

ਹੰਟਰ ਦੀਆਂ ਯੂਕਰੇਨ ਵਿੱਚ ਡੀਲਾਂ ਨੇ ਹੋਰ ਵਿਵਾਦਾਂ ਨੂੰ ਜਨਮ ਦਿੱਤਾ, ਕਿਉਂਕਿ ਉਸ ਦੇ ਪਿਤਾ ਅਮਰੀਕਾ-ਯੂਕਰੇਨ ਰਿਸ਼ਤਿਆਂ ਬਾਰੇ ਓਬਾਮਾ ਸਰਕਾਰ ਦੇ ਨੁਮਾਇੰਦੇ ਸਨ। ਸਾਲ 2014 ਵਿੱਚ ਉਸ ਨੇ ਯੂਕਰੇਨੀਅਨ ਐਨਰਜੀ ਕੰਪਨੀ ਬੁਰਸਿਮਾ ਹੋਲਡਿੰਗਜ਼ ਜੁਆਇਨ ਕਰ ਲਈ, ਜਿੱਥੇ ਉਸ ਨੂੰ ਪ੍ਰਤੀ ਸਾਲ ਕਰੀਬ 12 ਲੱਖ ਡਾਲਰ ਅਦਾ ਕੀਤਾ ਜਾਂਦਾ ਸੀ। ਭ੍ਰਿਸ਼ਟਾਚਾਰ ਰੋਕੂ ਮੁਹਿੰਮ ਦੇ ਹਿੱਸੇ ਵਜੋਂ ਉਪ-ਰਾਸ਼ਟਰਪਤੀ ਜੋਅ ਬਾਇਡਨ ਉਸ ਵੇਲੇ ਚੋਟੀ ਦੇ ਸਰਕਾਰੀ ਵਕੀਲ ਵਿਕਟਰ ਸ਼ੋਕਿਨ ਨੂੰ ਕੱਢਣ ਲਈ ਰੈਲੀ ਕਰ ਰਹੇ ਸਨ। ਸ਼ੋਕਿਨ ਨੂੰ 2016 ਵਿੱਚ ਪਾਰਲੀਮੈਂਟ ਨੇ ਅਹੁਦੇ ਤੋਂ ਲਾਹ ਦਿੱਤਾ ਗਿਆ ਸੀ, ਪਰ ਆਲੋਚਕਾਂ ਦੀ ਦਲੀਲ ਹੈ ਕਿ ਬੁਰਸਿਮਾ ਬਾਰੇ ਜਾਂਚ ਕਰਨ ਦੇ ਨਤੀਜੇ ਵਜੋਂ ਹੀ ਸ਼ੋਕਿਨ ਦੀ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਗਿਆਨ-ਵਿਗਿਆਨ



**ਡਾ. ਪੀ. ਐੱਸ. ਤਿਆਗੀ**
ਫੋਨ: +91-9855446519


# ਮੁਰਗੀ ਪਹਿਲਾਂ ਆਈ ਜਾਂ ਅੰਡਾ?

ਅਸੀਂ ਅਕਸਰ ਲੋਕਾਂ ਨੂੰ ਇੱਕ ਪੁਰਾਣੀ ਬੁਝਾਰਤ ਬਾਰੇ ਗੱਲ ਕਰਦੇ ਸੁਣਦੇ ਹਾਂ- ਅੰਡਾ ਪਹਿਲਾਂ ਆਇਆ ਜਾਂ ਮੁਰਗੀ? ਲੋਕ ਹੋਰਾਂ ਦੇ ਗਿਆਨ ਦਾ ਨਿਰਣਾ ਕਰਨ ਲਈ ਇਹ ਸਵਾਲ ਵਿਅੰਗ ਨਾਲ ਪੁੱਛਦੇ ਹਨ। ਇਹ ਇੱਕ ਸਦੀਆਂ ਪੁਰਾਣੀ ਦੁਬਿਧਾ ਹੈ, ਜਿਸਨੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਸਿਰ ਖੁਰਕਣ ਲਈ ਮਜਬੂਰ ਕੀਤਾ ਹੈ। ਯੂਨਾਨੀ ਦਾਰਸ਼ਨਿਕ ਪਲੂਟਾਰਕ ਨੇ ਲਗਭਗ 100 ਈਸਵੀ ਵਿੱਚ ਸਿਮਪੋਜ਼ੀਆਕਸ ਨਾਮੀਂ ਇੱਕ ਲੇਖ ਵਿੱਚ ਇਸ ਸਵਾਲ ਦੀ ਚਰਚਾ ਕੀਤੀ ਸੀ। ਉਦੋਂ ਤੋਂ ਇਹ ਦਿਲਚਸਪੀ ਦਾ ਸਵਾਲ ਬਣ ਗਿਆ ਹੈ। ਇਹ ਇੱਕ ਸਧਾਰਨ ਸਵਾਲ ਹੈ, ਪਰ ਜੇ ਅੰਡਾ ਪਹਿਲਾਂ ਆਇਆ ਤਾਂ ਕਿਸਨੇ ਦਿੱਤਾ? ਆਖ਼ਰਕਾਰ ਅੰਡੇ ਮੁਰਗੀਆਂ ਤੋਂ ਆਉਂਦੇ ਹਨ ਅਤੇ ਜੇਕਰ ਮੁਰਗੀ ਪਹਿਲਾਂ ਆਈ ਤਾਂ ਕਿੱਥੋਂ ਆਈ? ਕਿਉਂਕਿ ਮੁਰਗੀ ਅੰਡੇ ਤੋਂ ਨਿਕਲਦੀ ਹੈ।

ਅਸਲ ਵਿੱਚ 'ਚਿਕਨ ਐਂਡ ਐੱਗ' ਇੱਕ ਅਲੰਕਾਰਿਕ ਵਿਸ਼ੇਸ਼ਣ ਹੈ, ਜੋ ਸਥਿਤੀਆਂ ਦਾ ਵਰਣਨ ਕਰਦਾ ਹੈ, ਜਿੱਥੇ ਇਹ ਸਪੱਸ਼ਟ ਨਹੀਂ ਹੁੰਦਾ ਕਿ ਦੋ ਘਟਨਾਵਾਂ ਵਿੱਚੋਂ ਕਿਸ ਨੂੰ ਕਾਰਨ ਮੰਨਿਆ ਜਾਣਾ ਚਾਹੀਦਾ ਹੈ ਅਤੇ ਕਿਸ ਨੂੰ ਪ੍ਰਭਾਵ ਮੰਨਿਆ ਜਾਣਾ ਚਾਹੀਦਾ ਹੈ। ਅੰਡੇ-ਮੁਰਗੀ ਦੇ ਸਵਾਲ ਵਿੱਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਅਸੀਂ ਸਿਰਫ਼ ਮੁਰਗੀ ਦੇ ਅੰਡੇ ਬਾਰੇ ਗੱਲ ਕਰ ਰਹੇ ਹਾਂ ਜਾਂ ਅਸੀਂ ਕਿਸੇ ਵੀ ਜਾਨਵਰ ਦੇ ਅੰਡੇ ਬਾਰੇ ਗੱਲ ਕਰ ਰਹੇ ਹਾਂ! ਇਸ ਲੇਖ ਵਿਚ ਅਸੀਂ ਦੋਵਾਂ ਤਰੀਕਿਆਂ ਨਾਲ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗੇ- ਮੁਰਗੀ ਦਾ ਆਂਡਾ ਪਹਿਲਾਂ ਆਇਆ ਜਾਂ ਕੋਈ ਵੀ ਆਂਡਾ ਪਹਿਲਾਂ ਆਇਆ।

ਪਹਿਲਾਂ ਅਸੀਂ ਇਹ ਮੰਨ ਲਈਏ ਕਿ ਅਸੀਂ ਆਮ ਅੰਡੇ ਦੀ ਗੱਲ ਕਰ ਰਹੇ ਹਾਂ; ਖਾਸ ਕਰ ਮੁਰਗੀ ਦੇ ਅੰਡੇ ਦੀ ਨਹੀਂ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਿਰਫ ਮੁਰਗੀ ਹੀ ਨਹੀਂ, ਜਾਨਵਰਾਂ ਦਾ ਇੱਕ ਪੂਰਾ ਸਮੂਹ ਹੈ, ਜੋ ਆਪਣੀ ਸੰਤਾਨ ਨੂੰ ਜਾਰੀ ਰੱਖਣ ਲਈ ਅੰਡੇ ਦਿੰਦੇ ਹਨ; ਜਿਵੇਂ ਕਿ ਕੀੜੇ-ਮਕੌੜੇ, ਪੰਛੀ, ਮੱਛੀਆਂ ਅਤੇ ਡੱਡੂ, ਕਿਰਲੀਆਂ, ਸੱਪ ਆਦਿ। ਗੁਰਬਾਣੀ ਅਨੁਸਾਰ 'ਅੰਡਜ ਜੇਰਜ ਸੇਤਜ ਕੀਨੀ॥ ਉਤਭੁਜ ਖਾਨ ਬਹੁਰ ਰਚ ਦੀਨੀ॥' ਪਰਮਾਤਮਾ ਨੇ ਚਾਰ ਪ੍ਰਕਾਰ ਦੇ ਜੀਵ ਪੈਦਾ ਕੀਤੇ ਹਨ, ਜਿਨ੍ਹਾਂ ਵਿੱਚੋਂ ਅੰਡੇ ਦੇਣ ਵਾਲੇ ਇੱਕ ਕਿਸਮ ਹਨ। ਪਹਿਲਾਂ ਵਿਕਸਿਤ ਹੋਏ ਜਾਨਵਰ ਜਿਵੇਂ ਕੀੜੇ-ਮਕੌੜੇ, ਮੱਛੀਆਂ, ਡੱਡੂ ਆਦਿ ਪਾਣੀ ਵਿੱਚ ਹੀ ਅੰਡੇ ਦੇ ਸਕਦੇ ਸਨ, ਕਿਉਂਕਿ ਅੰਡੇ ਸਖ਼ਤ ਖ਼ੋਲ ਤੋਂ ਬਿਨਾ ਸਨ। ਅੰਡੇ ਦੇਣ ਵਾਲੇ ਜਾਨਵਰ ਜੋ ਬਾਅਦ ਵਿੱਚ ਵਿਕਸਿਤ ਹੋਏ, ਜਿਵੇਂ ਕਿ ਕਿਰਲੀਆਂ, ਸੱਪ ਅਤੇ ਪੰਛੀ- ਸਖ਼ਤ ਖ਼ੋਲ ਦੀ ਮੌਜੂਦਗੀ ਕਾਰਨ ਜ਼ਮੀਨ 'ਤੇ ਅੰਡੇ ਦੇ ਸਕਦੇ ਸਨ। ਅਜਿਹੇ ਅੰਡੇ ਨੂੰ ਐਮਨੀਓਟਿਕ ਕਿਹਾ ਜਾਂਦਾ ਹੈ। ਮੁਰਗੀ ਅਜਿਹੀ ਕਿਸਮ ਦਾ ਪੰਛੀ ਹੈ, ਜੋ ਐਮਨੀਓਟਿਕ ਅੰਡੇ ਦਿੰਦੀ ਹੈ।

ਜੈਵਿਕ ਰਿਕਾਰਡਾਂ ਅਨੁਸਾਰ ਐਮਨੀਓਟਿਕ ਅੰਡੇ ਲਗਭਗ 340 ਮਿਲੀਅਨ ਸਾਲ ਪਹਿਲਾਂ ਪੈਦਾ ਹੋਏ ਸਨ ਅਤੇ ਪਹਿਲੀ ਮੁਰਗੀ ਲਗਭਗ 58 ਹਜ਼ਾਰ ਸਾਲ ਪਹਿਲਾਂ ਪੈਦਾ ਹੋਈ ਸੀ। ਜੇਕਰ ਅਸੀਂ ਉਪਰੋਕਤ ਤੱਥ ਤੋਂ ਅੰਡੇ-ਮੁਰਗੀ ਦੀ ਬੁਝਾਰਤ ਨੂੰ ਵੇਖੀਏ ਤਾਂ ਯਕੀਨੀ ਤੌਰ 'ਤੇ ਮੁਰਗੀ ਤੋਂ ਪਹਿਲਾਂ ਆਂਡਾ ਆਇਆ ਸੀ। ਮੁਰਗੀਆਂ ਦੀ ਹੋਂਦ ਤੋਂ ਪਹਿਲਾਂ ਹੀ ਅੰਡੇ ਮੌਜੂਦ ਸਨ। ਜੇਕਰ ਅਸੀਂ ਇਸ ਮਾਮਲੇ ਨੂੰ ਧਾਰਮਿਕ ਕੋਣ ਤੋਂ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਹਿੰਦੂ ਮਿਥਿਹਾਸ ਬ੍ਰਹਮਾਨੰਦ ਪੁਰਾਣ ਅਨੁਸਾਰ ਪਰਮਾਤਮਾ ਨੇ ਸੰਸਾਰ ਦੀ ਰਚਨਾ ਕਰਨ ਦੀ ਇੱਛਾ ਰੱਖਦਿਆਂ ਇੱਕ ਅੰਡਾ ਪੈਦਾ ਕੀਤਾ, ਜਿਸਨੂੰ ਸੋਨੇ ਦਾ ਅੰਡਾ ਜਾਂ ਬ੍ਰਹਿਮੰਡੀ ਅੰਡਾ ਕਿਹਾ ਜਾਂਦਾ ਹੈ। ਇਸ ਅੰਡੇ ਤੋਂ ਬ੍ਰਹਮਾ ਜੀ ਪ੍ਰਗਟ ਹੋਏ, ਜਿਨ੍ਹਾਂ ਨੇ ਸਾਰੇ ਬ੍ਰਹਿਮੰਡ ਦੀ ਰਚਨਾ ਕੀਤੀ। ਭਾਵੇਂ ਇਸ ਅੰਡੇ ਦੀ ਤੁਲਨਾ ਮੁਰਗੀ ਦੇ ਅੰਡੇ ਨਾਲ ਨਹੀਂ ਕੀਤੀ ਜਾ ਸਕਦੀ, ਪਰ ਫਿਰ ਵੀ ਜੇਕਰ ਅਸੀਂ ਸਿਰਫ਼ ਅੰਡਾ ਸ਼ਬਦ ਨੂੰ ਹੀ ਵਿਚਾਰੀਏ ਤਾਂ ਵੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅੰਡਾ ਸ਼ਬਦ ਪਹਿਲਾਂ ਆਇਆ ਸੀ।



ਆਉ, ਹੁਣ ਦੂਜੇ ਦ੍ਰਿਸ਼ਟੀਕੋਣ ਤੋਂ ਮੁਰਗੀ ਅਤੇ ਅੰਡੇ ਦੀ ਬੁਝਾਰਤ ਦੀ ਵਿਆਖਿਆ ਕਰੀਏ, ਜੋ ਸਿਰਫ ਮੁਰਗੀ ਦੇ ਅੰਡੇ ਦਾ ਹਵਾਲਾ ਦਿੰਦੀ ਹੈ- ਸਾਰੇ ਅੰਡੇ ਨਹੀਂ। ਇਸ ਸਥਿਤੀ ਵਿੱਚ ਜਵਾਬ ਬਹੁਤ ਵੱਖਰਾ ਹੈ। ਵਿਕਾਸਵਾਦ ਦੇ ਸਿਧਾਂਤ ਦੇ ਅਨੁਸਾਰ ਮੱਛੀਆਂ ਧਰਤੀ ਉੱਤੇ ਪ੍ਰਗਟ ਹੋਣ ਵਾਲੇ ਪਹਿਲੇ ਰੀੜ੍ਹ ਦੀ ਹੱਡੀ ਵਾਲੇ ਜਾਨਵਰ ਸਨ, ਪਰ ਉਹ ਸਿਰਫ਼ ਪਾਣੀ ਵਿੱਚ ਰਹਿ ਸਕਦੇ ਸਨ। ਮੱਛੀਆਂ ਨੇ ਉੱਨਤ ਜਾਨਵਰਾਂ ਨੂੰ ਜਨਮ ਦਿੱਤਾ, ਜਿਨ੍ਹਾਂ ਨੂੰ ਉਭੀਵੀਆਂ (Amphibians) ਕਿਹਾ ਜਾਂਦਾ ਹੈ, ਜਿਵੇਂ ਕਿ ਡੱਡੂ। ਉਹ ਪਾਣੀ ਦੇ ਨਾਲ-ਨਾਲ ਜ਼ਮੀਨ 'ਤੇ ਵੀ ਰਹਿ ਸਕਦੇ ਸਨ। ਇਸ ਤੋਂ ਬਾਅਦ ਕਿਰਲੀ, ਸੱਪ, ਕੱਛੂ, ਡਾਇਨਾਸੌਰ ਵਰਗੇ ਜਾਨਵਰਾਂ ਦੇ ਸਮੂਹ ਦਾ ਵਿਕਾਸ ਹੋਇਆ। ਜਿਵੇਂ ਕਿ ਅਸੀਂ ਹੁਣ ਜਾਣਦੇ ਹਾਂ ਕਿ ਇਹ ਡਾਇਨਾਸੌਰਸ ਦੀ ਇੱਕ ਲਾਈਨ ਸੀ, ਜਿਸ ਨੇ ਆਖ਼ਰਕਾਰ ਚਿਕਨ (ਮੁਰਗੀ) ਸਮੇਤ ਪੰਛੀਆਂ ਦੀਆਂ ਬਹੁਤ ਸਾਰੀਆਂ ਕਿਸਮਾਂ ਨੂੰ ਜਨਮ ਦਿੱਤਾ, ਜੋ ਅਸੀਂ ਅੱਜ ਦੇਖਦੇ ਹਾਂ।

ਇਸ ਤਰ੍ਹਾਂ ਵਿਕਾਸਵਾਦ ਦੇ ਸਿਧਾਂਤ ਅਨੁਸਾਰ ਕਿਸੇ ਵੀ ਸਮੂਹ ਦੇ ਜਾਨਵਰਾਂ ਦੀਆਂ ਜਾਤੀਆਂ ਜਿਵੇਂ ਮੱਛੀਆਂ, ਉਭੀਵੀਆਂ, ਰੀਂਗਣ ਵਾਲੇ ਜੀਵ ਆਦਿ ਨੇ ਆਪਣੇ ਸਰੀਰ ਦੀ ਬਣਤਰ ਵਿੱਚ ਮਾਮੂਲੀ ਜਾਂ ਵੱਡੀਆਂ ਤਬਦੀਲੀਆਂ ਦਾ ਵਿਕਾਸ ਕੀਤਾ ਅਤੇ ਇੱਕ ਨਵੀਂ ਪ੍ਰਜਾਤੀ ਨੂੰ ਜਨਮ ਦਿੱਤਾ। ਇਸੇ ਤਰ੍ਹਾਂ ਮੁਰਗੀਆਂ ਸਮੇਤ ਪੰਛੀ ਆਪਣੇ ਸਰੀਰ ਦੀ ਬਣਤਰ ਅਤੇ ਜੀਵਨ ਢੰਗ ਵਿੱਚ ਤਬਦੀਲੀਆਂ ਕਰਕੇ ਭਿਆਨਕ ਕਿਰਲੀਆਂ ਡਾਇਨਾਸੌਰਸ ਤੋਂ ਵਿਕਸਿਤ ਹੋਏ। ਵਿਕਾਸਵਾਦ ਤੋਂ ਬਾਅਦ ਉਨ੍ਹਾਂ ਨੇ ਆਪਣੀ ਔਲਾਦ ਦੇ ਪ੍ਰਸਾਰ ਲਈ ਅੰਡੇ ਦੇਣਾ ਸ਼ੁਰੂ ਕਰ ਦਿੱਤਾ। ਹੁਣ ਜੇ ਅਸੀਂ ਵਿਕਾਸਵਾਦ ਦੇ ਸਿਧਾਂਤ ਅਨੁਸਾਰ ਆਪਣੇ ਮੂਲ ਸਵਾਲ ਦਾ ਵਿਸ਼ਲੇਸ਼ਣ ਕਰੀਏ ਕਿ ਪਹਿਲਾਂ ਕੌਣ ਆਇਆ- ਮੁਰਗੀ ਦਾ ਅੰਡਾ ਜਾਂ ਮੁਰਗੀ ਤਾਂ ਅਸੀਂ ਯਕੀਨੀ ਤੌਰ 'ਤੇ ਕਹਿ ਸਕਦੇ ਹਾਂ ਕਿ ਮੁਰਗੀ ਪਹਿਲਾਂ ਆਈ। ਜਾਨਵਰਾਂ ਦੀਆਂ ਬਹੁਤੀਆਂ ਕਿਸਮਾਂ ਦੇ ਉਲਟ ਆਧੁਨਿਕ ਚਿਕਨ ਕੁਦਰਤੀ ਤੌਰ 'ਤੇ ਵਿਕਾਸ ਦੁਆਰਾ ਵਿਕਸਿਤ ਨਹੀਂ ਹੋਇਆ ਸੀ। ਇਸ ਦੀ ਬਜਾਇ ਇਹ ਪਾਲਤੂਤਾ ਦਾ ਨਤੀਜਾ ਹੈ। ਇਹ ਇੱਕ ਪ੍ਰਕਿਰਿਆ ਹੈ, ਜਿੱਥੇ ਮਨੁੱਖ ਚੁਣੇ ਹੋਏ ਜਾਨਵਰਾਂ ਨੂੰ ਅਜਿਹੀ ਕਿਸਮ ਬਣਾਉਣ ਲਈ ਪੈਦਾ ਕਰਦੇ ਹਨ, ਜੋ ਵਧੇਰੇ ਨਿਪੁੰਨ ਅਤੇ ਵਧੇਰੇ ਲੋੜੀਂਦੇ ਹੋਣ।

ਖੋਜਕਾਰਾਂ ਦਾ ਮੰਨਣਾ ਹੈ ਕਿ ਲਾਲ ਜੰਗਲੀ ਕੁੱਕੜ ਹਜ਼ਾਰਾਂ ਸਾਲ ਪਹਿਲਾਂ ਮਨੁੱਖਾਂ ਵੱਲ ਖਿੱਚੇ ਗਏ ਸਨ, ਜਦੋਂ ਲੋਕਾਂ ਨੇ ਚਾਵਲ ਅਤੇ ਹੋਰ ਅਨਾਜ ਦੀ ਖੇਤੀ ਸ਼ੁਰੂ ਕੀਤੀ ਸੀ। ਮਨੁੱਖ ਨੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨਾ ਸ਼ੁਰੂ ਕਰ ਦਿੱਤਾ। ਕਈ ਪੀੜ੍ਹੀਆਂ ਤੋਂ ਇਨ੍ਹਾਂ ਪਾਲਤੂ ਪੰਛੀਆਂ ਦੇ ਵੰਸ਼ਜ ਉਨ੍ਹਾਂ ਦੀਆਂ ਆਪਣੀਆਂ ਉਪ-ਜਾਤੀਆਂ ਬਣ ਗਏ। ਤਕਨੀਕੀ ਤੌਰ 'ਤੇ, ਪਹਿਲੀ ਮੁਰਗੀ ਇੱਕ ਚੋਣਵੇਂ ਨਸਲ ਦੇ ਜੰਗਲੀ ਪੰਛੀ ਦੇ ਅੰਡੇ ਤੋਂ ਨਿਕਲੀ ਹੋਵੇਗੀ। ਜਦੋਂ ਇਹ ਮੁਰਗੀ ਜਿਨਸੀ ਤੌਰ 'ਤੇ ਪਰਿਪੱਕ ਹੋ ਗਈ ਤਾਂ ਇਸ ਨੇ ਅੰਡੇ ਦੇਣੇ ਸ਼ੁਰੂ ਕਰ ਦਿੱਤੇ। ਇਸ ਦਾ ਮਤਲਬ ਇਹ ਹੈ ਕਿ ਮੁਰਗੀ ਪਹਿਲਾਂ ਆਈ ਅਤੇ ਮੁਰਗੀ ਦਾ ਅੰਡਾ ਬਾਅਦ ਵਿੱਚ ਆਇਆ।

ਇੰਗਲੈਂਡ ਦੀਆਂ ਸ਼ੈਫੀਲਡ ਅਤੇ ਵਾਰਵਿਕ ਯੂਨੀਵਰਸਿਟੀਆਂ ਦੇ ਵਿਗਿਆਨੀਆਂ ਨੇ ਇਸ ਪੁਰਾਣੀ ਬੁਝਾਰਤ ਨੂੰ ਤੋੜਨ ਦਾ ਦਾਅਵਾ ਕੀਤਾ ਹੈ, ਜੋ ਸਾਬਤ ਕਰਦਾ ਹੈ ਕਿ ਮੁਰਗੀ ਪਹਿਲਾਂ ਆਈ ਸੀ। ਖੋਜਕਾਰਾਂ ਨੇ ਪਾਇਆ ਕਿ ਅੰਡੇ ਦੇ ਖੋਲ ਦਾ ਗਠਨ ਸਿਰਫ ਇੱਕ ਮੁਰਗੀ ਦੇ ਅੰਡਾਸ਼ਯ ਵਿੱਚ ਪਾਏ ਜਾਣ ਵਾਲੇ ਪ੍ਰੋਟੀਨ 'ਤੇ ਨਿਰਭਰ ਕਰਦਾ ਹੈ। ਇਹ ਵਿਸ਼ੇਸ਼ ਪ੍ਰੋਟੀਨ ਜਿਸਨੂੰ OC-17 ਕਿਹਾ ਜਾਂਦਾ ਹੈ, ਅੰਡੇ ਦੇ ਸ਼ੈੱਲ ਦੇ ਵਿਕਾਸ ਨੂੰ ਤੇਜ਼ ਕਰਨ ਲਈ ਇੱਕ ਉਤਪ੍ਰੇਰਕ ਵਜੋਂ ਕੰਮ ਕਰਦਾ ਹੈ। ਇਸ ਲਈ ਆਂਡਾ ਤਾਂ ਹੀ ਮੌਜੂਦ ਹੋ ਸਕਦਾ ਹੈ, ਜੇਕਰ ਇਹ ਇੱਕ ਮੁਰਗੀ ਦੇ ਅੰਦਰ ਹੋਵੇ।

ਇਸ ਲੇਖ ਵਿਚਲੀ ਚਰਚਾ ਤੋਂ ਅਸੀਂ ਹੁਣ ਸਪੱਸ਼ਟ ਤੌਰ 'ਤੇ ਕਹਿ ਸਕਦੇ ਹਾਂ ਕਿ ਜੇ ਅਸੀਂ ਆਮ ਅੰਡੇ 'ਤੇ ਵਿਚਾਰੀਏ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੰਡਾ ਪਹਿਲਾਂ ਆਇਆ ਸੀ; ਪਰ ਜੇਕਰ ਅਸੀਂ ਮੁਰਗੀ ਦੇ ਅੰਡੇ 'ਤੇ ਵਿਚਾਰ ਕਰੀਏ ਤਾਂ ਅਸੀਂ ਯਕੀਨੀ ਤੌਰ 'ਤੇ ਕਹਿ ਸਕਦੇ ਹਾਂ ਕਿ ਮੁਰਗੀ ਪਹਿਲਾਂ ਆਈ ਸੀ।

***ਖੇਤੀਬਾੜੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ (ਜਲੰਧਰ)***

# ਰਾਜਨੀਤੀ ਦਾ ਜਾਤੀਕਰਨ

## ਲੋਕਤੰਤਰ ਲਈ ਵੱਡੇ ਖ਼ਤਰੇ ਦਾ ਰੂਪ ਧਾਰ ਰਿਹਾ ਜਾਤੀਵਾਦ

ਵਿਚਾਰ



**ਹਰਦੀਪ ਸਿੰਘ ਹੈਪੀ ਪੰਡਵਾਲਾ**
ਫੋਨ: +91-9814095400

ਪੰਜਾਬ ਦੀ ਧਰਤੀ 'ਤੇ ਪੁਰਾਤਨ ਸਮੇਂ ਹੀ ਗੁਰੂਆਂ-ਪੀਰਾਂ ਦੀ ਆਮਦ ਨਾਲ ਜਾਤੀਵਾਦ ਖ਼ਿਲਾਫ਼ ਸੰਘਰਸ਼ ਸ਼ੁਰੂ ਹੋ ਗਿਆ ਸੀ। ਇਸ ਧਰਤੀ ਨੂੰ ਦਸ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ। ਇਸ ਕਰਕੇ ਇੱਥੇ ਸਿੱਖ ਧਰਮ ਦੇ ਲੋਕਾਂ ਦੀ ਗਿਣਤੀ ਵੀ ਵੱਧ ਹੈ। ਪੰਜਾਬ 'ਤੇ ਰਾਜ ਵੀ ਸਿੱਖ ਧਰਮ ਨਾਲ ਜੁੜੇ ਆਗੂ ਹੀ ਕਰ ਰਹੇ ਹਨ; ਉਹ ਗੱਲ ਵੱਖਰੀ ਹੈ ਕਿ ਸਿੱਖ ਆਗੂਆਂ ਉੱਤੇ ਗੈਰ-ਸਿੱਖ ਸਿਆਸਤਦਾਨਾਂ ਦਾ ਦਬਦਬਾ ਵਧੇਰੇ ਹੈ!

ਸਿੱਖ ਧਰਮ ਲਈ ਗੁਰਬਾਣੀ 'ਚੋਂ ਮਿਲੇ ਉਪਦੇਸ਼ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ 'ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ' ਰਾਹੀਂ ਜਾਤ-ਪਾਤ ਅਤੇ ਹੋਰ ਕਰਮ ਕਾਂਡਾਂ ਤੋਂ ਵਰਜਿਆ ਗਿਆ ਹੈ; ਪਰ ਪੰਜਾਬ ਦੀ ਵਾਂਗਡੋਰ ਸਾਂਭਣ ਵਾਲੇ ਆਗੂ ਹੀ ਜਾਤ-ਪਾਤ ਨੂੰ ਵਧਾਵਾ ਦੇ ਕੇ ਗੁਰੂ ਸਾਹਿਬ ਦੇ ਬਚਨਾਂ ਤੋਂ ਮੁਨਕਰ ਹੁੰਦੇ ਜਾਪਦੇ ਹਨ, ਕਿਉਂਕਿ ਧਰਮ ਨਿਰਪੱਖਤਾ ਦਾ ਹੋਕਾ ਦੇਣ ਵਾਲੇ ਨੇਤਾਵਾਂ ਵਲੋਂ ਹੀ ਆਪਣੇ ਨਾਂ ਦੇ ਨਾਲ ਜਾਤ-ਗੋਤ ਲਾ ਜਾਤਾਂ ਦੀਆਂ ਵਲਗਣਾਂ ਬਣਾਈਆਂ ਹੋਈਆਂ ਹਨ। ਦੂਜੇ ਬੰਨੇ ਕੁਝ ਅਜਿਹੇ ਨੇਤਾ ਵੀ ਹਨ, ਜਿਨ੍ਹਾਂ ਦੀ ਜਾਤ-ਗੋਤ ਬਾਬਤ ਨਵੀਂ ਪੀੜ੍ਹੀ ਨੂੰ ਬਹੁਤਾ ਪਤਾ ਹੀ ਨਹੀਂ। ਉਨ੍ਹਾਂ ਆਗੂਆਂ 'ਚ ਮਰਹੂਮ ਪ੍ਰਤਾਪ ਸਿੰਘ ਕੈਰੋਂ, ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਚਰਨਜੀਤ ਸਿੰਘ ਚੰਨੀ ਆਦਿ ਨਾਂ ਲਏ ਜਾ ਸਕਦੇ ਹਨ। ਇਨ੍ਹਾਂ ਆਗੂਆਂ ਵੱਲੋਂ ਆਪਣੇ ਨਾਂ ਨਾਲ ਜਾਤ ਲਾਉਣ ਦੀ ਥਾਂ ਆਪਣੇ ਜੱਦੀ ਪਿੰਡਾਂ ਦੇ ਨਾਂ ਵਰਤੇ ਗਏ ਹਨ, ਜਿਸ ਕਾਰਨ ਵੱਡੀ ਗਿਣਤੀ ਲੋਕਾਂ ਨੂੰ ਅੱਜ ਵੀ ਇਨ੍ਹਾਂ ਦੀ ਜਾਤ ਜਾਂ ਗੋਤ ਬਾਰੇ ਜਾਣਕਾਰੀ ਨਹੀਂ ਹੈ। ਅਜਿਹੇ ਨੇਤਾ ਹਰੇਕ ਤਬਕੇ ਦੇ ਲੋਕਾਂ ਤੱਕ ਬੇਝਿਜਕ ਪਹੁੰਚ ਕਰਦੇ ਨੇ, ਪਰ ਜਦੋਂ ਜਾਤ-ਗੋਤ ਨੂੰ ਵਧਾਵਾ ਦੇਣ ਵਾਲੇ ਗ਼ੈਰ ਜਾਤ ਤਬਕੇ ਕੋਲ ਵੋਟਾਂ ਲਈ ਪਹੁੰਚ ਕਰਦੇ ਹਨ ਤਾਂ ਲੋਕਾਂ 'ਚ ਅਜਿਹੇ ਲੀਡਰਾਂ ਪ੍ਰਤੀ ਇੱਕ ਜਾਤ ਧਿਰ ਨਾਲ ਜੁੜੇ ਹੋਣ ਦਾ ਸੰਦੇਸ਼ ਜਾਂਦਾ ਹੈ। ਵੋਟਾਂ ਸਬੰਧਤ ਜਾਤ ਤਬਕੇ ਕੋਲੋਂ ਹੀ ਨਹੀਂ, ਬਲਕਿ ਸਮੁੱਚੇ ਪੰਜਾਬ 'ਚੋਂ ਹਾਸਲ ਕਰਨੀਆਂ ਹੁੰਦੀਆਂ ਹਨ।

ਗੱਲ ਕਰੀਏ ਤਾਂ ਪੰਜਾਬ ਦਾ 1966 'ਚ ਮੁੜਗਠਨ ਹੋਣ ਤੋਂ ਹੀ ਸੂਬੇ ਦੀ ਸਿਆਸਤ ਵਿੱਚ ਤਕਰੀਬਨ ਪੂਰੀ ਤਰ੍ਹਾਂ ਜੱਟ ਸਿੱਖ ਭਾਈਚਾਰੇ ਦਾ ਕਬਜ਼ਾ ਰਿਹਾ ਹੈ। ਥੋੜ੍ਹੇ ਸਮੇਂ ਲਈ ਗੁਰਮੁਖ ਸਿੰਘ ਮੁਸਾਫ਼ਿਰ (ਨਵੰਬਰ 1966 ਤੋਂ ਮਾਰਚ 1967) ਅਤੇ ਗਿਆਨੀ ਜੈਲ ਸਿੰਘ (1972-77) ਨੂੰ ਛੱਡ ਕੇ ਬਾਕੀ ਸਾਰੇ ਹੀ ਮੁੱਖ ਮੰਤਰੀ ਜੱਟ ਸਿੱਖ ਹੋਏ ਹਨ। ਸੂਬੇ ਦੀ ਬਹੁਤੀ ਵਾਹੀਯੋਗ ਜ਼ਮੀਨ 'ਤੇ ਉਨ੍ਹਾਂ ਦਾ ਕਬਜ਼ਾ ਹੈ ਤੇ ਉਹੀ ਵਾਹੁੰਦੇ ਹਨ ਅਤੇ ਇਕੱਲੇ ਇੱਕ ਜਾਤ ਭਾਈਚਾਰੇ ਵਜੋਂ ਸ਼ਾਇਦ ਉਨ੍ਹਾਂ ਦੀ ਆਬਾਦੀ ਹੋਰ ਕਿਸੇ ਜਾਤ ਸਮੂਹ ਤੋਂ ਵੱਡੀ ਹੈ। ਇਸ ਦੇ ਨਾਲ ਹੀ ਇਹ ਖੇਤਰੀ ਅਰਥਚਾਰੇ ਵਿੱਚ ਖੇਤੀ ਦੀ ਪ੍ਰਧਾਨਤਾ ਦਾ ਵੀ ਪ੍ਰਗਟਾਵਾ ਹੈ।

ਦੂਜੇ ਪਾਸੇ ਅਨੁਸੂਚਿਤ ਜਾਤਾਂ ਪੰਜਾਬ ਦੀ ਕੁੱਲ ਆਬਾਦੀ ਦੇ 32 ਫ਼ੀਸਦੀ ਹਿੱਸੇ ਤੋਂ ਵੀ ਵੱਧ ਬਣਦੀਆਂ ਹਨ। ਇਹ 39 ਦੇ ਕਰੀਬ ਵੱਖੋ-ਵੱਖ ਜਾਤਾਂ ਨੂੰ ਮਿਲਾ ਕੇ ਬਣਦੀਆਂ ਹਨ। ਇਕੱਠਿਆਂ ਉਨ੍ਹਾਂ ਦੀ ਆਬਾਦੀ ਜੇ ਜੱਟਾਂ ਤੋਂ ਵੱਧ ਨਹੀਂ, ਤਾਂ ਉਨ੍ਹਾਂ ਦੇ ਬਰਾਬਰ ਜ਼ਰੂਰ ਹੋਵੇਗੀ। ਪੰਜਾਬ ਦੀ ਸਿਆਸਤ 'ਤੇ 21 ਫ਼ੀਸਦੀ ਜੱਟ ਭਾਈਚਾਰਾ ਛਾਇਆ ਹੋਇਆ ਹੈ। ਇੱਥੇ ਮੁਸਲਿਮ ਭਾਈਚਾਰੇ ਦੀ ਵੋਟ ਕਰੀਬ 2 ਫ਼ੀਸਦੀ ਹੈ। ਬਾਕੀ ਦੇਸ਼ ਵਾਂਗ ਪੰਜਾਬ ਵਿੱਚ ਵੀ ਧਰਮ ਅਤੇ ਜਾਤ ਆਧਾਰਿਤ ਰਾਜਨੀਤੀ ਖੇਡੀ ਜਾ ਰਹੀ ਹੈ।

ਹੱਦਬੰਦੀ ਕਮਿਸ਼ਨ 2008 ਦੀ ਰਿਪੋਰਟ ਮੁਤਾਬਕ ਲੋਕ ਸਭਾ ਦੀਆਂ ਕੁੱਲ 543 ਸੀਟਾਂ 'ਚੋਂ ਅਨੁਸੂਚਿਤ ਜਾਤੀ ਲਈ 84 ਅਤੇ ਅਨੁਸੂਚਿਤ ਜਨਜਾਤੀ ਲਈ 47 ਸੀਟਾਂ ਰਾਖਵੀਆਂ ਹਨ, ਜੋ ਰਾਜਨੀਤੀ ਦੇ ਜਾਤੀਕਰਨ ਦਾ ਪ੍ਰਤੱਖ ਸਬੂਤ ਹੈ। ਚੋਣਾਂ ਦੀ ਮਹੱਤਤਾ ਨੂੰ ਦੇਖਦਿਆਂ ਸੰਵਿਧਾਨ ਮੁਤਾਬਕ ਚੋਣ ਆਯੋਗ ਦੀ ਸਥਾਪਨਾ ਕੀਤੀ ਗਈ ਹੈ ਤਾਂ ਕਿ ਚੋਣਾਂ ਸੁਤੰਤਰ ਅਤੇ ਨਿਰਪੱਖ ਢੰਗ ਨਾਲ ਹੋ ਸਕਣ। ਚੋਣਾਂ ਸਮੇਂ ਵੋਟ ਪ੍ਰਣਾਲੀ ਨੂੰ ਕਈ ਤੱਤ ਪ੍ਰਭਾਵਿਤ ਕਰਦੇ ਹਨ, ਜਿਨ੍ਹਾਂ 'ਚੋਂ ਜਾਤ-ਪਾਤ ਨੂੰ ਮੂਹਰਲੀ ਕਤਾਰ ਦਾ ਤੱਤ ਮੰਨਿਆ ਜਾਂਦਾ ਹੈ। ਚੋਣਾਂ ਸਮੇਂ ਰਾਜਨੀਤਕ ਦਲ ਆਪਣਾ ਮਨੋਰਥ ਪੂਰਾ ਕਰਨ ਲਈ ਜਾਤੀ ਭਾਵਨਾਵਾਂ ਨੂੰ ਭੜਕਾਉਂਦੇ ਹਨ। ਬੇਸ਼ੱਕ ਜਾਤ ਆਧਾਰਿਤ ਬਣੇ ਕਿਸੇ ਵੀ ਰਾਜਨੀਤਕ ਦਲ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ, ਪਰ ਫੇਰ ਵੀ ਜ਼ਿਆਦਾਤਰ ਸਿਆਸੀ ਲੋਕ ਆਪਣੇ ਨਾਂ ਦੇ ਪਿੱਛੇ ਗੋਤ-ਜਾਤ ਲਿਖ ਕੇ ਉਸ ਤਬਕੇ, ਖਿੱਤੇ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਵਿਉਂਤ ਰਚਦੇ ਹਨ। ਸਿਧਾਂਤਕ ਤੌਰ 'ਤੇ ਸਾਰੀਆਂ ਹੀ ਸਿਆਸੀ ਪਾਰਟੀਆਂ ਜਾਤ-ਪਾਤ ਵਿਰੋਧੀ ਹਨ, ਪਰ ਨਾਮਜ਼ਦਗੀ ਸਮੇਂ ਪਾਰਟੀਆਂ ਇਹ ਜ਼ਰੂਰ ਵੇਖਦੀਆਂ ਹਨ ਕਿ ਕਿਹੜੇ ਖੇਤਰ 'ਚ ਕਿਹੜੀ ਜਾਤ ਦੇ ਲੋਕਾਂ ਦਾ ਬਹੁਮਤ ਹੈ ਅਤੇ ਉਥੇ ਉਸ ਜਾਤ ਨਾਲ ਸਬੰਧਤ ਵਿਅਕਤੀ ਨੂੰ ਹੀ ਨਾਮਜ਼ਦ ਕੀਤਾ ਜਾਂਦਾ ਹੈ।

ਚੋਣਾਂ ਸਮੇਂ ਜਾਤ-ਪਾਤ ਦਾ ਵਧਦਾ ਪ੍ਰਭਾਵ ਰਾਜਨੀਤੀ ਨੂੰ ਹੀ ਨਹੀਂ, ਬਲਕਿ ਸਮਾਜਿਕ ਏਕਤਾ ਨੂੰ ਵੀ ਨੇਸਤੋਨਾਬੂਦ ਕਰ ਰਿਹਾ ਹੈ। ਲੋਕਤੰਤਰੀ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਆਮ ਲੋਕਾਂ ਨੂੰ ਇਸ ਸਬੰਧੀ ਲੋੜੀਂਦੀ ਜਾਣਕਾਰੀ ਦੇਣ ਅਤੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣਾ ਵੋਟ ਉਸ ਪਾਰਟੀ ਜਾਂ ਵਿਅਕਤੀ ਨੂੰ ਦੇਣ ਜੋ ਸਿਧਾਂਤਵਾਦੀ ਹੋਵੇ ਤੇ ਸਮਾਜ ਦੇ ਭਲੇ ਲਈ ਕੰਮ ਕਰੇ। ਨਾ ਕਿ ਅਜਿਹੇ ਵਿਅਕਤੀ ਨੂੰ, ਜੋ ਸਮਾਜ ਨੂੰ ਜਾਤ-ਪਾਤ ਦੇ ਆਧਾਰ 'ਤੇ ਵੰਡਦਾ ਹੋਵੇ। ਜਾਤੀਵਾਦ ਦਾ ਇਹ ਜ਼ਹਿਰ ਲੋਕਤੰਤਰ ਲਈ ਵੱਡੇ ਖ਼ਤਰੇ ਦਾ ਰੂਪ ਧਾਰਨ ਕਰ ਚੁੱਕਾ ਹੈ। ਸਾਰੇ ਸਿਆਸੀ ਦਲ ਜ਼ਮੀਨੀ ਮੁੱਦਿਆਂ ਤੋਂ ਕੰਨੀ ਵੱਟ ਰਹੇ ਹਨ ਅਤੇ ਸ਼ਬਦਾਂ ਦੀ ਲੜਾਈ ਵਿੱਚ ਜਨਤਾ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ; ਜਦਕਿ ਗਰੀਬੀ, ਮਹਿੰਗਾਈ ਤੇ ਰੁਜ਼ਗਾਰ ਇੱਕ ਵੱਡਾ ਮੁੱਦਾ ਹੈ, ਪਰ ਇਸ 'ਤੇ ਕੋਈ ਚਰਚਾ ਹੀ ਨਹੀਂ ਕਰਦਾ। ਲੋਕ ਹਿੱਤ ਲਈ ਕੀਤੇ ਗਏ ਅਨੇਕਾਂ ਵਾਅਦੇ ਪੂਰੇ ਹੀ ਨਹੀਂ ਹੋਏ, ਪਰ ਜਾਤੀਕਰਨ ਜਿਹੇ ਮੁੱਦਿਆਂ ਨੂੰ ਉਭਾਰਨ ਦਾ ਯਤਨ ਹੋ ਰਿਹਾ ਹੈ। ਇਸ ਕਾਰਨ ਸੋਚਵਾਨ ਤੇ ਗ਼ੈਰਤਮੰਦ ਪੰਜਾਬੀਆਂ 'ਚ ਨਿਰਾਸ਼ਾ ਛਾਈ ਹੋਈ ਹੈ। ਸਿਆਸੀ ਪਾਰਟੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਜਾਤੀਵਾਦ ਦੀ ਥਾਂ ਸਰਵ ਸਾਂਝੀਵਾਲਤਾ ਦਾ ਸੰਦੇਸ਼ ਦੇਣ। ਰਾਜਨੀਤੀ ਦੇ ਜਾਤੀਕਰਨ ਕਰਕੇ ਸਿਆਸਤ ਸਿਰਫ਼ ਉੱਚੀਆਂ ਜਾਤਾਂ ਵਾਲੇ ਦੌਲਤਮੰਦ ਮਰਦਾਂ ਦਾ ਹਥਿਆਰ ਬਣ ਕੇ ਰਹਿ ਗਈ ਹੈ।

## ਅਦਾਲਤਾਂ ਤੱਕ ਪਹੁੰਚੇ 'ਕਿੱਸੇ ਅੱਯਾਸ਼ੀ ਦੇ'

ਨੌਕਰੀ ਖੋਹੀ ਗਈ। ਰਿਪਬਲਿਕਨਜ਼ ਜੋਅ ਅਤੇ ਹੰਟਰ-ਦੋਵਾਂ ਉੱਤੇ ਸ਼ੋਕਿਨ ਨੂੰ ਕਢਵਾਉਣ ਬਦਲੇ ਬੁਰਸਿਮਾ ਦੇ ਅਧਿਕਾਰੀਆਂ ਤੋਂ 5 ਲੱਖ ਡਾਲਰ ਲੈਣ ਦਾ ਇਲਜ਼ਾਮ ਲਗਾਉਂਦੇ ਹਨ; ਪਰ ਉਹ ਇਲਜ਼ਾਮ ਫਿੱਕੇ ਪੈ ਗਏ, ਜਦੋਂ ਇੱਕ ਸਾਬਕਾ ਐੱਫ.ਬੀ.ਆਈ. ਸੂਚਨਾਕਾਰ ਉੱਤੇ ਰਿਸ਼ਵਤਖੋਰੀ ਦੀ ਸਕੀਮ ਘੜਨ ਦੇ ਇਲਜ਼ਾਮ ਲੱਗੇ।

ਹੰਟਰ ਦੇ ਇੱਕ ਸਾਬਕਾ ਬਿਜ਼ਨਸ ਪਾਰਟਨਰ ਨੇ ਵੀ ਬਿਆਨ ਦਿੱਤਾ ਕਿ ਕਈ ਵਾਰ ਹੰਟਰ ਦੀਆਂ ਵੱਖੋ-ਵੱਖ ਲੋਕਾਂ ਨਾਲ ਫੋਨ ਕਾਲਜ਼ ਦੌਰਾਨ ਜੋਅ ਬਾਇਡਨ ਸਪੀਕਰ ਰਾਹੀਂ ਗੱਲਬਾਤ ਸੁਣ ਰਹੇ ਹੁੰਦੇ ਸਨ। ਭ੍ਰਿਸ਼ਟਾਚਾਰ ਦੇ ਇਲਜ਼ਾਮ ਰਾਸ਼ਟਰਪਤੀ ਟਰੰਪ ਲਈ ਵੀ 2019 ਵਿੱਚ ਮਹਾਂਦੋਸ਼ ਦਾ ਕਾਰਨ ਬਣੇ ਸਨ।

ਹੰਟਰ ਵੱਲੋਂ ਡੇਲਾਵੇਅਰ ਦੀ ਇੱਕ ਰਿਪੇਅਰ ਦੀ ਦੁਕਾਨ ਉੱਤੇ ਛੱਡੇ ਗਏ ਲੈਪਟਾਪ ਅਤੇ ਉਸ ਵਿੱਚੋਂ ਮਿਲੀ ਜਾਣਕਾਰੀ 2020 ਦੀ ਰਾਸ਼ਟਰਪਤੀ ਚੋਣ ਦੌਰਾਨ ਵੀ ਸੁਰਖ਼ੀਆਂ ਬਟੋਰਦੀ ਰਹੀ ਸੀ। ਬਾਇਡਨ ਦੀ ਟੀਮ ਨੇ ਉਸ ਵੇਲੇ ਦਲੀਲ ਦਿੱਤੀ ਸੀ ਕਿ ਇਹ ਰੂਸ ਵੱਲੋਂ ਉਨ੍ਹਾਂ ਨੂੰ ਬਦਨਾਮ ਕਰਨ ਲਈ ਤਿਆਰ ਕੀਤੀ ਗਈ ਇੱਕ ਮੁਹਿੰਮ ਸੀ, ਪਰ ਲੈਪਟਾਪ ਦੀ ਹਾਰਡ ਡਰਾਈਵ ਨੂੰ ਅਮਰੀਕੀ ਮੀਡੀਆ ਵੱਲੋਂ ਪ੍ਰਮਾਣਿਤ ਕੀਤਾ ਗਿਆ ਅਤੇ ਹੁਣ ਉਹ ਐੱਫ.ਬੀ.ਆਈ. ਦੇ ਕੋਲ ਹੈ। ਇਸ ਦੇ ਕੰਟੈਂਟ ਦੇ ਵਿਸ਼ਲੇਸ਼ਣ ਨੇ ਹੰਟਰ ਦੀ ਚੀਨ ਅਤੇ ਯੂਕਰੇਨ ਵਿੱਚ ਕੰਮਾਂ ਤੋਂ ਵੱਡੀ ਕਮਾਈ ਦੇ ਸਬੂਤ ਦਿੱਤੇ ਹਨ ਅਤੇ ਉਸ ਦੀ ਸ਼ਰਾਬ ਅਤੇ ਡਰੱਗਜ਼ ਲੈਣ ਦੇ ਵੀ ਸਬੂਤ ਦਿੱਤੇ ਹਨ।

ਜਿਵੇਂ ਜਿਵੇਂ ਰਾਸ਼ਟਰਪਤੀ ਜੋਅ ਬਾਇਡਨ ਆਪਣੀ ਮੁੜ-ਚੋਣ ਦੀ ਮੁਹਿੰਮ ਨੂੰ ਅੱਗੇ ਵਧਾ ਰਹੇ ਹਨ, ਹੰਟਰ ਦਾ ਕਾਨੂੰਨੀ ਡਰਾਮਾ, ਕਾਰੋਬਾਰੀ ਹਿੱਤ ਅਤੇ ਨਿੱਜੀ ਹਲਚਲ ਭਰੀ ਜ਼ਿੰਦਗੀ ਅਣਚਾਹੀ ਭਟਕਣਾ ਪੈਦਾ ਕਰ ਰਹੀ ਹੈ।

ਸਮੂਹ ਭਾਈਚਾਰੇ ਤੇ ਪੰਜਾਬੀ ਸੰਸਥਾਵਾਂ ਦੇ ਸਹਿਯੋਗ ਨਾਲ 'ਪੰਜਾਬੀ ਪਰਵਾਜ਼' ਦਾ ਪਲੇਠਾ ਸਮਾਗਮ

# 'ਪੰਜਾਬੀ ਪਰਵਾਜ਼ ਨਾਈਟ'

## ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ

**13 ਜੁਲਾਈ 2024**

**(ਸ਼ਨਿਚਰਵਾਰ)**

**ਸ਼ਾਮ 6:30 ਤੋਂ ਰਾਤ 10:30**

**ਸਥਾਨ: Atlantis Banquets**
**1273 North Rand Road,**
**Arlington Heights, IL 60004**

*Food Will Served by Taste of India (Milwaukee)*


### ਪਹੁੰਚ ਰਹੇ ਕਲਾਕਾਰ


ਰੈਵ ਇੰਦਰ


ਅਵਨੀ ਸਿੰਘ


ਪੂਜਾ ਧਾਲੀਵਾਲ

### ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਜੋਧ ਸਿੰਘ ਸਿੱਧੂ


ਯਾਦਵਿੰਦਰ ਸਿੰਘ (ਰਿੱਪੀ) ਖੱਟੜਾ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਦਰਸ਼ਨ ਸਿੰਘ ਪੰਮਾ


ਗੁਰਿੰਦਰਜੀਤ ਸਿੰਘ ਗਰੇਵਾਲ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਅਮਰਜੀਤ ਸਿੰਘ ਢੀਂਡਸਾ


ਦੀਦਾਰ ਸਿੰਘ ਧਨੋਆ


ਅਜੈਬ ਸਿੰਘ ਲੱਖਣ


ਗੁਰਵਿੰਦਰ ਬੱਬੂ (ਐਪਲਟਨ)


ਬਿਕਰਮ ਸਿੰਘ ਸਿੱਧੂ



ਅਮਨਦੀਪ ਸਿੰਘ ਕੁਲਾਰ


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ



ਇੰਦਰ ਹੁੰਜਣ


ਸੰਨੀ ਧੂੜ ਮਿਸ਼ੀਗਨ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਮਨਮਿੰਦਰ ਸਿੰਘ ਹੀਰ


ਹਰਕੇਵਲ ਸਿੰਘ ਲਾਲੀ


ਹਰਮੀਕ ਸਿੰਘ ਗਿਰਨ


ਜਿਗਰਦੀਪ ਸਿੰਘ ਢਿੱਲੋਂ

**punjabiparwaz@gmail.com www.punjabiparwaz.com Ph: 224-386-4548**

# ‘ਪੰਜਾਬੀ ਪਰਵਾਜ਼ ਨਾਈਟ’ PUNJABI PARWAZ NIGHT



ਡਾ. ਗੁਰਇਕਬਾਲ ਸਿੰਘ ਨੰਦਰਾ

## ਮੁੱਖ ਮਹਿਮਾਨ

ਵੱਕਾਰੀ ਪੁਰਸਕਾਰ ‘ਐਲਿਸ ਆਈਲੈਂਡ ਮੈਡਲ ਆਫ਼ ਆਨਰ’ ਨਾਲ ਸਨਮਾਨਿਤ ਐਨਸਥੀਸੀਓਲੌਜਿਸਟ ਡਾ. ਗੁਰਇਕਬਾਲ ਸਿੰਘ ਨੰਦਰਾ ਸ਼ਿਕਾਗੋ ਦੇ IV Solution Ketamine Centers ਦੇ ਚੀਫ ਮੈਡੀਕਲ ਅਫਸਰ ਹਨ। ਉਨ੍ਹਾਂ ਕੋਲ ਲਗਭਗ 25 ਸਾਲਾਂ ਦਾ ਕਲਿਨਿਕਲ ਤਜਰਬਾ ਹੈ। ਡਾ. ਨੰਦਰਾ ਨੂੰ ਸਾਲ 2022 ਵਿੱਚ ਨਵੀਨਤਾ ਅਤੇ ਮਾਨਸਿਕ ਸਿਹਤ ਤੰਦਰੁਸਤੀ ਲਈ ਨੈਸ਼ਨਲ ਅਲਾਇੰਸ ਆਨ ਮੈਂਟਲ ਇਲਨੈਸ (NAMI) ਸ਼ਿਕਾਗੋ ਵੱਲੋਂ ‘ਲਾਈਟ ਦ ਡਾਰਕਨੈਸ ਅਵਾਰਡ’ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ।

## ਵਿਸ਼ੇਸ਼ ਮਹਿਮਾਨ

ਵਿਸਕਾਨਸਿਨ ਸਟੇਟ ਵਿੱਚ ਰਹਿੰਦੇ ਨਿੱਘੇ ਸੁਭਾਅ ਦੇ ਲਖਬੀਰ ਸਿੰਘ ਢੀਂਡਸਾ ਛੋਟੀ ਉਮਰ ਦੇ, ਪਰ ਵੱਡੇ ਕਾਰੋਬਾਰੀ ਹਨ। ਖੇਡਾਂ ਵਿੱਚ ਰੁਚੀ ਹੋਣ ਕਾਰਨ ਉਹ ਮਿਡਵੈਸਟ ਦੀਆਂ ਵੱਖ-ਵੱਖ ਖੇਡ ਸੰਸਥਾਵਾਂ ਦੀ ਅਕਸਰ ਮਦਾਦ ਕਰਦੇ ਰਹਿੰਦੇ ਹਨ। ਸ਼ਿਕਾਗੋਲੈਂਡ ਦੇ ਖੇਡ ਮੇਲਿਆਂ ਵਿੱਚ ਕਿੰਨੀ ਹੀ ਵਾਰ ਉਨ੍ਹਾਂ ਵਾਲੀਬਾਲ ਦੇ ਇਨਾਮ ਸਪਾਂਸਰ ਕੀਤੇ ਹਨ। ਵੱਖ-ਵੱਖ ਸਮਾਗਮਾਂ ਦੌਰਾਨ ਉਹ ਬਤੌਰ ਮੁੱਖ ਜਾਂ ਵਿਸ਼ੇਸ਼ ਮਹਿਮਾਨ ਸ਼ੁਮਾਰ ਹੁੰਦੇ ਹਨ।



ਲਖਬੀਰ ਸਿੰਘ ਢੀਂਡਸਾ

## ਮਾਣਯੋਗ ਸਪਾਂਸਰ



ਜਸਵਿੰਦਰ ਸਿੰਘ ਸੰਧੂ · ਸੋਨੀ ਜੱਜ · ਸਰਵਣ ਸਿੰਘ ਟਿਵਾਣਾ · ਡਾ. ਗੁਰਦਿਆਲ ਸਿੰਘ ਬਸਰਾਨ · ਸੰਨੀ ਕੁਲਾਰ · ਰੋਨੀ ਕੁਲਾਰ · ਬਲਜੀਤ ਸਿੱਧੂ ਫਲੋਰਿਡਾ · ਗੁਲਜ਼ਾਰ ਸਿੰਘ ਮੁਲਤਾਨੀ · ਜਸਬੀਰ ਕੌਰ ਮਾਨ



ਬਲਕਾਰ ਸਿੰਘ ਢਿੱਲੋਂ · ਹੈਪੀ ਹੀਰ · ਮਨਜੀਤ ਸਿੰਘ ਪਾਲੀਆ · ਬਲਵਿੰਦਰ ਸਿੰਘ ਗਿਰਨ · ਜਰਨੈਲ ਸਿੰਘ ਮੱਲ੍ਹੀ · ਜਗਜੀਤ ਸਿੰਘ ਢੀਂਡਸਾ · ਜਤਿੰਦਰ (ਜੈ) ਸਿੰਘ ਸੰਘਾ · ਹਰਿੰਦਰ ਰਾਣਾ · ਹਰਦੀਪ ਗਿੱਲ



ਨੀਲ ਗਿੱਲ · ਹੈਰੀ ਬਰਾੜ · ਕਰਨਲ ਮਨਮੋਹਨ ਸਿੰਘ ਮਿਨਹਾਸ · ਮਨਜੀਤ ਸਿੰਘ ਗਿੱਲ · ਡਾ. ਰਛਪਾਲ ਸਿੰਘ ਬਾਜਵਾ · ਰਘਵਿੰਦਰ ਸਿੰਘ ਮਾਹਲ · ਸੁਰਜੀਤ ਸਿੰਘ ਮਾਵੀ · ਡਾ. ਗੁਰਬਖ਼ਸ਼ ਸੈਣੀ · ਪ੍ਰਦੀਪ ਸਿੰਘ ਕਾਹਲੋਂ



ਲਾਲੀ ਸਿੱਧੂ · ਡਾ. ਵਿਕਰਮ ਗਿੱਲ · ਜਗਮੋਹਨ ਸਿੰਘ ਬੇਗੋਵਾਲ · ਧਰਮਿੰਦਰ ਖੱਟੜਾ · ਗਿਆਨ ਸਿੰਘ ਖਹਿਰਾ · ਸਤਵਿੰਦਰ ਸੱਤਾ · ਜੱਗਾ ਬਾਜਵਾ · ਜੱਸੀ ਧਾਲੀਵਾਲ · ਗੌਰਵ ਖੁਰਾਣਾ · ਭਿੰਦਰ ਸਿੰਘ ਪੰਮਾ · ਬਲਦੇਵ ਸਿੰਘ ਰਾਜੂ



ਹਰਿੰਦਰ ਸਿੰਘ ਧਾਲੀਵਾਲ · ਪਰਮਜੀਤ ਸਿੱਧੂ ਮਹਿਰਾਜ · ਤੇਜਿੰਦਰ ਸਿੰਘ ਜ਼ਿੱਪੀ · ਮਨਮੀਤ ਜੌਲੀ · ਸੁਖਜੀਤ ਸਿੰਘ ਬਰਾੜ · ਪਰਮਜੀਤ ਸਿੰਘ · ਸੰਨੀ ਢਿੱਲੋਂ · ਰਾਕੇਸ਼ ਰੇਹਾਨ · ਦੀਪਕ ਛੀਨਾ · ਬਲਜੀਤ ਬਰਾੜ · ਜਸਵੰਤ ਸਿੰਘ



ਹਰਵਿੰਦਰ ਸਿੰਘ ਘੋਤੜਾ · ਜਿੰਦੀ ਦਿਆਲ · ਰਾਜਾ ਦਿਆਲ · ਹਰਜਿੰਦਰ ਸਿੰਘ ਜਿੰਦੀ · ਜੱਗੀ ਸਿੰਘ ਘੋਤੜਾ · ਸੁਖਵਿੰਦਰ ਸਿੰਘ ਘੱਗਰ · ਜਰਨੈਲ ਸਿੰਘ ਮਿਆਣੀ · ਭੁਪਿੰਦਰ ਸਿੰਘ ਟਿੰਕਾ · ਕੁਲਜੀਤ ਸਿੰਘ ਗਿਲਜੀਆਂ · ਸਤਪਾਲ ਸਿੰਘ ਪਹਿਲਵਾਨ · ਪਰਮਿੰਦਰ ਸਿੰਘ ਗੋਲਡੀ

Shere Punjab Sports & Cultural Club Chicago
PROFESSIONAL HEALTHCARE LAB, INC
Radio Chann Pardesi ਰੇਡੀਓ ਚੰਨ ਪ੍ਰਦੇਸੀ
Punjabi Cultural Society Chicago ਪੰਜਾਬੀ ਸਭਿਆਚਾਰਕ ਸਭਾ
Desi Junction Media & Entertainment
Bhangra Rhymes

ਚੋਣ ਚਰਚਾ


# ਨਵੇਂ ਫੌਜਦਾਰੀ ਕਾਨੂੰਨਾਂ ਲਈ ਜਲਦਬਾਜ਼ੀ ਕਿਉਂ?

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



## ਕਾਨੂੰਨੀ ਪੇਚੀਦਗੀਆਂ ਅਤੇ ਨਿਆਂ ਪ੍ਰਕ੍ਰਿਆ ਦੀ ਜਟਿਲਤਾ

**■ਭਾਰਤ ਦੀਆਂ ਅਦਾਲਤਾਂ 3 'ਚ ਕਰੋੜ ਤੋਂ ਵਧੇਰੇ ਫੌਜਦਾਰੀ ਕੇਸਾਂ ਦਾ ਕੀ ਬਣੇਗਾ? ■ਕੀ ਲੋਕਾਂ ਨੂੰ ਸਮੇਂ ਸਿਰ ਨਿਆ ਮਿਲੇਗਾ? ■ਕੀ ਨਵੇਂ ਫੌਜਦਾਰੀ ਕਾਨੂੰਨਾਂ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਨਵੇਂ ਕਾਨੂੰਨਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਨਾਲ ਅਦਾਲਤਾਂ ਅਤੇ ਜੇਲ੍ਹਾਂ ਵਿੱਚ ਦੋਸ਼ੀਆਂ ਦਾ ਭੀੜ-ਭੜਕਾ ਘਟੇਗਾ? ■ਕੀ ਨਵੇਂ ਫੌਜਦਾਰੀ ਕਾਨੂੰਨਾਂ ਨੂੰ ਲਾਗੂ ਕਰਨਾ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਪ੍ਰਭਾਸ਼ਿਤ ਕੀਤੇ ਗਏ ਅਧਿਕਾਰਾਂ ਨੂੰ ਪਲਟਾਉਣ ਦਾ ਇੱਕ ਯਤਨ ਹੈ?**




ਭਾਰਤੀ ਸੰਵਿਧਾਨ ਦੇ ਮੁੱਖਬੰਦ ਰਾਹੀਂ ਭਾਰਤ ਦੇ ਲੋਕਾਂ ਨੇ ਭਾਰਤ ਨੂੰ ਪ੍ਰਭੂਤਾਧਾਰੀ, ਸਮਾਜਵਾਦੀ, ਧਰਮ ਨਿਰਪੱਖ ਲੋਕਤੰਤਰੀ ਗਣਰਾਜ ਘੋਸ਼ਿਤ ਕਰਦਿਆਂ ਭਾਰਤ ਦੇ ਸਭ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਿਕ ਨਿਆਂ ਦੇਣ ਦੇ ਨਾਲ ਨਾਲ ਵਿਚਾਰ ਪ੍ਰਗਟਾਉਣ, ਵਿਸ਼ਵਾਸ ਧਰਮ ਅਤੇ ਪੂਜਾ ਪਾਠ ਦੀ ਆਜਾਦੀ ਦਿੰਦੇ ਹੋਏ ਸੰਵਿਧਾਨਕ ਸੰਸਥਾਵਾਂ ਦਾ ਨਿਰਮਾਣ ਕੀਤਾ ਹੈ। ਇਨ੍ਹਾਂ ਵਿੱਚ ਅਦਾਲਤਾਂ ਅਤੇ ਕਾਨੂੰਨ ਵਿਵਸਥਾ ਬਹਾਲ ਕਰਨ ਵਾਲੀਆਂ ਸੁਰੱਖਿਆ ਸੰਸਥਾਵਾਂ ਸ਼ਾਮਲ ਹਨ, ਜੋ ਭਾਰਤ ਦੀ ਸੰਸਦ ਅਤੇ ਰਾਜ ਸਰਕਾਰਾਂ ਦੀਆਂ ਵਿਧਾਨ ਸਭਾਵਾਂ ਵੱਲੋਂ ਪਾਸ ਕਾਨੂੰਨਾਂ ਨੂੰ ਲਾਗੂ ਕਰਦੀਆਂ ਹਨ। ਗੈਰ-ਸਮਾਜੀ ਤੱਤਾਂ ਅਤੇ ਅਪਰਾਧੀਆਂ ਨਾਲ ਨਜਿੱਠਣ ਲਈ ਇੰਡੀਅਨ ਪੀਨਲ ਕੋਡ (ਆਈ.ਪੀ.ਸੀ.) 1860, ਕ੍ਰਿਮੀਨਲ ਪ੍ਰੋਸੀਜ਼ਰ ਕੋਡ 1973 ਅਤੇ ਇੰਡੀਅਨ ਐਵੀਡੈਂਸ ਐਕਟ 1872 ਦੀਆਂ ਵੱਖ ਵੱਖ ਧਾਰਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕੇਂਦਰੀ ਸਰਕਾਰ ਅਤੇ ਹਾਕਮ ਪਾਰਟੀ ਮਹਿਸੂਸ ਕਰ ਰਹੀਆਂ ਹਨ ਕਿ ਭਾਰਤ ਵਿੱਚ ਚਲ ਰਹੇ ਫੌਜਦਾਰੀ ਕਾਨੂੰਨ ਇੰਡੀਅਨ ਪੀਨਲ ਕੋਡ, ਕ੍ਰਿਮੀਨਲ ਪ੍ਰੋਸੀਜ਼ਰ ਕੋਡ ਅਤੇ ਇੰਡੀਅਨ ਐਵੀਡੈਂਸ ਐਕਟ ਅੰਗਰੇਜ਼ਾਂ ਦੁਆਰਾ ਬਸਤੀਵਾਦੀ ਸੋਚ ਅਧੀਨ ਬਣਾਏ ਗਏ ਕਾਨੂੰਨਾਂ ਵਿੱਚ ਰੱਦ ਕਰਕੇ ਨਵੇਂ ਫੌਜਦਾਰੀ ਕਾਨੂੰਨ ਬਣਾਉਣ ਦੀ ਲੋੜ ਹੈ ਤਾਂ ਕਿ ਫੌਜਦਾਰੀ ਨਿਆਂ ਪ੍ਰਣਾਲੀ ਵਿੱਚ ਸੁਧਾਰ ਲਿਆ ਕੇ ਲੋਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਮਿਲ ਸਕੇ। ਕੇਂਦਰ ਵਿੱਚ ਕਾਬਜ ਹਾਕਮ ਸਿਆਸੀ ਧਿਰ ਵੱਲੋਂ ਤਿੰਨ ਫੌਜਦਾਰੀ ਬਿੱਲ- ਭਾਰਤੀ ਨਿਆਂਪਾਲਿਕਾ ਕੋਡ, ਭਾਰਤੀ ਨਾਗਰਿਕ ਸੁਰੱਖਿਆ ਕੋਡ ਅਤੇ ਭਾਰਤੀ ਸਾਕਸ਼ੀਆ ਅਧਿਨਿਯਮ 12 ਦਸੰਬਰ 2023 ਨੂੰ ਪੇਸ਼ ਕੀਤੇ ਗਏ, ਜੋ ਭਾਰਤ ਦੀ ਸੰਸਦ (ਲੋਕ ਸਭਾ ਅਤੇ ਰਾਜ ਸਭਾ) ਵੱਲੋਂ ਬਿਨਾ ਕਿਸੇ ਬਹਿਸ ਦੇ 21 ਦਸੰਬਰ 2023 ਨੂੰ ਪਾਸ ਕਰਵਾ ਲਏ ਗਏ ਅਤੇ 25 ਦਸੰਬਰ 2023 ਨੂੰ ਭਾਰਤ ਦੇ ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਇਹ ਤਿੰਨ ਬਿੱਲ ਹੁਣ ਫੌਜਦਾਰੀ ਕਾਨੂੰਨ ਬਣ ਗਏ ਹਨ। ਇਹ ਤਿੰਨੇ ਕਾਨੂੰਨ ਪਹਿਲੀ ਜੁਲਾਈ 2024 ਤੋਂ ਸਾਰੇ ਭਾਰਤ ਵਿੱਚ ਲਾਗੂ ਵੀ ਹੋ ਗਏ ਹਨ।

ਨਵੇਂ ਕਾਨੂੰਨ ਦੀ ਵਿਆਖਿਆ ਕਰਦੇ ਹੋਏ ਸਰਕਾਰੀ ਧਿਰ ਨੇ ਦਲੀਲ ਦਿੱਤੀ ਹੈ ਕਿ ਨਵੇਂ ਕਾਨੂੰਨ ਰਾਹੀਂ ਪਹਿਲੀ ਵਾਰ ਅਤਿਵਾਦ ਅਤੇ ਸੰਗਠਨ ਅਪਰਾਧਾਂ ਨੂੰ ਪ੍ਰਭਾਸ਼ਿਤ ਕੀਤਾ ਗਿਆ ਹੈ। ਰਾਜਧ੍ਰੋਹ ਦੀ ਥਾਂ ਦੇਸ਼ਧ੍ਰੋਹ ਨੂੰ ਅਪਰਾਧ ਬਣਾਇਆ ਗਿਆ ਹੈ। ਅਪਰਾਧਿਕ ਟ੍ਰਾਇਲ ਨੂੰ ਰਫਤਾਰ ਦੇਣ ਲਈ ਕਾਨੂੰਨਾਂ 'ਚ 35 ਥਾਵਾਂ 'ਤੇ ਟਾਈਮ ਲਾਈਨ ਜੋੜੀ ਗਈ ਹੈ। ਐਫ.ਆਈ.ਆਰ., ਕੇਸ ਡਾਇਰੀ, ਚਾਰਜਸ਼ੀਟ, ਜੱਜਮੈਂਟ ਆਦਿ ਨੂੰ ਡਿਜ਼ੀਟਲ ਬਣਾਇਆ ਗਿਆ ਹੈ। ਤਲਾਸ਼ੀ ਤੇ ਜਬਤੀ ਕਾਰਵਾਈ ਦੀ ਆਡਿਓ-ਵੀਡਿਓ ਲਾਜ਼ਮੀ ਹੋਵੇਗੀ। ਸੱਤ ਸਾਲ ਜਾਂ ਵਧੇਰੇ ਸਮੇਂ ਲਈ ਸਜ਼ਾ ਵਾਲੇ ਅਪਰਾਧਾਂ ਲਈ ਫੋਰੈਂਸਿਕ ਮਾਹਰਾਂ ਦੀ ਰਾਏ ਲੈਣੀ ਲਾਜ਼ਮੀ ਹੋਵੇਗੀ। ਛੋਟੇ ਮੋਟੇ ਅਪਰਾਧਾਂ ਲਈ ਸਮਰੀ ਟ੍ਰਾਇਲ ਤਜਵੀਜ਼ੀ ਗਈ ਹੈ। ਭਗੌੜੇ ਅਪਰਾਧੀਆਂ ਦੀ ਗੈਰ-ਹਾਜ਼ਰੀ ਵਿੱਚ ਉਨ੍ਹਾਂ ਵਿਰੁੱਧ ਮੁਕੱਦਮਾ ਚਲੇਗਾ ਅਤੇ ਜਾਇਦਾਦ ਜਬਤ ਹੋਵੇਗੀ। ਹੁਣ ਨਿਆਂ ਜਲਦੀ ਮਿਲੇਗਾ।

ਨੈਸ਼ਨਲ ਜੁਡੀਸ਼ੀਅਲ ਡੈਟਾ ਗਰਿਡ, ਭਾਰਤ ਸਰਕਾਰ ਦੇ ਤਾਜਾ ਅੰਕੜਿਆਂ ਅਨੁਸਾਰ ਭਾਰਤ ਵਿੱਚ ਸੁਪਰੀਮ ਕੋਰਟ, ਰਾਜਾਂ ਦੀ ਹਾਈ ਕੋਰਟਾਂ, ਜਿਲ੍ਹਾ ਪੱਧਰੀ ਅਤੇ ਹੋਰ ਅਧੀਨ ਅਦਾਲਤਾਂ ਵਿੱਚ ਇਸ ਸਮੇਂ 3,42,54,701 ਫੌਜਦਾਰੀ ਕੇਸ ਚਲ ਰਹੇ ਹਨ, ਜਿਨ੍ਹਾਂ ਵਿੱਚੋਂ 68.35% ਇੱਕ ਸਾਲ ਤੋਂ ਪੁਰਾਣੇ ਹਨ। ਜੇਕਰ ਪੰਜਾਬ ਰਾਜ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿਚਲੀ ਅਦਾਲਤਾਂ ਵਿੱਚ 4,84,723 ਫੌਜਦਾਰੀ ਕੇਸ ਵਿਚਾਰ ਅਧੀਨ ਹਨ, ਜਿਨ੍ਹਾਂ ਵਿੱਚ 50.85% ਕੇਸ ਇੱਕ ਸਾਲ ਤੋਂ ਵੱਧ ਪੁਰਾਣੇ ਹਨ। ਰਾਸ਼ਟਰੀ ਪੱਧਰ 'ਤੇ ਭਾਰਤ ਦੀਆਂ ਸਾਰੀਆਂ ਅਦਾਲਤਾਂ ਵਿੱਚ 3,08,23,745 ਫੌਜਦਾਰੀ ਕੇਸ ਅਦਾਲਤਾਂ ਵਿੱਚ ਵਿਚਾਰ ਅਧੀਨ ਪਏ ਹਨ। 4,22,510 ਫੌਜਦਾਰੀ ਅਪੀਲ ਕੇਸ ਹਨ; 6,84,561 ਕੇਸ ਸੀਨੀਅਰ ਸਿਟੀਜ਼ਨਾਂ ਵੱਲੋਂ ਦਾਇਰ ਕੀਤੇ ਗਏ ਹਨ ਅਤੇ 19,29,061 ਕੇਸ ਔਰਤਾਂ ਵੱਲੋਂ ਦਾਇਰ ਕੀਤੇ ਗਏ ਹਨ। ਇਸੇ ਤਰ੍ਹਾਂ ਪੰਜਾਬ ਰਾਜ ਨਾਲ ਸਬੰਧਤ 1,91,825 ਕੇਸ ਸ਼ੁਰੂਆਤੀ ਦੌਰ ਵਾਲੇ ਹਨ; 24,40,920 ਫੌਜਦਾਰੀ ਕੇਸ ਗਵਾਹੀ/ ਬਹਿਸ/ ਫੈਸਲੇ ਲਈ ਵਿਚਾਰ ਅਧੀਨ ਹਨ ਅਤੇ 34,436 ਕੇਸਾਂ ਵਿੱਚ ਅਜੇ ਈਸ਼ੂ ਫਰੇਮ ਨਹੀਂ ਹੋਏ। 17,888 ਕੇਸ ਸੀਨੀਅਰ ਸਿਟੀਜ਼ਨਾਂ ਵੱਲੋਂ ਦਾਇਰ ਕੀਤੇ ਗਏ ਹਨ, ਜਦਕਿ 45,863 ਕੇਸ ਔਰਤਾਂ ਵੱਲੋਂ ਦਾਇਰ ਕੀਤੇ ਗਏ ਹਨ।

ਅਦਾਲਤਾਂ 'ਚ ਲਮਕਦੇ ਕੇਸਾਂ ਦੇ ਭੀੜ-ਭੜਕੇ ਤੋਂ ਇਲਾਵਾ ਜੇ ਭਾਰਤ ਦੀਆਂ ਜੇਲ੍ਹਾਂ ਦੀ ਗੱਲ ਕੀਤੀ ਜਾਵੇ, ਜਿੱਥੇ ਫੌਜਦਾਰੀ ਕਾਨੂੰਨਾਂ ਅਧੀਨ ਅਪਰਾਧੀਆਂ ਨੂੰ ਕਾਨੂੰਨੀ ਹਿਰਾਸਤ ਜਾਂ ਮਿਲੀ ਸਜ਼ਾ ਕਾਰਨ ਜੇਲ੍ਹਾਂ ਵਿੱਚ ਰੱਖਿਆ ਜਾਂਦਾ ਹੈ। ਤ੍ਰਾਸਦੀ ਹੈ ਕਿ ਭਾਰਤੀ ਜੇਲ੍ਹਾਂ ਵਿੱਚ 10 ਵਿੱਚੋਂ 8 ਕੈਦੀ ਐਸੇ ਹਨ, ਜੋ ਮੁਕਦਮੇ ਦੀ ਉਡੀਕ ਕਰ ਰਹੇ ਹਨ। ਭਾਰਤ ਵਿੱਚ 2021 ਤੱਕ 1319 ਜੇਲ੍ਹਾਂ ਸਨ। ਤਾਜਾ ਅੰਕੜਿਆਂ ਅਨੁਸਾਰ ਹੁਣ 1400 ਜੇਲ੍ਹਾਂ ਹਨ। ਭਾਰਤ ਦੇ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਵਿੱਚ ਜੇਲ੍ਹਾਂ ਦਾ ਪ੍ਰਬੰਧਨ ਰਾਜ ਸਰਕਾਰਾਂ ਅਧੀਨ ਆਉਂਦਾ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਵੱਲੋਂ 2019 ਦੇ ਜਾਰੀ ਅੰਕੜਿਆਂ ਅਨੁਸਾਰ ਭਾਰਤੀ ਜੇਲ੍ਹਾਂ ਵਿੱਚ 13.6% ਸਜ਼ਾ ਯਾਫਤਾ ਕੈਦੀ, 10.5% ਅੰਡਰ ਟਰਾਇਲ ਅਤੇ 5.68% ਜੇਲ੍ਹਾਂ ਵਿੱਚ ਨਜ਼ਰਬੰਦ ਹਨ। 91% ਸਬੰਧਤ ਰਾਜਾਂ ਦੇ ਕੈਦੀ ਰਾਜਾਂ ਦੀਆਂ ਜੇਲ੍ਹਾਂ ਵਿੱਚ ਹਨ। 31 ਦਸੰਬਰ 2021 ਤੱਕ 77% ਕੈਦੀ ਅੰਡਰ ਟਰਾਇਲ ਅਤੇ 22% ਦੋਸ਼ੀ ਸਨ, ਲਗਭਗ ਅੱਧੇ ਅੰਡਰ ਟਰਾਇਲ 2 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹਾਂ ਵਿੱਚ ਹਨ। ਦੋਸ਼ੀਆਂ ਵਿੱਚ ਸਭ ਤੋਂ ਵੱਧ ਕੈਦੀ ਕਤਲ (51.86%), ਬਲਾਤਕਾਰ (7.66%), ਐਨ.ਡੀ.ਪੀ.ਸੀ. ਐਕਟ (5.73%), ਕਤਲ ਦੀ ਕੋਸ਼ਿਸ਼ (5.30%), ਦਾਜ ਲਈ ਮੌਤ (3.88%) ਦੇ ਅਧੀਨ ਅਪਰਾਧਾਂ ਵਿੱਚ ਕੈਦ ਕੱਟ ਰਹੇ ਹਨ। 31 ਦਸੰਬਰ 2016 ਤੱਕ ਚੋਰੀ (2.84%) ਜ਼ਿਆਦਾਤਰ ਦੋਸ਼ੀ 87.82% ਭਾਰਤੀ ਦੰਡਾਵਲੀ (ਇੰਡੀਅਨ ਪੀਨਲ ਕੋਡ 1860) ਅਪਰਾਧਾਂ ਲਈ ਦੋਸ਼ੀ ਹਨ, ਜਦਕਿ 19.25% ਉਤੇ ਵਿਸ਼ੇਸ਼ ਅਤੇ ਸਥਾਨਕ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ ਹਨ।

ਭਾਰਤ ਦੀਆਂ 80% ਜੇਲ੍ਹਾਂ ਅੰਤਰਰਾਸ਼ਟਰੀ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੀਆਂ। ਜ਼ਿਆਦਾਤਰ ਜੇਲ੍ਹ ਮੈਨੂਅਲ ਅਜੇ ਵੀ 1894 ਦੇ ਜੇਲ੍ਹ ਐਕਟ 'ਤੇ ਆਧਾਰਤ ਹਨ। ਜੇਲ੍ਹਾਂ ਵਿੱਚ ਭੀੜ-ਭੜੱਕੇ ਦਾ ਇੱਕ ਮੁੱਖ ਕਾਰਨ ਅਦਾਲਤੀ ਕੇਸਾਂ ਦਾ ਲਮਕਦੇ ਹੋਣਾ ਹੈ। ਭਾਰਤ ਵਿੱਚ 3 ਕਰੋੜ ਤੋਂ ਵਧੇਰੇ ਕੇਸ ਅਦਾਲਤਾਂ ਵਿੱਚ ਵਿਚਾਰ ਅਧੀਨ ਹਨ। ਇਨ੍ਹਾਂ ਕੇਸਾਂ ਨਾਲ ਨਜਿੱਠਣ ਲਈ ਭਾਰਤ ਵਿੱਚ ਜੱਜਾਂ ਦੀ ਗਿਣਤੀ ਤੁਲਨਾਤਮਕ ਤੌਰ 'ਤੇ ਬਹੁਤ ਘੱਟ ਹੈ। ਮੁਕਦਮੇ ਤੋਂ ਪਹਿਲਾਂ ਦੇ ਬਹੁਤ ਸਾਰੇ ਨਜ਼ਰਬੰਦ ਗਰੀਬ ਅਤੇ ਪੱਛੜੇ ਵਰਗਾਂ ਨਾਲ ਸਬੰਧਤ ਹੁੰਦੇ ਹਨ। ਬਹੁਤ ਸਾਰੇ ਨਜ਼ਰਬੰਦ ਅਨਪੜ੍ਹ ਹਨ, ਜੋ ਆਪਣੇ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਅਣਜਾਣ ਹਨ। ਲਗਭਗ 71% ਪ੍ਰੀ-ਟਰਾਇਲ ਨਜ਼ਰਬੰਦ ਅਨਪੜ੍ਹ ਹਨ।

ਅਦਾਲਤਾਂ ਵਿੱਚ ਫੌਜਦਾਰੀ ਵਿਚਾਰ ਅਧੀਨ ਕੇਸ ਅਤੇ ਜੇਲ੍ਹਾਂ ਵਿੱਚ ਫੌਜਦਾਰੀ ਕਾਨੂੰਨਾਂ ਅਧੀਨ ਬੰਦ ਕੈਦੀਆਂ ਦੇ ਵੇਰਵੇ ਦੇਣ ਦਾ ਮਕਸਦ ਸਰਕਾਰਾਂ ਪਾਸੋਂ ਇਹ ਸਪਸ਼ਟ ਕਰਵਾਉਣਾ ਹੈ ਕਿ ਤਿੰਨ ਨਵੇਂ ਫੌਜਦਾਰੀ ਕਾਨੂੰਨ ਪਹਿਲੀ ਜੁਲਾਈ 2024 ਤੋਂ ਲਾਗੂ ਕਰਵਾਉਣ ਨਾਲ ਭਾਰਤ ਦੀਆਂ ਅਦਾਲਤਾਂ 'ਚ 3 ਕਰੋੜ ਤੋਂ ਵਧੇਰੇ ਫੌਜਦਾਰੀ ਕੇਸਾਂ ਦਾ ਕੀ ਬਣੇਗਾ? ਕੀ ਨਵੇਂ ਫੌਜਦਾਰੀ ਕਾਨੂੰਨਾਂ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਨਵੇਂ ਕਾਨੂੰਨਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਨਾਲ ਅਦਾਲਤਾਂ ਅਤੇ ਜੇਲ੍ਹਾਂ ਵਿੱਚ ਦੋਸ਼ੀਆਂ ਦਾ ਭੀੜ-ਭੜੱਕਾ ਘਟੇਗਾ? ਕੀ ਲੋਕਾਂ ਨੂੰ ਸਮੇਂ ਸਿਰ ਨਿਆ ਮਿਲੇਗਾ?

ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ ਵਿੱਚ ਇੰਡੀਅਨ ਪੀਨਲ ਕੋਡ 1860, ਕ੍ਰਿਮੀਨਲ ਪ੍ਰੋਸੀਜ਼ਰ ਕੋਡ 1973 ਅਤੇ ਇੰਡੀਅਨ ਐਵੀਡੈਂਸ (ਸਬੂਤ/ਗਵਾਹੀ) ਐਕਟ 1872 ਦੇ 80% ਸੈਕਸ਼ਨਾਂ ਨੂੰ ਪਹਿਲਾਂ ਦੀ ਤਰ੍ਹਾਂ ਹੀ ਬਹਾਲ ਰੱਖਿਆ ਗਿਆ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਨਵੇਂ ਫੌਜਦਾਰੀ ਕਾਨੂੰਨਾਂ ਨੂੰ ਲਾਗੂ ਕਰਨਾ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਪ੍ਰਭਾਸ਼ਿਤ ਕੀਤੇ ਗਏ ਅਧਿਕਾਰਾਂ ਨੂੰ ਪਲਟਾਉਣ ਦਾ ਇੱਕ ਯਤਨ ਹੈ। ਨਵੇਂ ਕਾਨੂੰਨ ਨੂੰ ਲਾਗੂ ਕਰਨ ਵਾਲੀਆਂ ਸੰਸਥਾਵਾਂ ਅਤੇ ਕਰਮੀ (ਜੱਜ ਵਕੀਲ, ਪੁਲਿਸ ਆਦਿ) ਲਗਦਾ ਹੈ ਕਿ ਅਜੇ ਵਿਹਾਰਕ ਤੌਰ 'ਤੇ ਅਤੇ ਸੰਸਥਾਗਤ ਤੌਰ 'ਤੇ ਤਿਆਰ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਪਾਸ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਲੋੜੀਂਦਾ ਸਾਜੋ ਸਮਾਨ, ਸਿਖਲਾਈ ਅਤੇ ਮਾਨਵੀ ਸਾਧਨ ਉਪਲੱਬਧ ਹਨ।

ਕਾਹਲੀ ਨਾਲ ਪਾਸ ਕੀਤੇ ਗਏ ਨਵੇਂ ਤਿੰਨ ਕਾਨੂੰਨ ਅਤੇ ਕਾਹਲੀ ਨਾਲ ਬਿਨਾ ਲੋੜੀਂਦੀ ਤਿਆਰੀ ਅਤੇ ਸਿਖਲਾਈ ਦੇ ਲਾਗੂ ਕੀਤੇ ਜਾ ਰਹੇ ਕਾਨੂੰਨ, ਕਾਨੂੰਨੀ ਪੇਚੀਦਗੀਆਂ ਅਤੇ ਨਿਆਂ ਪ੍ਰਕ੍ਰਿਆ ਨੂੰ ਹੋਰ ਜਟਿਲ ਬਣਾ ਸਕਦੇ ਹਨ। ਵਿਰੋਧੀ ਸਿਆਸੀ ਧਿਰਾਂ ਅਤੇ ਸਰਕਾਰ ਦੇ ਆਲੋਚਕਾਂ ਦਾ ਖਦਸ਼ਾ ਹੈ ਕਿ ਇਹ ਤਿੰਨੇ ਕਾਨੂੰਨ ਕੇਂਦਰ ਸਰਕਾਰ ਅਤੇ ਹੁਕਮਰਾਨ ਪਾਰਟੀ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਵਰਤੇਗੀ। ਇਨ੍ਹਾਂ ਨਵੇਂ ਫੌਜਦਾਰੀ ਕਾਨੂੰਨਾਂ ਸਬੰਧੀ ਜਨਤਕ ਸਫ਼ਾਂ ਵਿੱਚ ਸਵਾਲ ਉਠਣੇ ਲਾਜ਼ਮੀ ਹਨ ਕਿ ਨਵੇਂ ਫੌਜਦਾਰੀ ਕਾਨੂੰਨਾਂ ਲਈ ਜਲਦਬਾਜੀ ਕਿਉਂ?

# ਅਕਾਲੀ ਦਲ ਦਾ ਪੰਥਕ ਮੁਹਾਂਦਰਾ ਵਿਗਾੜਨ ਵਾਲਿਆਂ ਦੀ ਮੁਹਿੰਮ

ਅਮਰੀਕ ਸਿੰਘ ਮੁਕਤਸਰ

ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ॥
ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥

ਅੱਜ ਕੱਲ੍ਹ ਅਕਾਲੀ ਦਲ ਦੇ ਪੰਥਕ ਸਰੂਪ ਨੂੰ ਬਹਾਲ ਕਰਨ ਦਾ ਮਸਲਾ ਬਹੁਤ ਚਰਚਾ ਵਿੱਚ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੇ ਅਕਾਲੀ ਆਗੂ ਆਪਣੇ ਰਾਜਸੀ ਸਵਾਰਥਾਂ ਅਤੇ ਰੁਤਬਿਆਂ ਦੀ ਬੇਕਾਬੂ ਹਵਸ਼ ਦਾ ਸ਼ਿਕਾਰ ਹੋ ਕੇ ਪਿਛਲੇ ਤਿੰਨ ਦਹਾਕਿਆਂ ਦੌਰਾਨ ਅਕਾਲੀ ਦਲ ਦਾ ਪੰਥਕ ਮੁਹਾਂਦਰਾ ਵਿਗਾੜਨ ਵਿੱਚ ਮੁੱਖ ਰੂਪ ਵਿੱਚ ਦੋਸ਼ੀ ਸਨ, ਅੱਜ ਉਹ ਹੀ ਅਕਾਲੀ ਦਲ ਦੀ ਵਿਗੜੀ ਦਸ਼ਾ ਸਵਾਰਨ ਵਾਲੀ ਮੁਹਿੰਮ ਦੇ ਮੋਢੀ ਬਣੇ ਨਜ਼ਰ ਆ ਰਹੇ ਹਨ। ਸਵਾਲ ਹੈ ਕਿ ਉਹ ਅਜਿਹਾ ਕਰਨ ਲਈ ਕਿਉਂ ਮਜਬੂਰ ਹੋਏ? ਸਵਾਲ ਇਹ ਵੀ ਹੈ, ਕੀ ਅੱਜ ਉਨ੍ਹਾਂ ਦੀ ਰੂਹ ਵਿੱਚ ਕਮਾਏ ਗੁਨਾਹਾਂ ਦੇ ਪਸ਼ਚਾਤਾਪ ਦਾ ਅਹਿਸਾਸ ਉਨ੍ਹਾਂ ਨੂੰ ਅਜਿਹਾ ਕਰਨ ਲਈ ਪ੍ਰੇਰ ਰਿਹਾ ਹੈ? ਇਸਦੇ ਨਾਲ ਸੁਹਿਰਦ ਲੋਕਾਂ ਦੇ ਮਨਾਂ ਵਿੱਚ ਇਹ ਸਵਾਲ ਵੀ ਜ਼ਰੂਰ ਰੜਕਦਾ ਹੋਵੇਗੇ ਕਿ ਕੀ ਅਕਾਲ ਤਖਤ ਜਾਂ ਉੱਥੇ ਬੈਠਾ ਜਥੇਦਾਰ ਕੋਈ ਵਾਸ਼ਿੰਗ ਮਸ਼ੀਨ ਹੈ, ਜੋ ਕੁਝ ਪਲਾਂ ਵਿੱਚ ਇਨ੍ਹਾਂ ਦੇ ਦਹਾਕਿਆਂ ਵਿੱਚ ਕਮਾਏ ਗੁਨਾਹਾਂ ਨੂੰ ਧੋਣ ਦੀ ਸਮਰੱਥਾ ਰੱਖਦਾ ਹੈ? ਇਸਦੇ ਨਾਲ ਪੰਥ ਦਰਦੀ ਇਹ ਵੀ ਜ਼ਰੂਰ ਸੋਚਦੇ ਹੋਣਗੇ ਕਿ ਅਕਾਲ ਤਖਤ ਸਾਹਿਬ ਤੇ ਦੂਜੇ ਤਖਤਾਂ ਉਪਰ ਬੈਠੇ ਧਾਰਮਿਕ ਆਗੂ ਅਤੇ ਉਨ੍ਹਾਂ ਤੋਂ ਪਹਿਲਾਂ ਇਨ੍ਹਾਂ ਰੁਤਬਿਆਂ ਉੱਪਰ ਬੈਠੇ ਵਿਅਕਤੀਆਂ ਨੂੰ ਪਿਛਲੇ ਸਮੇਂ ਦੌਰਾਨ ਅਕਾਲੀ ਦਲ ਸਮੇਤ ਦੂਜੀਆਂ ਸਿੱਖ ਸੰਸਥਾਵਾਂ ਦੀ ਮਾਣ ਮਰਯਾਦਾ ਨੂੰ ਰੋਲਣ ਦੇ ਦੋਸ਼ ਤੋਂ ਆਜ਼ਾਦ ਕੀਤਾ ਜਾ ਸਕਦਾ ਹੈ?

ਦਰਅਸਲ ਇੱਥੇ ਮਸਲਾ ਇੱਕ ਸੰਸਥਾ ਜਾਂ ਆਗੂ ਦੇ ਕਿਰਦਾਰ ਦਾ ਨਹੀਂ, ਬਲਕਿ ਆਵਾ ਹੀ ਊਤ ਗਿਆ ਹੈ। ਸੋ ਅਕਾਲੀ ਦਲ ਦੇ ਪੰਥਕ ਸਰੂਪ ਦੀ ਬਹਾਲੀ ਵਾਲੇ ਮੂਲ ਮੁੱਦੇ ਦੀ ਹੀ ਵਿਚਾਰ ਕਰਦੇ ਹਾਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਕਾਲੀ ਦਲ ਦੀ ਮਜ਼ਬੂਤੀ, ਉਸਦੇ ਪੁਰਾਤਨ ਜਥੇਬੰਦਕ ਅਤੇ ਸਿਧਾਂਤਕ ਸਰੂਪ ਦੀ ਬਹਾਲੀ ਪੰਥ ਤੇ ਪੰਜਾਬ ਦੇ ਸੁਨਹਿਰੇ ਭਵਿੱਖ ਲਈ ਬਹੁਤ ਜ਼ਰੂਰੀ ਹੈ। ਇਹ ਵੀ ਸੱਚ ਹੈ ਕਿ ਪੰਜਾਬ ਦੀ ਸਿਆਸਤ 'ਚ ਅਕਾਲੀ ਦਲ ਇੱਕ ਨਿੱਗਰ ਭੂਮਿਕਾ ਨਿਭਾਅ ਸਕਦਾ ਹੈ; ਪਰ ਇਸਦੇ ਨਾਲ ਇਹ ਵੀ ਚਿੱਟੇ ਦਿਨ ਵਰਗਾ ਸੱਚ ਹੈ ਕਿ ਸੁਖਬੀਰ ਸਮੇਤ ਅਕਾਲੀ ਦਲ ਦੀ ਪਹਿਲੀ ਕਤਾਰ ਦੇ ਬਦਨਾਮ ਅਤੇ ਇਖਲਾਕਹੀਣ ਆਗੂਆਂ ਦੀ ਅਗਵਾਈ ਨੂੰ ਕਬੂਲਦੇ ਹੋਏ, ਇਸ ਮਿੱਥੇ ਟੀਚੇ ਨੂੰ ਕਦੇ ਵੀ ਹਾਸਲ ਨਹੀਂ ਕੀਤਾ ਜਾ ਸਕਦਾ। ਇਹ ਆਗੂ ਜੋ ਬੀਤੇ ਤਿੰਨ ਦਹਾਕੇ ਅਕਾਲ ਤਖਤ ਸਾਹਿਬ ਅਤੇ ਪੰਥਕ ਸੰਸਥਾਵਾਂ ਦੀ ਸ਼ਾਨ ਨੂੰ ਰੋਲਣ ਲਈ ਜ਼ਿੰਮੇਵਾਰ ਹਨ, ਅੱਜ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਸਜ਼ਾ ਲਵਾਉਣ ਦਾ ਪਾਖੰਡ ਸਿਰਜ ਕੇ ਆਪਣੇ ਡੁੱਬ ਰਹੇ ਸਿਆਸੀ ਕਰੀਅਰ ਨੂੰ ਬਚਾਉਣ ਲਈ ਤਰਲੋਮੱਛੀ ਹੋ ਰਹੇ ਹਨ।

ਸਿੱਖ ਕੌਮ ਐਨੀ ਨਾਦਾਨ ਨਹੀਂ ਹੈ, ਸ਼ੋਸ਼ਲ ਮੀਡੀਏ ਦਾ ਯੁੱਗ ਹੈ। ਹੁਣ ਅੱਗੇ ਵਾਲੀ ਗੱਲ ਨਹੀਂ ਰਹੀ ਕਿ ਕਾਮਰੇਡ ਹਮਦਰਦ ਅਤੇ ਕਾਮਰੇਡ ਹਰਚਰਨ ਬੈਂਸ ਵਰਗੇ ਚਾਣਕੀਏ ਆਪਣੀ ਚਤਰ ਚਲਾਕੀ ਨਾਲ ਤੁਹਾਨੂੰ ਇਸ ਸੰਕਟ ਵਿੱਚੋਂ ਕੱਢ ਕੇ ਫਿਰ ਸੱਤਾ ਦੇ ਦੁਆਰ ਵੱਲ ਲੈ ਜਾਣਗੇ! ਹੁਣ ਤਾਂ ਸੱਚੇ ਮਨ ਤੋਂ ਪੰਥ ਨੂੰ ਸਮਰਪਿਤ ਹੋਏ ਬਿਨਾ ਹੱਲ ਦੀ ਆਸ ਕਰਨੀ ਮਹਾ ਮੂਰਖਤਾ ਹੋਵੇਗੀ। ਇਸ ਤੋਂ ਇਲਾਵਾ ਅਕਾਲੀ ਦਲ ਦੇ ਦੋ ਧੜਿਆਂ ਦੀ ਨਹੀਂ, ਸਗੋ ਸਮੁੱਚੇ ਪੰਥ ਦੀ ਏਕਤਾ ਦਾ ਸਵਾਲ ਲੈ ਕੇ ਅੱਗੇ ਵਧਣਾ ਪਵੇਗਾ।

ਹੁਣ ਪੰਥਕ ਏਕਤਾ ਦੇ ਸੁਝਾਅ ਵੱਲ ਆਉਂਦੇ ਹਾਂ। ਸਭ ਤੋਂ ਪਹਿਲਾਂ ਸਵੈ-ਹਿੱਤਾਂ ਨੂੰ ਤਿਆਗ ਕੇ ਅਤੇ ਏਕਤਾ ਦਾ ਦ੍ਰਿੜ ਵਿਸ਼ਵਾਸ ਮਨ ਵਿੱਚ ਲੈ ਕੇ ਸਾਰੇ ਆਗੂ ਅਕਾਲ ਤਖ਼ਤ ਸਾਹਿਬ ਅੱਗੇ ਜੁੜਨ। ਪੰਥਕ ਰਵਾਇਤਾਂ ਅਤੇ ਹਾਲਾਤ ਦੀ ਗੰਭੀਰਤਾ ਨੂੰ ਦੇਖਦੇ ਨਿਰਪੱਖ ਰਾਏ ਇਹੀ ਬਣਦੀ ਹੈ ਕਿ ਵੱਖ ਵੱਖ ਅਕਾਲੀ ਧੜਿਆਂ ਨੂੰ 5-5 ਪੰਥਕ ਸ਼ਖਸੀਅਤਾਂ ਦੇ ਨਾਮ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇ; ਪਰ ਸ਼ਰਤ ਇਹ ਹੋਵੇ ਕਿ ਇਨ੍ਹਾਂ ਨਾਵਾਂ ਵਿੱਚ ਕਿਸੇ ਵੀ ਧੜੇ ਦਾ ਮੌਜੂਦਾ ਮੁਖੀ ਜਾਂ ਗੁਨਾਹਾਂ ਵਿੱਚ ਸ਼ਾਮਲ ਕੋਈ ਆਗੂ ਨਾ ਹੋਵੇ। ਸਾਰੇ ਧੜਿਆਂ ਵੱਲੋਂ ਸੁਝਾਏ 5-5 ਨਾਵਾਂ ਦੀਆਂ ਪਰਚੀਆਂ ਪਾ ਕੇ ਪੰਜ ਪਰਚੀਆਂ ਚੁਣੀਆਂ ਜਾਣ। ਇਸ ਚੋਣ ਤੋਂ ਬਾਅਦ ਮਿਥੇ ਸਮੇਂ ਅੰਦਰ ਇਨ੍ਹਾਂ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਅਕਾਲੀ ਦਲ ਦੀ ਉਸਦੇ ਪੁਰਾਤਨ ਸੰਵਿਧਾਨ ਮੁਤਾਬਕ ਭਰਤੀ ਕਰਾ ਕੇ ਪੁਨਰ ਗਠਨ ਕੀਤਾ ਜਾਵੇ। ਇਨ੍ਹਾਂ ਪੰਜਾਂ ਦੀ ਅਗਵਾਈ ਵਿੱਚ ਹੀ ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜੀਆਂ ਜਾਣ। ਇਨ੍ਹਾਂ ਪੰਜਾਂ ਦੀ ਚੋਣ ਤੋਂ ਬਾਅਦ ਇਹ ਤਖਤਾਂ ਦੇ ਜਥਦਾਰਾਂ ਨੂੰ ਵੀ ਸੇਵਾ ਮੁਕਤ ਹੋਣ ਦਾ ਹੁਕਮ ਕਰਨ ਅਤੇ ਅਕਾਲੀ ਦਲ ਦੀ ਪੁਨਰ ਸਥਾਪਤੀ ਤੇ ਗੁਰਦੁਆਰਾ ਕਮੇਟੀ ਦੀ ਨਵੀਂ ਚੋਣ ਤੋਂ ਬਾਅਦ ਪੰਥਕ ਰਵਾਇਤਾਂ ਮੁਤਾਬਿਕ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਕੀਤੀ ਜਾਵੇ। ਉਦੋਂ ਤੱਕ ਸਾਰੀ ਰਾਜਸੀ ਅਤੇ ਧਾਰਮਿਕ ਅਗਵਾਈ ਚੁਣੇ ਪੰਜਾਂ ਦੇ ਹੱਥ ਰਹੇ ਅਤੇ ਇਹ ਪੰਜ ਆਪਣੀ ਸਹਾਇਤਾ ਲਈ ਵੱਖ ਵੱਖ ਕਮੇਟੀਆਂ ਬਣਾ ਕੇ ਮਿੱਥੇ ਟੀਚੇ ਨੂੰ ਮਿਥੇ ਸਮੇਂ ਵਿੱਚ ਪੂਰਾ ਕਰਨ।

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...



-ਸੰਤ ਸੰਧੂ, ਤਲਵੰਡੀ ਸਲੇਮ (ਜਲੰਧਰ)

| | |
|---|---|
| **ਅਕਾਲੀ ਦਲ:** | **ਗੱਡੀ ਆ ਗਈ ਸੰਦੂਕੋਂ ਖਾਲੀ, ਬਹੁਤਿਆਂ ਭਰਾਵਾਂ ਵਾਲੀਏ** |
| **ਸੁਖਬੀਰ ਬਾਦਲ:** | **ਮੈਂ ਦੁਖ ਮਿੱਤਰਾਂ ਕੋਲ ਰੋਵਾਂ, ਕੰਤ ਨਿਆਣੇ ਦੇ** |
| **ਤੀਜੀ ਵਾਰ ਸਰਕਾਰ:** | **ਸੁੱਤੀ ਪਈ ਦੇ ਸਿਰ੍ਹਾਣੇ ਰਿੱਛ ਬੰਨਿਆ, ਮਾਪਿਆਂ ਨੇ ਲੈ ਲੇ ਬਦਲੇ** |
| **ਇੰਡੀਆ:** | **ਜੁੱਤੀ ਡਿੱਗ ਪਈ ਸਿਤਾਰਿਆਂ ਵਾਲੀ, ਨਿੱਜ ਤੇਰੇ ਬੋਤੇ 'ਤੇ ਚੜ੍ਹੀ** |
| **ਗੱਠਜੋੜ:** | **'ਵਾਜਾਂ ਮਾਰਦੇ ਬੱਕਰੀਆਂ ਵਾਲੇ, ਦੁੱਧ ਪੀ ਜਾ ਰਾਮ ਰੱਖੀਏ** |
| **ਰਾਹੁਲ ਗਾਂਧੀ:** | **ਛੜਿਆਂ ਦੀ ਅੱਗ ਨਾ ਬਲੇ, ਰੰਨਾਂ ਵਾਲਿਆਂ ਦੇ ਪੱਕਣ ਪਰੌਂਠੇ** |
| **ਪੰਜਾਬ:** | **ਖੱਟੀ ਲੱਸੀ ਦੀ ਸੁਲ੍ਹਾ ਨਾ ਮਾਰੀ, ਬਾਪੂ ਤੇਰੇ ਕੁੜਮਾਂ ਨੇ** |
| **ਜਗੀਰ ਕੌਰ:** | **ਪੱਲੇ ਨਿਕਲੀ ਦੁਆਨੀ ਖੋਟੀ, ਲੱਡੂਆਂ ਦੇ ਭਾਅ ਪੁੱਛਦੀ** |
| **ਹਰਸਿਮਰਤ ਬਾਦਲ:** | **ਚੱਕੇ ਜਾਮ ਹੋ ਗਏ ਤੁਰੀ ਜਾਂਦੀ ਰੇਲ ਦੇ, ਤੈਨੂੰ ਵੇਖ ਕੇ** |
| **ਮਾਇਆਵਤੀ:** | **ਤੈਨੂੰ ਸਖੀਆਂ ਮਿਲਣ ਨਾ ਆਈਆਂ, ਕਿੱਕਰਾਂ ਨੂੰ ਪਾ ਲੈ ਜੱਫੀਆਂ** |
| **ਬੀਜੂ ਪਟਨਾਇਕ:** | **ਚੁੱਲ੍ਹੇ ਅੱਗ ਨਾ ਘੜੇ ਦੇ ਵਿੱਚ ਪਾਣੀ, ਉਹ ਘਰ ਛੜਿਆਂ ਦਾ** |
| **ਬ੍ਰਿਜਭੂਸ਼ਨ:** | **ਛੜੇ ਜੁੱਤੀਆਂ ਖਾਣ ਦੇ ਮਾਰੇ, ਲੰਘਦੇ ਘੰਗੂਰਾ ਮਾਰ ਕੇ** |
| **ਨਰਿੰਦਰ ਮੋਦੀ:** | **ਅੱਗ ਲਾ ਕੇ ਫੂਕ ਦਿਆਂ ਗਹਿਣੇ, ਬਾਪੂ ਮੁੰਡਾ ਤੇਰੇ ਹਾਣ ਦਾ** |
| **ਡਾ. ਰਾਮ ਮੂਰਤੀ:** | **ਕੁਰਸੀ ਮੇਰੇ ਵੀਰ ਦੀ ਥਾਣੇਦਾਰ ਦੇ ਬਰਾਬਰ ਡਹਿੰਦੀ** |
| **ਹੰਸ ਰਾਜ ਹੰਸ:** | **ਲੈ ਵੇ ਰਾਂਝਿਆ ਵਾਹ ਮੈਂ ਲਾ ਥੱਕੀ, ਮੇਰੇ ਵੱਸ ਥੀਂ ਗੱਲ ਬੇਵੱਸ ਹੋਈ** |
| **ਮੰਦਰ ਰਾਜਨੀਤੀ:** | **ਮੇਰੇ ਜੇਠ ਦੇ ਪੁੱਠੇ ਦਿਨ ਆਏ, ਕਿੱਕਰਾਂ ਨੂੰ ਪਾਵੇ ਜੱਫੀਆਂ** |
| **ਕੇਜਰੀਵਾਲ:** | **ਵਾਰਸਸ਼ਾਹ ਫਿਰੇ ਦੁੱਖਾਂ ਨਾਲ ਭਰਿਆ, ਖਲਕਤ ਓਸ ਦੇ ਮਗਰ ਕਿਓਂ ਪਈ ਏ ਜੀ** |
| **ਇਜ਼ਰਾਇਲ ਹਮਲਾ:** | **ਚੌਂਕੀ ਜ਼ਾਲਮਾਂ ਦੀ ਆਈ, ਲੋਕੋ ਜਾਗਦੇ ਰਹਿਣਾ।** |

# ਦੱਖਣੀ ਕੋਰੀਆ ਵਿੱਚ ਪੰਜਾਬੀਆਂ ਦੀ ਮਸ਼ਹੂਰੀ

**ਪੰਜਾਬੀ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿੱਚ ਵੱਸੇ ਹੋਏ ਹਨ ਤੇ ਆਪਣੀ ਮਿਹਨਤ, ਲਿਆਕਤ ਅਤੇ ਮੁਹੱਬਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕਰ ਰਹੇ ਹਨ। ਦੱਖਣੀ ਕੋਰੀਆ ਵਿੱਚ ਆਉਣ ਵਾਲੇ ਸ਼ੁਰੂਆਤੀ ਪੰਜਾਬੀਆਂ ਵਿੱਚੋਂ ਜ਼ਿਆਦਾਤਰ ਪੰਜਾਬੀ ਵੱਡੇ ਵਪਾਰੀ ਜਾਂ ਕਾਰੋਬਾਰੀ ਸਨ। ਹੁਣ ਇਸ ਮੁਲਕ ਵਿੱਚ ਕੰਮ ਕਰਨ ਵਾਲੇ ਪੰਜਾਬੀਆਂ ਦੇ ਪ੍ਰਮੁੱਖ ਕਿੱਤੇ ਖੇਤੀਬਾੜੀ, ਹੋਟਲ ਤੇ ਰੈਸਟੋਰੈਂਟ ਸਨਅਤ ਅਤੇ ਵਪਾਰ ਆਦਿ ਹਨ। ਕੋਈ ਵੇਲਾ ਸੀ ਜਦੋਂ ਇੱਥੇ ਰਹਿੰਦੇ ਸਿੱਖਾਂ ਨੂੰ ਸ਼ਨਾਖ਼ਤੀ ਕਾਰਡ ਬਣਵਾਉਣ ਸਮੇਂ ਲਗਾਈ ਜਾਣ ਵਾਲੀ ਫ਼ੋਟੋ ਵਿੱਚ ਪਗੜੀ ਅਤੇ ਲੰਮੀ ਦਾਹੜੀ ਰੱਖਣ ਦੀ ਇਜਾਜ਼ਤ ਨਹੀਂ ਸੀ, ਪਰ ਹੁਣ ਅਜਿਹੀ ਕੋਈ ਵੀ ਸ਼ਰਤ ਬਾਕੀ ਨਹੀਂ ਹੈ। ਪੇਸ਼ ਹੈ, ਦੱਖਣੀ ਕੋਰੀਆ ਵਿੱਚ ਵਸੇ ਪੰਜਾਬੀਆਂ ਬਾਰੇ ਸੰਖੇਪ ਵੇਰਵਾ...**

## ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008





ਸਿਓਲ ਵਿਖੇ 'ਗੁਰਦੁਆਰਾ ਸਿੰਘ ਸਭਾ'

ਦੱਖਣੀ ਕੋਰੀਆ ਵਿੱਚ ਪੰਜਾਬੀਆਂ ਦੀ ਸੰਖਿਆ ਕੋਈ ਬਹੁਤ ਜ਼ਿਆਦਾ ਨਹੀਂ ਹੈ। ਦੱਖਣੀ ਕੋਰੀਆ ਨੂੰ ਜਦੋਂ ਜਾਪਾਨ ਦੇ ਕਬਜ਼ੇ ਤੋਂ ਆਜ਼ਾਦੀ ਮਿਲੀ ਸੀ ਤਾਂ ਉਦੋਂ ਤੋਂ ਹੀ ਪੰਜਾਬੀ ਕੌਮ ਉੱਥੇ ਵੱਸ ਰਹੀ ਹੈ। ਇੱਥੇ ਆਉਣ ਵਾਲੇ ਸ਼ੁਰੂਆਤੀ ਪੰਜਾਬੀਆਂ ਵਿੱਚੋਂ ਜ਼ਿਆਦਾਤਰ ਪੰਜਾਬੀ ਵੱਡੇ ਵਪਾਰੀ ਜਾਂ ਕਾਰੋਬਾਰੀ ਸਨ। ਉਨ੍ਹਾਂ ਨੇ ਇੱਥੇ ਆ ਕੇ ਕੱਪੜੇ ਦੀਆਂ ਮਿੱਲਾਂ ਲਗਾਈਆਂ ਸਨ ਅਤੇ ਉਨ੍ਹਾਂ ਮਿੱਲਾਂ 'ਚ ਬਣਿਆ ਕੱਪੜਾ ਭਾਰਤ ਤੇ ਮੱਧ ਪੂਰਬ ਦੇ ਦੇਸ਼ਾਂ ਨੂੰ ਨਿਰਯਾਤ ਕਰਦੇ ਸਨ। ਉਨਾਂ ਵੇਲਿਆਂ ਵਿੱਚ ਕਿਉਂਕਿ ਇਸ ਮੁਲਕ ਅੰਦਰ ਵਿਦੇਸ਼ੀਆਂ ਦੇ ਨਿਵਾਸ ਕਰਨ ਸਬੰਧੀ ਨਿਯਮ ਬੜੇ ਕਰੜੇ ਸਨ, ਇਸ ਲਈ ਜ਼ਿਆਦਾਤਰ ਪੰਜਾਬੀ ਕਾਰੋਬਾਰੀ ਇੱਥੇ ਲੰਮਾ ਸਮਾਂ ਨਾ ਰੁਕ ਸਕੇ ਤੇ ਆਪਣੇ ਮੁਲਕ ਨੂੰ ਪਰਤ ਗਏ ਸਨ।

ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਵਿੱਚ ਪੰਜਾਬ ਤੇ ਭਾਰਤ ਵਿੱਚ ਰੁਜ਼ਗਾਰ ਦੀ ਘਾਟ ਹੋ ਜਾਣ ਕਰਕੇ ਅਨੇਕਾਂ ਪੰਜਾਬੀਆਂ ਨੇ ਰੁਜ਼ਗਾਰ ਅਤੇ ਚੰਗੀ ਕਮਾਈ ਦੀ ਤਲਾਸ਼ ਵਿੱਚ ਆਪਣੀ ਵਿੱਤੀ ਹੈਸੀਅਤ ਮੁਤਾਬਿਕ ਮੱਧ ਪੂਰਬ ਦੇ ਦੇਸ਼ਾਂ ਤੋਂ ਇਲਾਵਾ ਕੈਨੇਡਾ, ਇੰਗਲੈਂਡ, ਅਮਰੀਕਾ ਅਤੇ ਹੋਰ ਮੁਲਕਾਂ ਵੱਲ ਨੂੰ ਚਾਲੇ ਪਾ ਦਿੱਤੇ ਸਨ। ਰੁਜ਼ਗਾਰ ਹਾਸਿਲ ਕਰਨ ਦੇ ਮਾਰੇ ਕੁਝ ਕੁ ਪੰਜਾਬੀ ਦੱਖਣੀ ਕੋਰੀਆ ਵਿਖੇ ਵੀ ਆਣ ਪੁੱਜੇ ਸਨ ਅਤੇ ਇੱਥੇ ਆ ਕੇ ਹੱਡ-ਭੰਨ੍ਹਵੀਂ ਮਿਹਨਤ ਮਜ਼ਦੂਰੀ ਕਰਨ ਲੱਗ ਪਏ ਸਨ। ਫਿਰ ਕੁਝ ਸਮੇਂ ਬਾਅਦ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਇੱਥੇ ਹੀ ਸੱਦ ਲਿਆ ਸੀ ਤੇ ਬੀਤੇ ਪੰਜਾਹ ਦੇ ਕਰੀਬ ਸਾਲਾਂ ਤੋਂ ਕੋਈ ਛੇ ਸੌ ਦੇ ਕਰੀਬ ਪੰਜਾਬੀ ਆਪਣੇ ਪਰਿਵਾਰਾਂ ਸਮੇਤ ਇੱਥੇ ਵੱਸ ਰਹੇ ਹਨ।

ਪੰਜਾਬੀਆਂ ਨੇ ਦੱਖਣੀ ਕੋਰੀਆ ਅੰਦਰ ਆਪਣਾ ਪਹਿਲਾ ਗੁਰਦੁਆਰਾ ਸੰਨ 1998 ਵਿੱਚ ਸੁੰਗਰੀ ਨਾਮਕ ਇਲਾਕੇ ਵਿੱਚ ਇੱਕ ਕਿਰਾਏ ਦੀ ਇਮਾਰਤ ਵਿਖੇ ਸਥਾਪਿਤ ਕੀਤਾ ਸੀ, ਪਰ ਬਦਕਿਸਮਤੀ ਨਾਲ ਸੰਨ 2000 ਵਿੱਚ ਇਸ ਗੁਰਦੁਆਰੇ ਨੂੰ ਭਿਆਨਕ ਅੱਗ ਲੱਗ ਗਈ ਤੇ ਇਹ ਬੁਰੀ ਤਰ੍ਹਾਂ ਸੜ੍ਹ ਗਿਆ ਸੀ। ਗੁਰੂਘਰ ਦੇ ਪ੍ਰੇਮੀਆਂ ਨੇ ਮੁੜ ਤੋਂ ਮਾਇਆ ਇਕੱਤਰ ਕਰਕੇ ਇਕ ਹੋਰ ਕਿਰਾਏ ਦੀ ਇਮਾਰਤ ਲਈ ਅਤੇ ਉੱਥੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਸੰਨ 2004 ਵਿੱਚ ਕਰ ਦਿੱਤੀ ਸੀ। ਤਾਜ਼ਾ ਜਾਣਕਾਰੀ ਅਨੁਸਾਰ ਉੱਥੋਂ ਦੀ ਹਕੂਮਤ ਨੇ ਕੁਝ ਸਮਾਂ ਪਹਿਲਾਂ ਹੀ ਪੰਜਾਬੀਆਂ ਨੂੰ ਉੱਥੋਂ ਦੀ ਨਾਗਰਿਕਤਾ ਲੈਣ ਦੀ ਆਗਿਆ ਪ੍ਰਦਾਨ ਕੀਤੀ ਹੈ।


ਬਾਕੀ ਮੁਲਕਾਂ ਵਿੱਚ ਵੱਸ ਰਹੇ ਪੰਜਾਬੀਆਂ ਨੂੰ ਜਿਹੜੀ ਗੱਲ ਇੱਥੇ ਜ਼ਿਆਦਾ ਪ੍ਰੇਸ਼ਾਨ ਕਰਦੀ ਹੈ, ਉਹ ਇਹ ਹੈ ਕਿ ਇਸ ਮੁਲਕ ਦੇ ਮੂਲ ਵਾਸੀ ਪੰਜਾਬ, ਪੰਜਾਬੀਆਂ ਜਾਂ ਸਿੱਖ ਧਰਮ ਬਾਰੇ ਜਾਣਨ ਵਿੱਚ ਬਿਲਕੁਲ ਵੀ ਦਿਲਚਸਪੀ ਨਹੀਂ ਰੱਖਦੇ ਹਨ। ਆਲਮ ਇਹ ਹੈ ਕਿ ਇੱਥੇ ਪੁਰਸ਼ ਪੰਜਾਬੀਆਂ ਦੀ ਸੰਖਿਆ ਔਰਤਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ। ਇੱਥੇ ਟੂਰਿਸਟ ਵੀਜ਼ੇ 'ਤੇ ਆਉਣ ਵਾਲੇ ਜ਼ਿਆਦਾਤਰ ਪੰਜਾਬੀ ਨੌਜਵਾਨ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਇੱਥੇ ਰੁਕੇ ਰਹਿੰਦੇ ਹਨ ਤੇ ਉਨ੍ਹਾਂ ਵਿੱਚੋਂ ਕਈ ਨੌਜਵਾਨ ਦੱਖਣੀ ਕੋਰੀਆ ਦੀ ਕਿਸੇ ਪੱਕੀ ਕੁੜੀ ਨਾਲ ਸ਼ਾਦੀ ਕਰਕੇ ਇੱਥੋਂ ਦੀ ਨਾਗਰਿਕਤਾ ਹਾਸਿਲ ਕਰ ਲੈਂਦੇ ਹਨ। ਜਿਹੜੇ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੋ ਪਾਉਂਦੇ, ਉਨ੍ਹਾਂ ਨੂੰ ਫੜ੍ਹ ਕੇ ਡਿਪੋਰਟ ਕਰ ਦਿੱਤਾ ਜਾਂਦਾ ਹੈ। ਇਸ ਮੁਲਕ ਵਿੱਚ ਵੱਸਣ ਵਾਲੇ ਪੰਜਾਬੀਆਂ ਵਿੱਚੋਂ ਪਗੜੀਧਾਰੀ ਪੰਜਾਬੀਆਂ ਦੀ ਸੰਖਿਆ ਬੇਹੱਦ ਘੱਟ ਹੈ ਤੇ ਜ਼ਿਆਦਾਤਰ ਪੰਜਾਬੀ ਨੌਜਵਾਨ ਬਤੌਰ ਸਹਿਜਧਾਰੀ ਸਿੱਖ ਇੱਥੇ ਰਹਿੰਦੇ ਹਨ। ਇਸ ਮੁਲਕ ਵਿੱਚ ਕੰਮ ਕਰਨ ਵਾਲੇ ਪੰਜਾਬੀਆਂ ਦੇ ਪ੍ਰਮੁੱਖ ਕਿੱਤੇ ਖੇਤੀਬਾੜੀ, ਹੋਟਲ ਅਤੇ ਰੈਸਟੋਰੈਂਟ ਸਨਅਤ ਅਤੇ ਵਪਾਰ ਆਦਿ ਹਨ। ਇਸ ਮੁਲਕ ਦੇ 'ਗਿਊਂਗੀ ਡੂ' ਪ੍ਰਾਂਤ ਵਿੱਚ ਸਿਓਲ ਵਿਖੇ 'ਗੁਰਦੁਆਰਾ ਸਿੰਘ ਸਭਾ' ਦੀ ਸਥਾਪਨਾ ਕੀਤੀ ਗਈ ਹੈ, ਜਿੱਥੇ ਪੰਜ ਸੌ ਦੇ ਕਰੀਬ ਪੰਜਾਬੀ ਇਕੱਤਰ ਹੋ ਕੇ ਵੱਖ-ਵੱਖ ਗੁਰਪੁਰਬ ਮਨਾਉਂਦੇ ਹਨ ਅਤੇ ਹੋਰ ਧਾਰਮਿਕ ਸਮਾਗਮਾਂ ਦਾ ਆਯੋਜਨ ਕਰਦੇ ਹਨ। ਉਧਰ 'ਬੁੰਗਨਨ' ਨਾਮਕ ਇਲਾਕੇ ਵਿੱਚ ਵੀ ਇੱਕ ਛੋਟੇ ਜਿਹੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ ਹੈ। ਸਾਲ 2013 ਦੇ ਜਨਸੰਖਿਆ ਅੰਕੜਿਆਂ ਅਨੁਸਾਰ ਦੱਖਣੀ ਕੋਰੀਆ ਵਿਖੇ ਵੱਸਣ ਵਾਲੇ ਭਾਰਤੀਆਂ ਦੀ ਸੰਖਿਆ 24,414 ਸੀ, ਜਦੋਂ ਕਿ ਇਨ੍ਹਾਂ ਵਿੱਚੋਂ ਪੰਜਾਬੀਆਂ ਦੀ ਸੰਖਿਆ ਛੇ ਸੌ ਤੋਂ ਵੀ ਘੱਟ ਸੀ।

ਬੇਹੱਦ ਦਿਲਚਸਪ ਜਾਣਕਾਰੀ ਹੈ ਕਿ ਕੋਰੀਆ ਦੇ ਵਿਦਵਾਨਾਂ ਅਨੁਸਾਰ ਭਾਰਤ ਨਾਲ ਕੋਰੀਆ ਦਾ ਸਬੰਧ 11ਵੀਂ ਸਦੀ ਦੇ ਸਮੇਂ ਤੋਂ ਹੈ। ਉਸ ਵੇਲੇ 'ਸੂਰੋ' ਨਾਮਕ ਇੱਕ ਰਾਜਕੁਮਾਰੀ ਸੀ, ਜੋ 'ਅਯੁੱਟਾ' ਨਾਮਕ ਰਾਜ ਨਾਲ ਸਬੰਧ ਰੱਖਦੀ ਸੀ। ਇਤਿਹਾਸਕਾਰਾਂ ਨੇ ਖੋਜ ਉਪਰੰਤ ਤੱਤ ਕੱਢਿਆ ਸੀ ਕਿ ਉਹ ਰਾਜਕੁਮਾਰੀ ਅਸਲ ਵਿੱਚ ਜਿਸ ਰਾਜ ਨਾਲ ਸਬੰਧ ਰੱਖਦੀ ਸੀ, ਉਹ 'ਅਯੁੱਟਾ' ਨਹੀਂ ਸਗੋਂ ਭਾਰਤ ਦਾ ਸ਼ਹਿਰ 'ਅਯੁੱਧਿਆ' ਸੀ। ਦੱਸਿਆ ਜਾਂਦਾ ਹੈ ਕਿ 673 ਈਸਵੀ ਵਿੱਚ ਚੀਨ ਤੋਂ ਇੱਕ ਬੋਧੀ ਯਾਤਰੀ 'ਯੀਜ਼ਿੰਗ' ਭਾਰਤ ਗਿਆ ਸੀ ਤੇ ਉਸਨੇ ਇਹ ਗੱਲ ਆਪਣੀ ਪੁਸਤਕ ਵਿੱਚ ਦਰਜ ਕੀਤੀ ਸੀ ਕਿ ਭਾਰਤ ਦੇ ਲੋਕ ਕੋਰੀਆ ਦੇ ਰੀਤੀ-ਰਿਵਾਜਾਂ ਅਤੇ ਧਾਰਮਿਕ ਪਰੰਪਰਾਵਾਂ ਤੋਂ ਭਲੀਭਾਂਤ ਵਾਕਿਫ਼ ਸਨ।

ਇਤਿਹਾਸਕ ਦਸਤਾਵੇਜ਼ ਇਹ ਵੀ ਦੱਸਦੇ ਹਨ ਕਿ ਚੌਥੀ ਸਦੀ ਵਿੱਚ ਤਿੰਨ ਬੋਧੀ ਪ੍ਰਚਾਰਕ ਬੁੱਧ ਮਤ ਦੇ ਪ੍ਰਚਾਰ ਹਿਤ ਕੋਰੀਆ ਪੁੱਜੇ ਸਨ। ਇਨ੍ਹਾਂ ਵਿੱਚੋਂ ਮੇਘਾਨੰਦ ਨਾਂ ਦਾ ਇੱਕ ਬੋਧੀ ਪ੍ਰਚਾਰਕ ਭਾਰਤ ਤੋਂ ਆਇਆ ਸੀ ਤੇ ਉਹ ਸੰਨ 384 ਵਿੱਚ 'ਬਾਇਜੇ' ਰਾਜ ਦੇ 'ਰਾਜਾ ਚਿਮਨਾਯੂ' ਦੇ ਦਰਬਾਰ ਵਿੱਚ ਵੀ ਪੁੱਜਾ ਸੀ। ਬਾਕੀ ਦੇ ਦੋ ਬੋਧੀ ਪ੍ਰਚਾਰਕਾਂ ਨੇ ਕੋਰੀਆ ਦੇ ਬਾਕੀ ਪ੍ਰਾਂਤਾਂ ਵਿੱਚ ਜਾ ਕੇ ਬੁੱਧ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਸੀ।

ਸੰਨ 1950 ਦੇ ਆਸਪਾਸ ਹੋਏ ਇਤਿਹਾਸਕ 'ਕੋਰੀਆ ਯੁੱਧ' ਵਿੱਚ ਭਾਰਤੀ ਫ਼ੌਜ ਨੇ ਸਿੱਧੇ ਤੌਰ 'ਤੇ ਕੋਈ ਸ਼ਮੂਲੀਅਤ ਨਹੀਂ ਕੀਤੀ ਸੀ, ਪਰ ਭਾਰਤੀ ਫ਼ੌਜ ਦੀ ਮੈਡੀਕਲ ਯੂਨਿਟ ਦੇ ਕੁਝ ਸਿੱਖ ਜਵਾਨ ਇੱਥੇ ਯੂਨਾਈਟਿਡ ਨੇਸ਼ਨਜ਼ ਭਾਵ ਸੰਯੁਕਤ ਰਾਸ਼ਟਰ ਸੰਘ ਦੇ ਝੰਡੇ ਹੇਠ 'ਇੰਡੀਅਨ ਫ਼ੀਲਡ ਐਂਬੂਲੈਂਸ' ਤਹਿਤ ਨਵੰਬਰ 1950 ਤੋਂ ਮਈ 1954 ਤੱਕ ਰਹੇ ਸਨ। ਇਸ ਯੂਨਿਟ ਦੇ ਸੈਨਿਕਾਂ ਨੇ ਇੱਥੇ ਰਹਿ ਕੇ ਉਕਤ ਯੁੱਧ ਵਿੱਚ ਸ਼ਾਮਿਲ ਅਮਰੀਕੀ ਫ਼ੌਜ, ਰੌਕ ਫ਼ੋਰਸਿਜ਼ ਆਫ਼ ਕਾਮਨਵੈਲਥ ਡਿਵੀਜਨ ਅਤੇ ਸਥਾਨਕ ਲੋਕਾਂ ਦੀ ਭਰਪੂਰ ਮਦਦ ਤੇ ਸੇਵਾ ਕੀਤੀ ਸੀ, ਜਿਸ ਕਰਕੇ ਉਨ੍ਹਾਂ ਸਿੱਖ ਜਵਾਨਾਂ ਦੇ ਸਮੂਹ ਨੂੰ 'ਦਿ ਮੈਰੂਨ ਏਂਜਲਜ਼' ਦੇ ਖ਼ਿਤਾਬ ਨਾਲ ਨਿਵਾਜਿਆ ਗਿਆ ਸੀ।

ਬੜਾ ਹੀ ਦਿਲਚਸਪ ਤੱਥ ਹੈ ਕਿ ਨੌ ਸੌ ਤੋਂ ਵੱਧ ਭਾਰਤੀ ਇੱਥੇ ਬਤੌਰ ਵਿਗਿਆਨੀ ਜਾਂ ਪੋਸਟ ਡਾਕਟਰੇਟ ਰਿਸਰਚ ਸਕਾਲਰਸ਼ਿਪ ਅਧੀਨ ਖੋਜ ਕਾਰਜਾਂ ਹਿਤ ਕੰਮ ਕਰ ਰਹੇ ਹਨ। ਭਾਵੇਂ ਕਿ ਸੰਨ 1970 ਤੋਂ ਬਾਅਦ ਕਈ ਸਾਰੇ ਭਾਰਤੀਆਂ ਨੇ ਦੱਖਣੀ ਕੋਰੀਆ ਦਾ ਰੁਖ਼ ਕੀਤਾ ਸੀ, ਪਰ ਸੰਨ 2014 ਵਿੱਚ ਇੱਥੋਂ ਦੀ ਸਰਕਾਰ ਨੇ 'ਇੰਡਸਟਰੀਅਲ ਐਂਡ ਇੰਪਲਾਏਮੈਂਟ ਪਰਮਿਟ ਸਕੀਮ' ਜਾਰੀ ਕੀਤੀ ਸੀ ਤੇ ਭਾਰਤ ਸਮੇਤ 15 ਮੁਲਕਾਂ ਦੇ ਨਾਗਰਿਕਾਂ ਨੂੰ ਦੱਖਣੀ ਕੋਰੀਆ ਵਿੱਚ ਭਵਨ ਨਿਰਮਾਣ, ਖੇਤੀਬਾੜੀ, ਪਸ਼ੂ ਪਾਲਣ ਅਤੇ ਉਤਪਾਦਨ ਯੂਨਿਟਾਂ ਵਿੱਚ ਬਤੌਰ ਲੇਬਰ ਕੰਮ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ।



ਯੁੱਧ ਦੌਰਾਨ ਸ਼ਿਸ਼ਟਾਚਾਰ: 60 ਪੈਰਾ ਫੀਲਡ ਐਂਬੂਲੈਂਸ ਯੂਨਿਟ ਦਾ ਇੱਕ ਭਾਰਤੀ ਸਿੱਖ ਫੌਜੀ ਕੋਰੀਆਈ ਯੁੱਧ ਦੌਰਾਨ ਮਰੀਜ਼ਾਂ ਦਾ ਇਲਾਜ ਕਰਦਾ ਹੋਇਆ



ਪੰਜਾਬੀ ਐਸੋਸੀਏਸ਼ਨ ਆਫ਼ ਕੋਰੀਆ ਦੇ ਪ੍ਰਧਾਨ ਲਖਵਿੰਦਰ ਸਿੰਘ (ਖੱਬੇ ਪਾਸੇ) ਪਹਿਲੇ ਕੋਰੀਆਈ ਸਿੱਖ ਦਲਜਿੰਦਰ ਸਿੰਘ ਨੂੰ 'ਰੋਬ ਆਫ਼ ਆਨਰ' ਭੇਟ ਕਰਦੇ ਹੋਏ

### ਇੱਕ ਉਡਦੀ ਝਾਤ...

ਕੁਝ ਸਮਾਂ ਪਹਿਲਾਂ ਕੋਰੀਆ ਨੂੰ ਇੱਕ ਸੰਨਿਆਸੀ ਰਾਜ ਵਜੋਂ ਜਾਣਿਆ ਜਾਂਦਾ ਸੀ। ਇੱਕ ਸਮਰੂਪ ਸਮਾਜ ਨੇ ਇਸ ਸੱਭਿਆਚਾਰ ਨੂੰ ਹਜ਼ਾਰਾਂ ਸਾਲਾਂ ਤੋਂ ਬਰਕਰਾਰ ਰੱਖਿਆ ਹੈ। ਵਿਦੇਸ਼ੀ ਅਤੇ ਹੋਰ ਸੱਭਿਆਚਾਰਕ ਪ੍ਰਭਾਵ ਦਾ ਘੱਟ ਹੀ ਸਵਾਗਤ ਕੀਤਾ ਗਿਆ ਸੀ। ਮੀਡੀਆ ਰਿਪੋਰਟਾਂ ਅਨੁਸਾਰ ਹੁਣ ਇੱਥੇ ਬਹੁ-ਸੱਭਿਆਚਾਰਵਾਦ ਹੋ ਰਿਹਾ ਹੈ। ਹੌਲੀ-ਹੌਲੀ ਪਰ ਯਕੀਨਨ ਦੱਖਣੀ ਕੋਰੀਆ ਇੱਕ ਬਹੁ-ਸੱਭਿਆਚਾਰਕ ਸਮਾਜ ਬਣ ਰਿਹਾ ਹੈ, ਜਿਸ ਵਿੱਚ ਸੱਭਿਆਚਾਰਕ ਭਿੰਨਤਾਵਾਂ ਅਤੇ ਨਸਲੀ ਵਿਭਿੰਨਤਾ ਨੂੰ ਨਾ ਸਿਰਫ਼ ਬਰਦਾਸ਼ਤ ਕੀਤਾ ਜਾਂਦਾ ਹੈ ਬਲਕਿ ਅਸਲ ਵਿੱਚ ਉਤਸ਼ਾਹਿਤ ਕੀਤਾ ਜਾਂਦਾ ਹੈ। ਅੱਜ ਅਧਿਕਾਰਤ ਅਤੇ ਸਮਾਜਕ ਪੱਧਰ 'ਤੇ ਇਹ ਸਵੀਕਾਰ ਕੀਤਾ ਗਿਆ ਹੈ ਕਿ ਨਸਲੀ ਅਤੇ ਘੱਟਗਿਣਤੀ ਸਮੂਹਾਂ ਨੂੰ ਕੋਰੀਆਈ ਸਮਾਜ ਦੇ ਪੂਰਨ ਮੈਂਬਰ ਬਣਨ ਦਾ ਅਧਿਕਾਰ ਹੈ, ਪਰ ਉਨ੍ਹਾਂ ਕੋਲ ਆਪਣੀ ਵਿਸ਼ੇਸ਼ ਨਸਲੀ ਸੱਭਿਆਚਾਰਕ ਪਛਾਣ ਬਣਾਈ ਰੱਖਣ ਦਾ ਬੁਨਿਆਦੀ ਅਧਿਕਾਰ ਵੀ ਹੈ। ਸਾਲ 2020 ਵਿੱਚ ਦੱਖਣੀ ਕੋਰੀਆ ਦੇ ਰਾਜਦੂਤ ਸ਼ਿਨ ਬੋਂਗਕਿਲ ਨੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨ ਕੀਤੇ ਤੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਸ਼ਿਨ ਬੋਂਗਕਿਲ ਆਪਣੀ ਪਤਨੀ ਦੇ ਨਾਲ ਸਨ। ਰਾਜਦੂਤ ਨੂੰ 'ਸਿਰੋਪਾਓ' ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਨਾਲ ਸਨਮਾਨਿਤ ਕੀਤਾ ਗਿਆ ਸੀ।



ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਦੱਖਣੀ ਕੋਰੀਆ ਵਿੱਚ ਦੂਜੇ ਧਰਮਾਂ ਦੇ ਲੋਕਾਂ ਦੇ ਨਿਵਾਸ ਕਰਨ ਦੇ ਬਾਵਜੂਦ ਸਥਾਨਕ ਨਿਵਾਸੀ ਦੂਜੇ ਧਰਮਾਂ ਬਾਰੇ ਜਾਂ ਉਨ੍ਹਾਂ ਦੇ ਰੀਤੀ-ਰਿਵਾਜਾਂ ਨੂੰ ਜਾਣਨ ਵਿੱਚ ਬਹੁਤੀ ਦਿਲਚਸਪੀ ਨਹੀਂ ਲੈਂਦੇ ਹਨ, ਪਰ ਹੁਣ ਸਮਾਂ ਬੀਤਣ ਨਾਲ ਥੋੜ੍ਹਾ ਫ਼ਰਕ ਕੁਝ ਇਸ ਤਰ੍ਹਾਂ ਪੈਣਾ ਸ਼ੁਰੂ ਹੋ ਗਿਆ ਹੈ ਕਿ ਉਹ ਸਿੱਖਾਂ ਦੇ ਪਛਾਣ ਚਿੰਨ੍ਹਾਂ ਜਿਵੇਂ ਕਿ ਪਗੜੀ ਅਤੇ ਪ੍ਰਕਾਸ਼ ਕੀਤੇ ਦਾਹੜੇ ਨੂੰ ਪਛਾਣਨ ਅਤੇ ਮਾਨਤਾ ਦੇਣ ਲੱਗ ਪਏ ਹਨ। ਸਿੱਟੇ ਵਜੋਂ ਇੱਥੇ ਵੱਸਦੇ ਸਿੱਖ ਪਰਿਵਾਰਾਂ ਨੂੰ ਹੁਣ ਆਸ ਦੀ ਇੱਕ ਨਵੀਂ ਕਿਰਨ ਉੱਗਦੀ ਨਜ਼ਰ ਆਉਣ ਲੱਗ ਪਈ ਹੈ। ਕੋਈ ਵੇਲਾ ਸੀ ਜਦੋਂ ਇੱਥੇ ਰਹਿੰਦੇ ਸਿੱਖਾਂ ਨੂੰ ਸ਼ਨਾਖ਼ਤੀ ਕਾਰਡ ਬਣਵਾਉਣ ਸਮੇਂ ਲਗਾਈ ਜਾਣ ਵਾਲੀ ਫ਼ੋਟੋ ਵਿੱਚ ਪਗੜੀ ਤੇ ਲੰਮੀ ਦਾਹੜੀ ਰੱਖਣ ਦੀ ਇਜਾਜ਼ਤ ਨਹੀਂ ਸੀ, ਪਰ ਹੁਣ ਅਜਿਹੀ ਕੋਈ ਵੀ ਸ਼ਰਤ ਬਾਕੀ ਨਹੀਂ ਹੈ। ਸ. ਦਲਜਿੰਦਰ ਸਿੰਘ ਨੂੰ ਸਿਰ 'ਤੇ ਪਗੜੀ ਤੇ ਸਿੱਖੀ ਦੇ ਹੋਰ ਚਿੰਨ੍ਹ ਜਨਤਕ ਤੌਰ 'ਤੇ ਧਾਰਨ ਕਰਨ ਦਾ ਸ਼ਰਫ਼ ਹਾਸਿਲ ਹੈ। ਉਨ੍ਹਾਂ ਨੂੰ ਦੱਖਣੀ ਕੋਰੀਆ ਦੇ ਸਭ ਤੋਂ ਪਹਿਲੇ ਪ੍ਰਵਾਨਿਤ ਸਿੱਖ ਪਰਿਵਾਰ ਦਾ ਮੈਂਬਰ ਹੋਣ ਦਾ ਸ਼ਰਫ਼ ਹਾਸਿਲ ਹੈ। ਕੋਰੀਆ 'ਚ ਸਿੱਖ ਭਾਈਚਾਰੇ ਲਈ ਇਹ ਇੱਕ ਵੱਡੀ ਤਬਦੀਲੀ ਹੈ।

ਆਉਣ ਵਾਲੇ ਸਮੇਂ ਵਿੱਚ ਕੁਝ ਸਿੱਖ ਨੌਜਵਾਨਾਂ ਦੇ ਦੱਖਣੀ ਕੋਰੀਆ ਦੀ ਫ਼ੌਜ ਵਿੱਚ ਭਰਤੀ ਹੋਣ ਦੇ ਵੀ ਆਸਾਰ ਬਣ ਰਹੇ ਹਨ, ਕਿਉਂਕਿ ਕੋਰੀਆ ਦੀ ਫ਼ੌਜ ਭਾਰਤ ਦੇ ਸਿੱਖ ਫ਼ੌਜੀਆਂ ਦੀ ਸੂਰਬੀਰਤਾ ਤੇ ਬਹਾਦਰੀ ਤੋਂ ਵਾਕਿਫ਼ ਹੋ ਚੁੱਕੀ ਹੈ। ਕੋਰੀਅਨ ਫੌਜ ਵਿੱਚ ਭਰਤੀ ਹੋਣ ਦੇ ਚਾਹਵਾਨ ਨੌਜਵਾਨ ਤੈਅ ਸਮੇਂ ਵਿੱਚ ਕੋਰੀਆਈ ਸਮਾਜ ਵਿੱਚ ਆਪਣਾ ਬਣਦਾ ਸਥਾਨ ਹਾਸਲ ਕਰਨ ਦੀ ਉਮੀਦ ਕਰ ਰਹੇ ਹਨ।

## ਸ਼ਰਧਾਂਜਲੀ

# ਮਾਂ ਅਤੇ ਪਰਵਾਸ

**ਕੁਲਜੀਤ ਦਿਆਲਪੁਰੀ**
**ਫੋਨ: 224-386-4548**

ਮੈਂ ਕਈ ਵਾਰ ਮਹਿਸੂਸ ਕੀਤਾ ਕਿ ਮੇਰੇ ਪਰਵਾਸ ਕਰ ਜਾਣ ਨੂੰ ਮੇਰੀ ਮਾਂ ਨੇ ਕਦੇ ਵੀ ਦਿਲੋਂ ਸਵੀਕਾਰ ਨਹੀਂ ਸੀ ਕੀਤਾ; 'ਬਸ! ਪੁੱਤ ਕਮਾਊ ਹੋ ਜਾਵੇ' ਦੇ ਨਜ਼ਰੀਏ ਤੋਂ ਉਸ ਨੇ ਮੇਰੇ ਵਿਦੇਸ਼ ਜਾਣ ਦੀ ਗੱਲ ਨੂੰ ਅਖੀਰ ਅਣਮੰਨੇ ਮਨ ਨਾਲ ਮੰਨ ਲਿਆ ਸੀ। ਉਹ ਅਕਸਰ ਇਹੋ ਚਾਹੁੰਦੀ ਸੀ ਕਿ ਉਹਦਾ ਪੁੱਤ ਉਹਦੀਆਂ ਨਜ਼ਰਾਂ ਦੇ ਸਾਹਮਣੇ ਤੇ ਕੋਲ ਕੋਲ ਹੀ ਰਹੇ। ਜਦੋਂ ਮੈਂ ਵਿਦੇਸ਼ ਜਾਣ ਲਈ ਉਲਾਰ ਸਾਂ ਤਾਂ ਉਸ ਦੇ ਦਿਲ ਨੂੰ ਹੌਲ ਪੈਂਦੇ ਸਨ। ਖ਼ੈਰ! ਮੈਂ ਬਜ਼ਿਦ ਸਾਂ ਤੇ ਉਸ ਨੂੰ ਵੀ ਸਬਰ ਦਾ ਘੁੱਟ ਭਰਨਾ ਪੈ ਗਿਆ ਸੀ। ਮੇਰੇ ਵਿਦੇਸ਼ ਆਉਣ 'ਤੇ ਵੀ ਮੈਂ ਮਹਿਸੂਸ ਕੀਤਾ ਕਿ ਡਾਲਰਾਂ ਦਾ ਖਿਆਲ ਉਸ ਨੂੰ ਕਦੇ ਵੀ ਨਹੀਂ ਆਇਆ, ਬਲਕਿ ਉਹ ਤਾਂ ਮੇਰੇ ਫੋਨ ਕਰਨ 'ਤੇ ਇਹੋ ਕਹਿੰਦੀ ਸੀ, 'ਹੈਂ ਬਾਈ, ਤੰਗੀ ਨਾ ਕੱਟੀਂ।' ਜੇ ਮੈਂ ਪੁੱਛਣਾ ਕਿ ਕੁਝ ਚਾਹੀਦਾ? ਤਾਂ ਉਸ ਦੀ ਨੀਅਤ 'ਚੋਂ ਰੱਜ ਝਲਕ ਆਉਂਦਾ। ਬੇਸ਼ਕ ਮੇਰੇ ਲਈ ਅਮਰੀਕਾ ਦੀ ਚਮਕ ਦੇ ਮਾਇਨੇ ਭਾਵੇਂ ਕੁਝ ਹੋਰ ਹੋਣ, ਪਰ ਇਹ ਸੱਚ ਹੈ ਕਿ ਮਾਂ ਲਈ ਔਲਾਦ ਹੀ ਸਭ ਕੁਝ ਹੁੰਦੀ ਹੈ।

ਹਾਲੇ ਦੋ ਕੁ ਸਾਲ ਪਹਿਲਾਂ ਦੀ ਹੀ ਗੱਲ ਹੈ, ਜਦੋਂ ਅਸੀਂ ਸ਼ਿਕਾਗੋ ਵਾਪਸ ਆਉਣ ਲਈ ਸਾਮਾਨ ਬੰਨ੍ਹ ਰਹੇ ਸਾਂ ਤਾਂ ਦੇਖ-ਦੇਖ ਅਸਹਿਜ ਹੋਈ ਮਾਂ ਦਾ ਗੱਚ ਭਰ ਰਿਹਾ ਸੀ। ਆਲ੍ਹਣੇ 'ਚੋਂ ਪੰਛੀਆਂ ਦੇ ਪਰਵਾਜ਼ ਭਰਨ ਵਾਂਗ ਖੁਸ਼ੀ-ਗਮੀ ਦੇ ਰਲਵੇਂ-ਮਿਲਵੇਂ ਫਿਕਰ ਵਿੱਚ ਉਸ ਦੇ ਕਹੇ ਬੋਲ 'ਇੱਥੇ ਹੀ ਕੋਈ ਕੰਮ ਲੱਭ ਲੈ', ਹੁਣ ਮਾਂ ਦੇ ਅਕਾਲ ਚਲਾਣੇ ਪਿੱਛੋਂ ਕਈ ਵਾਰ ਮੇਰੇ ਕੰਨਾਂ ਵਿੱਚ ਗੂੰਜਦੇ ਰਹੇ ਹਨ। ਸੋਚਦਾ ਹਾਂ, ਮਾਂ ਕਿੰਨੀ ਤੜਪ ਸਹਿੰਦੀ ਹੋਵੇਗੀ, ਜਦੋਂ ਉਹ ਮੈਨੂੰ ਵਿਦੇਸ਼ ਤੋਰ ਕੇ ਉਪਰੋਂ ਉਪਰੋਂ ਖੁਸ਼ ਹੁੰਦੀ ਹੋਣੀ, ਪਰ ਦਿਲ ਉਸ ਦਾ ਮਸੋਸਿਆ ਜਾਂਦਾ ਹੋਣਾ ਹੈ! ਸ਼ਾਇਦ ਸਭ ਮਾਵਾਂ ਦਾ ਇਹੋ ਹਾਲ ਹੁੰਦਾ ਹੋਵੇਗਾ, ਜਦੋਂ ਉਹ ਆਪਣੀ ਔਲਾਦ ਦੇ ਵਿਦੇਸ਼ ਜਾਣ ਸਮੇਂ ਉਨ੍ਹਾਂ ਤੋਂ ਵਿਛੜਦੀਆਂ ਹੋਣਗੀਆਂ। ਕੁਝ ਹਫਤੇ ਪਹਿਲਾਂ ਦੀ ਗੱਲ ਹੈ ਕਿ ਮਾਂ ਦੇ ਸਖਤ ਬਿਮਾਰ ਹੋ ਜਾਣ ਕਾਰਨ ਮੈਨੂੰ ਅਚਨਚੇਤ ਪੰਜਾਬ ਜਾਣਾ ਪੈ ਗਿਆ ਸੀ। ਹਸਪਤਾਲ ਦੇ ਆਈ.ਸੀ.ਯੂ. ਵਾਰਡ ਵਿੱਚ ਜੇਰੇ-ਇਲਾਜ ਮਾਂ ਨੂੰ ਜਦੋਂ ਮੈਂ ਮਿਲਿਆ ਤਾਂ ਉਸ ਦੇ ਹਾਵਭਾਵ ਤੋਂ ਸਪਸ਼ਟ ਅੰਦਾਜ਼ਾ ਸੀ ਕਿ ਆਪਣੇ ਪਰਦੇਸੀ ਪੁੱਤ ਨੂੰ ਵੇਖ ਕੇ ਉਹ ਇੱਕ ਦਮ ਹੈਰਾਨ ਹੋ ਗਈ ਸੀ, 'ਹੈਅਅ! ਤੂੰ ਕਿੱਥੋਂ ਆ ਗਿਆ!' ਫਿਰ ਉਸ ਨੇ ਆਸੇ-ਪਾਸੇ ਪਏ ਮਰੀਜ਼ਾਂ ਵੱਲ ਨਜ਼ਰ ਘੁਮਾਉਣ ਪਿੱਛੋਂ ਮੇਰੇ ਵੱਲ ਦੇਖਿਆ ਤਾਂ ਉਸ ਨੂੰ ਯਕੀਨ ਹੋ ਗਿਆ ਕਿ ਹਾਂ ਮੈਂ ਸੱਚਮੁੱਚ ਉਸ ਦੇ ਕੋਲ ਸੀ। ਸਿਹਤ ਪੱਖੋਂ ਮਜਬੂਰੀਆਂ ਕਾਰਨ ਮਾਂ ਬੋਲ ਨਹੀਂ ਸੀ ਸਕਦੀ। ਮੇਰੀ ਸਤਿ ਸ੍ਰੀ ਅਕਾਲ ਦਾ ਜਵਾਬ ਵੀ ਬਸ ਆਕਸੀਜ਼ਨ ਲੱਗੇ ਮਾਸਕ ਵਿੱਚੋਂ ਹਲਕੇ ਜਿਹੇ ਬੁੱਲ੍ਹ ਫਰਕਾਅ ਕੇ ਹੀ ਦਿੱਤਾ। ਉਸੇ ਪਲ ਉਸ ਦੀਆਂ ਅੱਖਾਂ ਦੇ ਕੋਇਆਂ 'ਚ ਪਾਣੀ ਭਰ ਆਇਆ ਸੀ, ਤੇ ਮੇਰੀਆਂ ਅੱਖਾਂ ਵੀ ਨਮ ਹੋ ਗਈਆਂ ਸਨ।



ਇਹ ਪਹਿਲੀ ਵਾਰ ਸੀ ਜਦੋਂ ਮਾਂ ਮੇਰੇ ਸਿਰ 'ਤੇ ਪਿਆਰ ਭਰਿਆ ਹੱਥ ਨਹੀਂ ਸੀ ਰੱਖ ਸਕੀ। ਹਸਪਤਾਲ 'ਚ ਦਵਾਈਆਂ ਦੀ ਘੁਮੇਰ ਅਤੇ ਸਰੀਰਕ ਕਮਜ਼ੋਰੀ ਕਾਰਨ ਉਹ ਦੂਜਾ ਹੱਥ ਚੁੱਕ ਕੇ ਅਸ਼ੀਰਵਾਦ ਦੇਣ ਤੋਂ ਵੀ ਅਸਮਰੱਥ ਸੀ। ਕੁਝ ਮਹੀਨੇ ਪਹਿਲਾਂ ਅਧਰੰਗ ਹੋ ਜਾਣ ਕਾਰਨ ਉਸ ਦੇ ਸਰੀਰ ਦੇ ਇੱਕ ਪਾਸੇ ਦੀ ਹਿਲਜੁਲ ਨਾਮਾਤਰ ਹੀ ਸੀ, ਪਰ ਮੰਜੇ ਨਾਲ ਜੁੜ ਜਾਣ ਕਾਰਨ ਪਿੱਠ ਦੇ ਜ਼ਖਮਾਂ ਅਤੇ ਫਿਰ ਛਾਤੀ ਦੀ ਲਾਗ ਤੇ ਹੋਰ ਸਰੀਰਕ ਸਮੱਸਿਆਵਾਂ ਕਾਰਨ ਉਹ ਅਸਹਿ ਤੇ ਅਕਹਿ ਤਕਲੀਫ ਵਿੱਚ ਸੀ। ਡਾਕਟਰਾਂ ਦੀ ਇੱਕ ਤਰ੍ਹਾਂ ਨਾਂਹ ਹੀ ਸੀ, ਪਰ ਇਲਾਜ ਚੱਲਦਾ ਹੋਣ ਕਾਰਨ ਅਸੀਂ ਸਭ ਆਸ ਦਾ ਪੱਲਾ ਛੱਡਣਾ ਵੀ ਨਹੀਂ ਸੀ ਚਾਹ ਰਹੇ।

ਹਸਪਤਾਲ ਵਿੱਚ ਜਦੋਂ ਮੰਜੇ ਉਤੇ ਪਈ ਮਾਂ ਹੋਸ਼ ਵਿੱਚ ਹੁੰਦੀ ਤੇ ਡੌਰ-ਭੌਰ ਹੋਈ ਨਜ਼ਰ ਭਰ ਕੇ ਤੱਕਦੀ ਤਾਂ ਇਉਂ ਲੱਗਦਾ ਕਿ ਉਹ ਕੁਝ ਕਹਿਣਾ ਚਾਹੁੰਦੀ ਹੋਵੇ; ਹੈਰਾਨ-ਪ੍ਰੇਸ਼ਾਨ ਹੋ ਉਸ ਦਾ ਤੱਕੀ ਜਾਣਾ ਸਾਨੂੰ ਮਿਲਣ ਵਾਲਿਆਂ ਨੂੰ ਵੀ ਬੇਚੈਨ ਕਰਦਾ ਸੀ। ਇੱਕ ਦਿਨ ਜਦੋਂ ਉਸ ਨੇ ਖੁਦ ਨੂੰ ਥੋੜ੍ਹਾ ਤੰਦਰੁਸਤ ਮਹਿਸੂਸ ਕੀਤਾ ਤਾਂ ਮੇਰਾ ਹੱਥ ਫੜ ਲਿਆ ਤੇ ਫਿਰ ਅਸ਼ੀਰਵਾਦ ਦੇਣ ਲਈ ਹੱਥ ਉਤਾਂਹ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ। ਮੌਕਾ ਸਾਂਭਦਿਆਂ ਮੈਂ ਖੁਦ ਹੀ ਆਪਣਾ ਸਿਰ ਉਸ ਦੇ ਹੱਥ ਹੇਠ ਕਰ ਦਿੱਤਾ। ਇਹ ਪਲ ਉਹ ਸਨ, ਜਿਵੇਂ ਪਿਆਰ ਦੇ ਕੇ ਉਸ ਨੂੰ ਤਸੱਲੀ ਹੋ ਗਈ ਹੋਵੇ ਤੇ ਜਿਵੇਂ ਮਾਂ ਦਾ ਹੱਥ ਸਿਰ 'ਤੇ ਫਿਰਨ ਕਾਰਨ ਮੈਂ ਤ੍ਰਿਪਤ ਹੋ ਗਿਆ ਹੋਵਾਂ!

ਉਤਰਾਅ-ਚੜ੍ਹਾਅ ਜਾਰੀ ਸਨ; ਕਦੇ ਉਹ ਥੋੜ੍ਹਾ ਠੀਕ ਲੱਗਦੀ ਤੇ ਕਦੇ ਇਸ ਕਦਰ ਨਿਢਾਲ ਹੁੰਦੀ ਜਿਵੇਂ ਹਸਪਤਾਲ ਦੇ ਬੈੱਡ 'ਤੇ ਮਿੱਟੀ ਦੀ ਢੇਰੀ ਪਈ ਹੋਵੇ- ਬੇਜਾਨ ਤੇ ਅਹਿਲ! ਕਦੇ ਡਾਕਟਰ ਧਰਵਾਸ ਦੇ ਦਿੰਦੇ ਕਿ 'ਕੋਸ਼ਿਸ਼ ਕਰ ਰਹੇ ਹਾਂ, ਮਾਤਾ ਜੀ ਠੀਕ ਹੋ ਜਾਣਗੇ!' ਤੇ ਕਦੇ ਕਦੇ ਤਾਂ ਸਪਸ਼ਟ ਸ਼ਬਦਾਂ ਵਿੱਚ ਪੱਲਾ ਝਾੜ ਜਾਂਦੇ। ਇਲਾਜ ਜਾਰੀ ਸੀ, ਪਰ ਕਿਤੇ ਨਾ ਕਿਤੇ ਅਸੀਂ ਭਾਣਾ ਕਦੇ ਵੀ ਵਾਪਰ ਜਾਣ ਦੇ ਸੱਚ ਨੂੰ ਮੰਨ ਲਿਆ ਸੀ। ਕਰ ਵੀ ਕੀ ਸਕਦੇ ਸਾਂ: 'ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥'

ਹਸਪਤਾਲ ਦੇ ਨਿਯਮਾਂ ਮੁਤਾਬਕ ਆਈ.ਸੀ.ਯੂ. 'ਚ ਦਾਖਲ ਮਰੀਜ਼ ਨਾਲ ਸਿਰਫ ਦੋ ਵਕਤ- ਸਵੇਰ ਵੇਲੇ ਤੇ ਸ਼ਾਮ ਨੂੰ ਹੀ ਮਿਲਣ ਦੀ ਇਜਾਜ਼ਤ ਸੀ। ਮੈਂ ਸਿਰਫ ਦੋ ਹਫਤਿਆਂ ਲਈ ਹੀ ਗਿਆ ਸੀ; ਇੱਕ ਤਰ੍ਹਾਂ ਨਾਲ ਮਾਂ ਨੂੰ ਆਖਰੀ ਵਾਰ ਮਿਲਣ! ਜਿਸ ਦਿਨ ਮੇਰੀ ਵਾਪਸੀ ਦੀ ਫਲਾਈਟ ਸੀ, ਮੇਰੀ ਬੇਚੈਨੀ ਵਧੀ ਹੋਈ ਸੀ; ਕਿਉਂਕਿ ਉਸ ਦਿਨ ਉਹ ਬਿਲਕੁਲ ਹੀ ਬੇਸੁਧ ਸੀ। ਹੋਸ਼ ਵਿੱਚ ਹੁੰਦੀ ਤਾਂ ਮੈਂ ਦੱਸ ਕੇ ਆਉਣਾ ਸੀ, ਪਰ ਇਹ ਵੀ ਸੱਚ ਹੈ ਕਿ ਸ਼ਾਇਦ ਮੈਥੋਂ ਕਹਿ ਹੀ ਨਾ ਹੁੰਦਾ, 'ਚੰਗਾ ਮਾਤਾ, ਮੈਂ ਚੱਲਿਆਂ!' ਮਰੀਜ਼ ਨੂੰ ਮਿਲਣ ਦੇ ਪਰਿਵਾਰਕ ਮੈਂਬਰਾਂ ਦੇ ਸਮੇਂ ਦੌਰਾਨ ਉਸ ਦਿਨ ਮੈਂ ਮਾਂ ਨੂੰ ਦੋ ਵਾਰ ਮਿਲਿਆ ਕਿ ਸ਼ਾਇਦ ਅੱਖ ਖੋਲ੍ਹ ਹੀ ਲਵੇ! ਪਰ ਸਭ ਕੁਝ ਤਾਂ ਪ੍ਰਤੱਖ ਸੀ। ਤੁਰਨ ਲੱਗਿਆਂ ਮੈਂ ਮਾਂ ਨੂੰ ਜੱਫੀ ਪਾਈ, ਤੇ ਮਾਂ ਦੇ ਪੈਰੀਂ ਮੱਥਾ ਟੇਕਦਿਆਂ ਮੇਰੀ ਭੁੱਬ ਨਿਕਲ ਗਈ ਸੀ। ਉਦੋਂ ਹੀ ਇਹ ਖਿਆਲ ਮੇਰੇ ਮਨ ਵਿੱਚ ਘੁੰਮ ਗਿਆ ਸੀ, 'ਚੰਗਾ ਮਾਤਾ! ਸ਼ਾਇਦ ਇਹ ਆਖਰੀ ਮੁਲਾਕਾਤ ਹੈ।' ਸੱਚਮੁੱਚ ਉਹ ਮੁਲਾਕਾਤ ਆਖਰੀ ਹੀ ਸੀ। ਖੁਦ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦਾ ਮੈਂ ਆਈ.ਸੀ.ਯੂ. ਵਿੱਚੋਂ ਬਾਹਰ ਆ ਗਿਆ ਸੀ, ਪਰ ਚੌਥੀ ਮੰਜ਼ਿਲ ਤੋਂ ਹਾਲੇ ਕੁਝ ਪੌੜੀਆਂ ਹੀ ਉਤਰਿਆ ਸੀ ਕਿ ਮੇਰਾ ਸਾਹ ਫੁੱਲ ਗਿਆ ਤੇ ਮੇਰਾ ਫਿਰ ਰੋਣ ਨਿਕਲ ਗਿਆ ਸੀ। ਮਾਂ ਤੋਂ ਵਿਛੜਨ ਦੀ ਕਸਕ ਦਾ ਵਿਖਿਆਨ ਕਰਨਾ ਬੜਾ ਔਖਾ ਹੈ।

ਇਸ ਸਮੇਂ ਸਭ ਦਾ ਇਹੋ ਕਹਿਣਾ ਸੀ ਕਿ ਚੰਗਾ ਹੋਇਆ ਤੂੰ ਮਾਂ ਨੂੰ ਮਿਲਣ ਆ ਗਿਆ, ਮਰੇ ਤੋਂ ਬਾਅਦ ਦਾ ਮਿਲਣਾ ਵੀ ਕੀ ਮਿਲਣਾ! ਮਾਵਾਂ ਦੇ ਜਿਹੜੇ ਧੀ-ਪੁੱਤ ਮਜਬੂਰੀਆਂ ਕਾਰਨ ਆਪਣੇ ਪਿੱਤਰੀ ਮੁਲਕ ਨਹੀਂ ਜਾ ਸਕਦੇ, ਮਾਪਿਆਂ ਦੇ ਫੌਤ ਹੋਣ 'ਤੇ ਉਨ੍ਹਾਂ 'ਤੇ ਕੀ ਬੀਤਦੀ ਹੋਊ! ਇਹ ਦਰਦ ਲਫਜ਼ਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਪਰਵਾਸ ਜੇ ਕੁਝ ਦਿੰਦਾ ਹੈ ਤਾਂ ਬੜਾ ਕੁਝ ਖੋਹ ਵੀ ਲੈਂਦਾ ਹੈ। ਇਸ ਵਿਆਪਕ ਸਥਿਤੀ ਬਾਰੇ ਸੋਚ ਕੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਦੇ ਇਹ ਹਰਫ਼ ਮਨ ਵਿੱਚ ਘੁੰਮਣ ਲੱਗ ਜਾਂਦੇ ਹਨ:

ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ...।

ਮਾਂ ਇਸ ਸੰਸਾਰ ਤੋਂ ਚਲੀ ਗਈ ਹੈ, ਸਦਾ ਲਈ। ਇਹ ਸੱਚ ਹੈ ਕਿ ਕਿਸੇ ਦੇ ਗਿਆਂ ਸੰਸਾਰ ਰੁਕ ਨਹੀਂ ਜਾਂਦਾ, ਪਰ ਦੂਜਾ ਪਹਿਲੂ ਇਹ ਵੀ ਹੈ ਕਿ ਮਾਂ ਦੇ ਵਿਛੋੜੇ ਦਾ ਦਰਦ ਹਮੇਸ਼ਾ ਲਈ ਮਨ ਵਿੱਚ ਰਹਿ ਜਾਂਦਾ ਹੈ, ਮਹੀਨ ਤਰਬ ਬਣ ਕੇ। ਗੁਰਬਾਣੀ ਦਾ ਅਟੱਲ ਵਿਖਿਆਨ ਹੈ ਕਿ ਸੰਸਾਰ ਵਿੱਚ ਕੁਝ ਵੀ ਸਥਿਰ ਜਾਂ ਸਥਾਈ ਨਹੀਂ ਹੈ; ਨਾ ਮਾਂ-ਪਿਓ, ਨਾ ਕੋਈ ਸਾਕ-ਸਬੰਧੀ ਅਤੇ ਨਾ ਹੀ ਕੋਈ ਹੋਰ ਰਿਸ਼ਤਾ। ਪਦਾਰਥਕ ਚੀਜ਼ਾਂ ਬਣਦੀਆਂ-ਘੜ ਹੁੰਦੀਆਂ ਰਹਿੰਦੀਆਂ ਹਨ, ਸਥਾਈ ਤੌਰ 'ਤੇ ਕੋਈ ਨਹੀਂ ਰਹਿੰਦੀ। ਪਰ ਘਰ ਦੇ ਕਿਸੇ ਵੀ ਜੀਅ ਦਾ ਚਲੇ ਜਾਣਾ ਦੁੱਖਦਾਈ ਹੁੰਦਾ ਹੈ, ਖਾਸ ਕਰ ਮਾਂ ਦਾ; ਕਿਉਂਕਿ ਸੰਸਾਰ ਵਿੱਚ ਮਾਂ ਨੂੰ ਧਰਤੀ ਦਾ ਜਾਂ ਰੱਬ ਦਾ ਰੁਤਬਾ ਹਾਸਲ ਹੈ। ਅਕਾਲ ਪੁਰਖ ਵੱਲੋਂ ਬਖ਼ਸ਼ੀ ਆਰਜਾ ਭੋਗ ਕੇ ਬੇਸ਼ਕ ਮਾਂ ਪੂਰੀ ਹੋ ਗਈ ਹੈ, ਪਰ ਪਰਿਵਾਰ 'ਚੋਂ ਇੱਕ ਜੀਅ ਘਟ ਗਿਆ ਹੈ। ਘਾਟਾ ਤਾਂ ਇਸ ਗੱਲ ਦਾ ਵੀ ਪੈ ਗਿਆ ਹੈ ਕਿ ਮੇਰੇ ਸਣੇ ਮੇਰੇ ਦੋਹਾਂ ਭਰਾਵਾਂ ਨੂੰ ਹੁਣ 'ਬਾਈ' ਕਹਿ ਕੇ ਕੌਣ ਬੁਲਾਊ! ਅਸਲ ਵਿੱਚ ਤਾਂ ਉਹ ਸਾਰਿਆਂ ਨੂੰ ਹੀ 'ਬਾਈ ਓਏ!' ਜਾਂ 'ਹੈਂ ਬਾਈ!' ਆਖ ਕੇ ਹੀ ਸੰਬੋਧਨ ਹੁੰਦੀ ਸੀ। ਮੇਰੀ ਮਾਂ ਸਾਡੇ ਸਾਰੇ ਚਚੇਰੇ ਭੈਣ-ਭਰਾਵਾਂ ਅਤੇ ਚਾਚੀਆਂ ਲਈ 'ਬੀਬੀ' ਸੀ। ਇੱਥੋਂ ਤੱਕ ਕੇ ਗਲੀ-ਮੁਹੱਲੇ ਦੀਆਂ ਤ੍ਰੀਮਤਾਂ ਲਈ ਵੀ ਮੇਰੀ ਮਾਂ 'ਬੀਬੀ' ਹੀ ਸੀ। ...ਤੇ ਹੁਣ 'ਬੀਬੀ' ਕਿਤੋਂ ਨਹੀਂ ਥਿਆਉਣੀ!

# ਤਿੰਨ ਨਵੇਂ ਫੌਜਦਾਰੀ ਕਾਨੂੰਨਾਂ 'ਤੇ ਇਤਰਾਜ਼ ਉਠਣ ਲੱਗੇ

ਪ੍ਰਣਾਲੀ ਵਿਚ ਬੁਲਡੋਜ਼ਰ ਨਿਆਂ ਨਹੀਂ ਚੱਲਣ ਦਿੱਤਾ ਜਾਵੇਗਾ। ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਇਨ੍ਹਾਂ ਕਾਨੂੰਨਾਂ ਬਾਰੇ ਬੋਲਦਿਆਂ ਕਿਹਾ ਕਿ ਵਿਰੋਧੀ ਧਿਰ ਦੇ 146 ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨ ਤੋਂ ਬਾਅਦ ਇਹ ਕਾਨੂੰਨ ਲਾਗੂ ਕੀਤੇ ਗਏ ਸਨ, ਪਰ ਹੁਣ 'ਇੰਡੀਆ ਗੱਠਜੋੜ' ਵੱਲੋਂ ਅਜਿਹਾ ਬੁਲਡੋਜ਼ਰ ਨਿਆਂ ਸੰਸਦੀ ਪ੍ਰਣਾਲੀ 'ਤੇ ਨਹੀਂ ਚੱਲਣ ਦਿੱਤਾ ਜਾਵੇਗਾ। ਕਾਂਗਰਸੀ ਆਗੂ ਜੈ ਰਾਮ ਰਮੇਸ਼ ਨੇ ਦੱਸਿਆ ਕਿ ਭਾਰਤੀ ਨਿਆਏ ਸਹਿੰਤਾ ਅਧੀਨ ਪਹਿਲਾ ਕੇਸ ਦਿੱਲੀ ਰੇਲਵੇ ਸਟੇਸ਼ਨ ਨੇੜੇ ਫੁੱਟ-ਉਵਰਬ੍ਰਿਜ ਦੇ ਹੇਠਾਂ ਰੋਟੀ ਰੋਜ਼ੀ ਕਮਾ ਰਹੇ ਇੱਕ ਫੜ੍ਹੀ ਵਾਲੇ ਖਿਲਾਫ ਦਰਜ ਕੀਤਾ ਹੈ। ਸੀਨੀਅਰ ਕਾਂਗਰਸੀ ਆਗੂ ਪੀ. ਚਿਦੰਬਰਮ ਨੇ ਇਨ੍ਹਾਂ ਕਾਨੂੰਨਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਪਹਿਲਾਂ ਮੌਜੂਦ ਕਾਨੂੰਨਾਂ ਨੂੰ ਬਿਨਾ ਢੁਕਵੀਂ ਚਰਚਾ ਦੇ ਪਾਸ ਕਰਨ ਦੀ ਇਹ ਇੱਕ ਹੋਰ ਮਿਸਾਲ ਹੈ। ਉਨ੍ਹਾਂ ਕਿਹਾ ਕਿ ਅਖੌਤੀ ਨਵੇਂ ਕਾਨੂੰਨ 90-99 ਫੀਸਦੀ ਕੱਟ ਵੱਢ ਕਰਨ, ਨਕਲ ਮਾਰਨ ਅਤੇ ਇੱਧਰੋਂ ਉੱਧਰੋਂ ਚਿਪਕਾਉਣ ਦਾ ਕੰਮ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਮੌਜੂਦ ਕਾਨੂੰਨਾਂ ਵਿੱਚ ਕੁਝ ਤਬਦੀਲੀਆਂ ਕਰਕੇ ਲੋੜੀਂਦੀ ਤਬਦੀਲੀ ਕੀਤੀ ਜਾ ਸਕਦੀ ਸੀ, ਪਰ ਇਸ ਨੂੰ ਬੇਕਾਰ ਦੀ ਕਵਾਇਦ ਬਣਾ ਦਿੱਤਾ ਗਿਆ ਹੈ; ਜਿਸ 'ਤੇ ਸਾਰੇ ਦੇਸ਼ ਦੇ ਜੱਜ, ਵਕੀਲ, ਪੁਲਿਸ ਅਤੇ ਸੁਰੱਖਿਆ ਫੋਰਸਾਂ ਦੇ ਮੁਲਾਜ਼ਮ ਇੱਕ ਵਾਧੂ ਦੇ ਕੰਮ ਵਿੱਚ ਉਲਝੇ ਰਹਿਣਗੇ। ਇੱਕ ਹੋਰ ਕਾਂਗਰਸੀ ਆਗੂ ਸ਼ਸ਼ੀ ਥਰੂਰ ਨੇ ਕਿਹਾ ਕਿ ਇਹ ਬਿਨਾ ਚਰਚਾ ਦੇ ਪਾਸ ਕੀਤੇ ਗਏ ਕਾਨੂੰਨ ਹਨ। ਇਸ ਤੋਂ ਇਲਾਵਾ ਜੰਮੂ ਕਸ਼ਮੀਰ ਦੀ ਪਾਰਟੀ ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਇਨ੍ਹਾਂ ਕਾਨੂੰਨਾਂ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ।

ਇਸ ਦੌਰਾਨ ਕੁਝ ਖੱਬੇ ਪੱਖੀ ਜਥੇਬੰਦੀਆਂ ਵੀ ਇਸ ਕਾਨੂੰਨ ਦਾ ਵਿਰੋਧ ਕਰ ਰਹੀਆਂ ਹਨ। ਚੰਡੀਗੜ੍ਹ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਨੇ ਇਨ੍ਹਾਂ ਕਾਨੂੰਨਾਂ ਖਿਲਾਫ ਇਕ ਪ੍ਰਦਰਸ਼ਨ ਵੀ ਕੀਤਾ। ਹਾਈਕੋਰਟ ਦੇ ਉਘੇ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਵੀ ਇਸ ਪ੍ਰੋਟੈਸਟ ਵਿੱਚ ਹਿੱਸਾ ਲਿਆ। ਉਨ੍ਹਾਂ ਇਸ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਵੀ ਕੀਤਾ।

ਪੀ.ਐਸ.ਯੂ. ਦੇ ਬੁਲਾਰਿਆਂ ਨੇ ਇਸ ਕਾਨੂੰਨ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਿਨ੍ਹਾਂ ਕੇਸਾਂ ਵਿੱਚ 3 ਤੋਂ 7 ਸਾਲ ਸਜ਼ਾ ਮਿੱਥੀ ਗਈ, ਉਸ ਵਿਚ ਹੇਠਲੇ ਪੱਧਰ ਦੇ ਅਧਿਕਾਰੀ ਹੀ ਫੈਸਲਾ ਕਰ ਲੈਣਗੇ ਕਿ ਐਫ.ਆਈ.ਆਰ. ਦਰਜ ਕਰਨੀ ਹੈ ਜਾਂ ਨਹੀਂ। ਜੇ ਰੱਟਾ ਹੋਵੇ ਤਾਂ ਸਥਾਨਕ ਅਧਿਕਾਰੀਆਂ ਵੱਲੋਂ ਪੜਤਾਲ ਤੋਂ ਬਾਅਦ ਹੀ ਐਫ.ਆਈ.ਆਰ. ਦਰਜ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਮੌਜੂਦ ਰਹੇ ਕਾਨੂੰਨਾਂ ਵਿਚ ਧਰਨਾ ਪ੍ਰਦਰਸ਼ਨ ਅਤੇ ਹੋਰ ਪ੍ਰੋਟੈਸਟਾਂ ਨੂੰ ਖਿੰਡਾਉਣ ਲਈ ਲਾਠੀਚਾਰਜ ਦਾ ਹੁਕਮ ਵੀ ਹੁਣ ਹੇਠਲੇ ਅਧਿਕਾਰੀ ਦੇ ਸਕਣਗੇ। ਪਹਿਲੇ ਕਾਨੂੰਨਾਂ ਵਿੱਚ ਇਸ ਸੰਬੰਧ ਵਿਚ ਫੈਸਲਾ ਉੱਚ ਅਧਿਕਾਰੀ ਕਰਦੇ ਸਨ।

ਉਂਝ ਇਸ ਕਾਨੂੰਨ ਦੇ ਕੁਝ ਬਿਹਤਰ ਪੱਖ ਵੀ ਹਨ। ਜ਼ੀਰੋ ਐਫ.ਆਈ.ਆਰ. ਦੇ ਸੰਕਲਪ ਤਹਿਤ ਘਟਨਾ ਵਾਪਰਨ 'ਤੇ ਕੋਈ ਵਿਅਕਤੀ ਦੇਸ਼ ਦੇ ਕਿਸੇ ਵੀ ਥਾਣੇ ਵਿਚ ਰਿਪੋਰਟ ਦਰਜ ਕਰਵਾ ਸਕੇਗਾ; ਉਹ ਉਸ ਇਲਾਕੇ ਨਾਲ ਸੰਬੰਧਤ ਹੈ ਜਾਂ ਨਹੀਂ। ਇਸ ਤੋਂ ਬਿਨਾ ਆਨ ਲਾਈਨ ਵੀ ਰਿਪੋਰਟ ਦਰਜ ਕਰਵਾਈ ਜਾ ਸਕੇਗੀ। ਮੁਲਜ਼ਮ ਨੂੰ ਆਨ ਲਾਈਨ ਜਾਂ ਐਸ.ਐਮ.ਐਸ. ਰਾਹੀਂ ਵੀ ਸੰਮਣ ਭੇਜੇ ਜਾ ਸਕਣਗੇ। ਇਸ ਤੋਂ ਇਲਾਵਾ ਹਰ ਗੰਭੀਰ ਘਟਨਾ ਵਾਲੇ ਸਥਾਨ ਦੀ ਅਦਾਲਤੀ ਸਬੂਤ ਵਜੋਂ ਵੀਡੀਓਗ੍ਰਾਫੀ ਕੀਤੀ ਜਾਵੇਗੀ। ਨਵੇਂ ਕਾਨੂੰਨ ਦਾ ਇੱਕ ਹੋਰ ਚੰਗਾ ਪੱਖ ਇਹ ਵੀ ਹੈ ਕਿ ਗ੍ਰਿਫਤਾਰੀ ਦੀ ਸੂਰਤ ਵਿੱਚ ਕਥਿਤ ਮੁਲਜ਼ਮ ਆਪਣੇ ਕਿਸੇ ਨੇੜਲੇ ਸੱਜਣ ਨੂੰ ਆਪਣੀ ਸਥਿਤੀ ਬਾਰੇ ਸੂਚਿਤ ਕਰ ਸਕੇਗਾ। ਫੌਜਦਾਰੀ ਕੇਸਾਂ ਦੇ ਨਿਪਟਾਰੇ ਬਾਰੇ ਕਾਰਵਾਈ ਅਤੇ ਸਮਾਂ ਸੀਮਾ ਤੈਅ ਕਰ ਦਿੱਤੀ ਗਈ ਹੈ। ਫੌਜਦਾਰੀ ਮਾਮਲਿਆਂ ਵਿੱਚ ਫੈਸਲਾ ਮੁਕੱਦਮਾ ਪੂਰਾ ਹੋਣ ਦੇ 45 ਦਿਨਾਂ ਦੇ ਅੰਦਰ ਆ ਜਾਵੇਗਾ। ਪਹਿਲੀ ਸੁਣਵਾਈ ਦੇ 60 ਦਿਨ ਅੰਦਰ ਦੋਸ਼ ਤੈਅ ਕੀਤੇ ਜਾਣਗੇ। ਇਸ ਤੋਂ ਇਲਾਵਾ ਬਲਾਤਕਾਰ ਦੀ ਪੀੜਤ ਔਰਤ ਦਾ ਬਿਆਨ ਜਨਾਨਾ ਪੁਲਿਸ ਸੰਬੰਧਤ ਔਰਤ ਦੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿੱਚ ਦਰਜ ਕਰੇਗੀ। ਸਰਕਾਰ ਅਨੁਸਾਰ ਇਨ੍ਹਾਂ ਕਾਨੂੰਨਾਂ ਨੂੰ ਇੰਡੀਅਨ ਪੀਨਲ ਕੋਡ ਨਾਲੋਂ ਸੌਖਾ ਬਣਾਇਆ ਗਿਆ ਹੈ। ਇੰਡੀਅਨ ਪੀਨਲ ਕੋਡ ਦੀਆਂ 511 ਦੇ ਮੁਕਾਬਲੇ ਨਵੇਂ ਕਾਨੂੰਨ ਦੀਆਂ 358 ਧਾਰਾਵਾਂ ਹਨ। ਇੱਕ ਦੂਜੇ ਨਾਲ ਮਿਲਦੀਆਂ ਧਾਰਾਵਾਂ ਇਕੱਠੀਆਂ ਕਰ ਦਿੱਤੀਆਂ ਗਈਆਂ ਹਨ।

ਪੁਰਾਣੇ ਕਾਨੂੰਨਾਂ ਤਹਿਤ ਜਦੋਂ ਇੱਕ ਵਾਰ ਕਥਿਤ ਮੁਲਜ਼ਮ ਨਿਆਇਕ ਹਿਰਾਸਤ ਵਿਚ ਚਲਾ ਜਾਵੇ ਤਾਂ ਦੁਬਾਰਾ ਰਿਮਾਂਡ ਨਹੀਂ ਲਿਆ ਜਾ ਸਕਦਾ, ਪਰ ਨਵੇਂ ਕਾਨੂੰਨਾਂ ਅਨੁਸਾਰ ਪੁਲਿਸ ਮੁਲਜ਼ਮ ਨੂੰ ਦੁਬਾਰਾ ਹਿਰਾਸਤ ਵਿੱਚ ਲੈ ਸਕਦੀ ਹੈ। ਉੱਘੇ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਇਸ ਸੰਬੰਧ ਵਿੱਚ ਗੱਲ ਕਰਦਿਆਂ ਕਿਹਾ ਕਿ ਇਸ ਨਾਲ ਆਮ ਲੋਕਾਂ ਖਿਲਾਫ ਪੁਲਿਸ ਦੀਆਂ ਜ਼ਿਆਦਤੀਆਂ ਵਧਣਗੀਆਂ।

# ਕਾਂਗਰਸੀ ਲੀਡਰਸ਼ਿਪ ਦੇ ਤੇਵਰ ਤਿੱਖੇ ਹੋਣ ਲੱਗੇ

ਬਹੁਗਿਣਤੀ ਭਾਈਚਾਰੇ ਦੇ ਮਨਾਂ ਵਿੱਚ ਘੱਟਗਿਣਤੀ ਭਾਈਚਾਰਿਆਂ ਪ੍ਰਤੀ ਨਫਰਤ ਦਾ ਇੱਕ ਜਹਾਦ ਖੜ੍ਹਾ ਕੀਤਾ ਜਾ ਸਕੇ ਅਤੇ ਘੱਟਗਿਣਤੀ ਤਬਕਿਆਂ ਦੀ ਬਰਬਾਦੀ ਲਈ ਇਸ ਨੂੰ ਰਾਜਸੱਤਾ ਦੀ ਓਟ ਬਖ਼ਸ਼ੀ ਜਾ ਸਕੇ। ਉਪਰੋਕਤ ਕਿਸਮ ਦੇ ਅਨਸਰਾਂ ਨੂੰ ਆਪਣੇ ਪਿਛਲੇ ਦਸ ਸਾਲਾਂ ਦੇ ਰਾਜ ਵਿੱਚ ਕੇਂਦਰ ਸਰਕਾਰ ਨੇ ਸਰਪ੍ਰਸਤੀ ਦੇਈਂ ਵੀ ਰੱਖੀ ਹੈ। ਸਰਕਾਰ ਦੀ ਕੁਲੀਸ਼ਨ ਬਣਤਰ ਕਾਰਨ ਅਜਿਹੇ ਰੁਝਾਨ ਇਸ ਵਾਰ ਕੁਝ ਘਟਣ ਦੀ ਆਸ ਕੀਤੀ ਜਾ ਸਕਦੀ ਹੈ, ਪਰ ਸਰਕਾਰ ਦੀ ਬਣਤਰ ਅਤੇ ਮੰਤਰਾਲਿਆਂ ਆਦਿ ਦੀ ਵੰਡ ਵਿੱਚ ਭਾਜਪਾ ਜਿਸ ਤਰ੍ਹਾਂ ਮਨਮਰਜ਼ੀ ਕਰ ਰਹੀ ਹੈ, ਉਸ ਤੋਂ ਸੰਕੇਤ ਸਗੋਂ ਉਲਟੇ ਮਿਲ ਰਹੇ।

ਪੰਜਾਬੀ ਦੀ ਕਹਾਵਤ ਹੈ ਕਿ 'ਰੱਸੀ ਤਾਂ ਸੜ ਗਈ ਪਰ ਵੱਟ ਨਹੀਂ ਗਿਆ।' ਇਹ ਕਹਾਵਤ ਭਾਜਪਾ ਦੇ ਮੌਜੂਦਾ ਰਾਜਨੀਤਿਕ ਵਿਹਾਰ 'ਤੇ ਬਿਲਕੁਲ ਢੁਕਦੀ ਹੈ। ਉਂਝ ਵੀ ਵਿਚਾਰਧਾਰਕ ਵਿਗਾੜਾਂ ਦੀ ਦੁਰਗੰਧ ਵਿਅਕਤੀ/ਪਾਰਟੀ ਜਾਂ ਪਾਰਟੀਆਂ ਵਿੱਚੋਂ ਜਲਦੀ ਨਹੀਂ ਜਾਂਦੀ। ਇਸ ਨੂੰ ਅਸਲ ਸਮਾਜਕ-ਸਭਿਆਚਾਰਕ ਹਕੀਕਤ ਦੀ ਨੁਮਾਇੰਗੀ ਕਰਨ ਵਾਲੀ ਰਾਜਨੀਤੀ ਦਾ ਮਾਂਜਾ ਹੀ ਦਰੁਸਤ ਕਰ ਸਕਦਾ ਹੈ। ਇਹ ਸੰਤੁਸ਼ਟੀ ਵਾਲੀ ਗੱਲ ਹੈ ਕਿ ਕਾਂਗਰਸ ਦੀ ਲੀਡਰਸ਼ਿਪ ਨੇ ਇਸ ਕਿਸਮ ਦਾ 'ਮਾਂਜਾ' ਪਾਰਲੀਮੈਂਟ ਦੇ ਦੋਹਾਂ ਸਦਨਾਂ ਵਿੱਚ ਫੇਰਨਾ ਸ਼ੁਰੂ ਕਰ ਦਿੱਤਾ ਹੈ। ਜਿਵੇਂ ਕਿ ਰਾਹੁਲ ਗਾਂਧੀ ਨੇ ਕਿਹਾ, ਮੁਹੱਬਤ ਦੀ ਰਾਜਨੀਤੀ ਨਾਲ ਉਹ ਨਫਰਤ ਦੀ ਰਾਜਨੀਤੀ ਨੂੰ ਹਰਾਉਣ ਦਾ ਯਤਨ ਕਰ ਰਹੇ ਹਨ। ਅਜਿਹੀ ਸਥਿਤੀ ਵਿੱਚ ਮੁਸਲਮਾਨਾਂ, ਇਸਾਈਆਂ ਦੇ ਨਾਲ ਨਾਲ ਸਿੱਖਾਂ ਨੂੰ ਵੀ ਕਾਂਗਰਸ ਦੀ ਇਸ ਨਵੀਂ ਸਿਆਸੀ ਪਹੁੰਚ ਦਾ ਨੋਟਿਸ ਲੈਣਾ ਚਾਹੀਦਾ ਹੈ। ਸਿੱਖ ਲੀਡਰਸ਼ਿਪ ਨੂੰ ਖਾਸ ਕਰਕੇ ਆਪਣੀ ਪਹੁੰਚ ਸਮੇਂ ਅਨੁਸਾਰ ਬਦਲਣੀ ਚਾਹੀਦੀ ਹੈ। ਇਹ ਠੀਕ ਹੈ ਕਿ ਚੁਰਾਸੀਵਿਆਂ ਦੇ ਦੌਰ ਵਿੱਚ ਸਿੱਖਾਂ ਨੂੰ ਕਾਂਗਰਸ ਰਾਜ ਦੇ ਕੌੜੇ ਤਜਰਬੇ ਨਹੀਂ ਭੁੱਲਦੇ, ਪਰ ਜੇ ਕਿਸੇ ਪਾਰਟੀ ਦੀ ਅਗਲੀ ਜਨਰੇਸ਼ਨ ਬੀਤੇ ਨਾਲੋਂ ਇੱਕ ਦੂਰੀ ਬਣਾ ਕੇ ਅੱਗੇ ਵਧਣ ਦਾ ਯਤਨ ਕਰ ਰਹੀ ਹੈ ਤਾਂ ਇਸ ਦਾ ਸਵਾਗਤ ਅਤੇ ਸਹਿਯੋਗ ਕਰਨਾ ਚਾਹੀਦਾ ਹੈ।

ਸਿੱਖਾਂ ਦੀਆਂ ਰਾਜਨੀਤਿਕ ਨੁਮਾਇੰਦਾ ਜਮਾਤਾਂ ਨੂੰ ਕਿਸੇ ਵੀ ਪਾਰਟੀ ਨੂੰ ਪੱਕਾ ਦੁਸ਼ਮਣ ਕਰਾਰ ਦੇ ਕੇ ਆਪਣੇ ਰਾਜਨੀਤਿਕ ਗੱਠਜੋੜ ਦੇ ਮੌਕਿਆਂ ਨੂੰ ਸੀਮਤ ਨਹੀਂ ਕਰਨਾ ਚਾਹੀਦਾ। ਸਗੋਂ ਆਪਣੇ ਮੁੱਦਿਆਂ, ਮੰਗਾਂ, ਲੋੜਾਂ 'ਤੇ ਅਡਿੱਗ ਰਹਿੰਦਿਆਂ ਆਪਣੇ ਹਿੱਤਾਂ ਦੀ ਰਾਜਨੀਤੀ ਸਾਧਣੀ ਚਾਹੀਦੀ ਹੈ। ਇਸ ਤੋਂ ਇਲਾਵਾ ਰਾਜਨੀਤੀ ਵਿੱਚ ਕੁਝ 'ਕੌਮਨ ਗੁਡਸ' ਹੁੰਦੇ ਹਨ। ਅਜਿਹੇ ਵਿਚਾਰਾਂ/ਮਸਲਿਆਂ 'ਤੇ ਘੱਟਗਿਣਤੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਪਾਰਟੀਆਂ ਸੰਬੰਧਤ ਕੌਮੀ ਪਾਰਟੀ/ਪਾਰਟੀਆਂ ਨੂੰ ਬਿਨਾ ਸ਼ਰਤ ਸਹਿਯੋਗ ਵੀ ਦੇ ਸਕਦੀਆਂ ਹਨ। ਮਿਸਾਲ ਵਜੋਂ ਵੱਖ ਵੱਖ ਧਰਮਾਂ ਅਤੇ ਨਸਲਾਂ ਵਿਚਕਾਰ ਸੰਵਾਦੀ ਇਕਸੁਰਤਾ ਮੁਲਕ ਵਿੱਚ ਵੱਸਦੇ ਸਾਰੇ ਤਬਕਿਆਂ ਲਈ ਹੇਤੂ ਸਿੱਧ ਹੋ ਸਕਦੀ ਹੈ। ਜਿਹੜੀ ਵੀ ਰਾਜਨੀਤਿਕ ਧਿਰ ਇਸ ਕਿਸਮ ਦਾ ਮਾਹੌਲ ਪੈਦਾ ਕਰਨ ਦਾ ਯਤਨ ਕਰਦੀ ਹੈ, ਉਸ ਦਾ ਬਿਨਾ ਸ਼ਰਤ ਸਹਿਯੋਗ ਕੀਤਾ ਜਾਣਾ ਚਾਹੀਦਾ ਹੈ। ਕਾਂਗਰਸ ਦੇ ਦੋਵੇਂ ਵੱਡੇ ਨੇਤਾ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਇਨ੍ਹੀਂ ਦਿਨੀ ਇਸ ਕਿਸਮ ਦੀ ਦਿਸ਼ਾ ਵਿੱਚ ਹੀ ਅੱਗੇ ਵਧਣ ਦਾ ਯਤਨ ਕਰ ਰਹੇ ਹਨ।

ਰਾਹੁਲ ਨੇ ਸੋਮਵਾਰ ਨੂੰ ਪਾਰਲੀਮੈਂਟ ਵਿੱਚ ਆਪਣੇ ਪਲੇਠੇ ਭਾਸ਼ਣ ਵਿੱਚ ਕਿਹਾ, 'ਸਿਰਫ ਇੱਕ ਧਰਮ ਹੀ ਨਹੀਂ, ਸਾਡੇ ਸਾਰੇ ਧਰਮ ਨਿਡਰਤਾ ਬਾਰੇ ਗੱਲ ਕਰਦੇ ਹਨ।' ਉਨ੍ਹਾਂ ਸਦਨ ਵਿੱਚ ਸ਼ਿਵ ਅਤੇ ਗੁਰੂ ਨਾਨਕ ਦੇਵ ਜੀ ਅਤੇ ਯਸੂ ਮਸੀਹ ਦੀ ਤਸਵੀਰ ਲਹਿਰਾ ਕਿ ਧਰਮਿਕ ਇਕਸੁਰਤਾ ਬਾਰੇ ਕੁਝ ਮਹੱਤਵਪੂਰਨ ਗੱਲਾਂ ਵੀ ਕਹੀਆਂ। ਉਨ੍ਹਾਂ ਪੈਗੰਬਰ ਹਜ਼ਰਤ ਮੁਹੰਮਦ ਦਾ ਹਵਾਲਾ ਦਿੰਦਿਆਂ ਕਿਹਾ ਕਿ ਪਵਿੱਤਰ ਕੁਰਾਨ ਨਿਡਰਤਾ ਬਾਰੇ ਗੱਲ ਕਰਦੀ ਹੈ। ਜਦੋਂ ਦੁਆ ਵਿੱਚ ਹੱਥ ਉਠਦੇ ਹਨ ਤਾਂ ਇਸ ਮੁਦਰਾ ਦੀ ਤਾਸੀਰ ਨਿਰਭੈਅ ਵੀ ਹੁੰਦੀ ਹੈ। ਉਧਰ ਖੜਗੇ ਨੇ ਰਾਜ ਸਭਾ ਵਿੱਚ ਵਿਅੰਗ ਕੀਤਾ ਕਿ ਐਨ.ਡੀ.ਏ. ਸਰਕਾਰ ਦੀ ਨਵੀਂ ਸ਼ੁਰੂਆਤ ਦਿੱਲੀ ਏਅਰਪੋਰਟ ਦਾ ਛੱਜਾ ਡਿੱਗਣ, ਜੰਮੂ ਕਸ਼ਮੀਰ ਵਿੱਚ ਦਹਿਸ਼ਤੀ ਹਮਲੇ, ਪੁਲ ਟੁੱਟਣ, ਟੋਲ ਟੈਕਸ ਵਾਧੇ ਅਤੇ ਟੈਲੀਕਾਮ ਕੰਪਨੀਆਂ ਵੱਲੋਂ ਆਪਣੇ ਰੇਟਾਂ ਵਿੱਚ ਚੋਖੇ ਵਾਧੇ ਨਾਲ ਹੋਈ ਹੈ। ਇਹੋ ਇਸ ਸਰਕਾਰ ਦੀ ਅਸਲੀ ਤਸਵੀਰ ਹੈ।

# ਪੰਜਾਬ ਦੀ ਖੇਤੀ ਦੀਆਂ ਚੁਣੌਤੀਆਂ


**ਮਸਲੇ ਕਿਸਾਨੀ ਦੇ**

**ਹਰਿੰਦਰ ਸਿੰਘ ਲਾਂਬਾ**
hlamba101@gmail.com



**ਲੇਖਕ ਹਰਿੰਦਰ ਲਾਂਬਾ 'ਪਗੜੀ' (ਪੰਜਾਬ ਐਗਰੀਕਲਚਰਲ ਰੀਜੁਵੇਨੇਸ਼ਨ ਇਨੀਸ਼ੀਏਟਿਵ) ਦਾ ਸਕੱਤਰ ਹੈ, ਜੋ ਕਿ ਸ਼ਿਕਾਗੋ ਆਧਾਰਤ ਐਨ.ਜੀ.ਓ. ਹੈ ਅਤੇ ਪੰਜਾਬ ਦੀ ਖੇਤੀ ਵਿੱਚ ਸਰਗਰਮ ਹੈ। ਉਹ ਖੇਤੀਬਾੜੀ, ਜਲਵਾਯੂ, ਆਵਾਜਾਈ ਅਤੇ ਸੂਰਜੀ ਊਰਜਾ ਵਿੱਚ ਸਰਗਰਮ ਹੈ।**


ਖੇਤੀ ਕਿਤੇ ਵੀ ਰੁੱਤਾਂ ਦੇ ਨਾਲ ਚਲਦੀ ਹੈ। ਇਤਿਹਾਸਕ ਤੌਰ 'ਤੇ ਪੰਜਾਬ ਦੀ ਖੇਤੀ ਵਿੱਚ, ਇੱਥੋਂ ਤੱਕ ਕਿ 1960 ਦੌਰਾਨ ਵੀ ਮੌਸਮ ਦੇ ਕ੍ਰਮ ਅਨੁਸਾਰ ਕਈ ਫਸਲਾਂ ਸਨ। ਇਸ ਦੇ 78 ਲੱਖ ਹੈਕਟੇਅਰ ਫਸਲੀ ਖੇਤਰ ਵਿੱਚੋਂ ਕਣਕ ਅਤੇ ਚੌਲਾਂ ਨੇ ਸਿਰਫ 39% 'ਤੇ ਕਬਜ਼ਾ ਕੀਤਾ, ਜਦੋਂ ਕਿ ਬਾਕੀ ਦੇ ਰਕਬੇ 'ਤੇ ਮੱਕੀ, ਦਾਲਾਂ, ਤੇਲ ਬੀਜ, ਬਾਜਰਾ, ਜੌਂ, ਗੰਨਾ ਅਤੇ ਕਪਾਹ ਦਾ ਕਬਜ਼ਾ ਸੀ। ਅੱਜ ਸਾਉਣੀ (ਅਪ੍ਰੈਲ-ਅਕਤੂਬਰ) ਤੇ ਹਾੜੀ (ਅਕਤੂਬਰ-ਮਾਰਚ) ਵਿੱਚ ਝੋਨੇ ਤੇ ਕਣਕ ਦੀ ਫ਼ਸਲ ਦਾ 84% ਰਕਬੇ 'ਤੇ ਕਬਜ਼ਾ ਹੈ।

**'ਹਰੀ ਕ੍ਰਾਂਤੀ' ਦਾ ਨੁਕਸਾਨ:** 1960 ਦੇ ਦਹਾਕੇ ਵਿੱਚ ਦੇਸ਼ ਨੂੰ ਅਨਾਜ ਦੀ ਕਮੀ ਮਹਿਸੂਸ ਹੋਈ। ਅਮਰੀਕੀ ਦਬਾਅ ਅਤੇ ਘਾਟ ਕਾਰਨ ਭਾਰਤ ਸਰਕਾਰ ਨੇ ਨਾ ਖਰਚੇ ਪੀ.ਐਲ.-480 ਫੰਡਾਂ 'ਤੇ ਆਧਾਰਤ ਨਵੀਂ ਕਿਸਮ ਦੀ ਖੇਤੀਬਾੜੀ ਲਈ ਅਮਰੀਕਾ ਦੀ ਅਗਵਾਈ ਵਾਲੀ ਪਹੁੰਚ ਨੂੰ ਸਵੀਕਾਰ ਕੀਤਾ। ਇਹ ਮੁੱਖ ਤੌਰ 'ਤੇ ਕਣਕ ਅਤੇ ਚੌਲਾਂ ਦੇ ਹਾਈਬ੍ਰਿਡ ਬੀਜਾਂ (ਅਸਲ ਵਿੱਚ ਉੱਚ ਪ੍ਰਤੀਕਿਰਿਆ ਵਾਲੀਆਂ ਕਿਸਮਾਂ) ਦੀਆਂ ਅਖੌਤੀ ਉੱਚ ਉਪਜ ਦੇਣ ਵਾਲੀਆਂ ਕਿਸਮਾਂ ਦੀ ਵਰਤੋਂ ਸੀ, ਜੋ ਰਸਾਇਣਕ ਖਾਦ, ਪਾਣੀ, ਜੜੀ-ਬੂਟੀਆਂ, ਕੀਟਨਾਸ਼ਕਾਂ ਅਤੇ ਉੱਲੀਨਾਸ਼ਕਾਂ ਦੇ ਵੱਡੇ ਨਿਵੇਸ਼ਾਂ ਦਾ ਜਵਾਬ ਦਿੰਦੀਆਂ ਸਨ। ਇਹ ਅਮਰੀਕਾ ਦੀਆਂ ਖੇਤੀਬਾੜੀ ਯੂਨੀਵਰਸਿਟੀਆਂ ਦੁਆਰਾ ਭਾਰਤ ਵਿੱਚ ਨਵੀਆਂ ਸਥਾਪਿਤ ਕੀਤੀਆਂ ਗਈਆਂ ਖੇਤੀਬਾੜੀ ਯੂਨੀਵਰਸਿਟੀਆਂ ਨੂੰ ਸਿਖਾਈਆਂ ਗਈਆਂ ਸਨ, ਜਿਸ ਨਾਲ ਕਿਸਾਨਾਂ ਨੂੰ ਇਹ ਕਿਸਮਾਂ ਉਗਾਉਣ ਦਾ ਤਰੀਕਾ ਸਿਖਾਇਆ ਗਿਆ ਸੀ। ਮੁਢਲੇ ਤੌਰ 'ਤੇ ਸਬਸਿਡੀ ਵਾਲੇ ਰਸਾਇਣਕ ਨਿਵੇਸ਼ਾਂ ਅਤੇ ਜ਼ਮੀਨੀ ਪਾਣੀ ਦੀ ਸਿੰਚਾਈ ਲਈ ਟਿਊਬਵੈੱਲਾਂ ਲਈ ਬਿਜਲੀ ਦੀ ਮੁਫ਼ਤ ਸਪਲਾਈ ਅਤੇ ਕਣਕ-ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਸਥਾਪਨਾ ਕਰਕੇ, ਜਿਸ ਨਾਲ ਉਸ ਸਮੇਂ ਕਿਸਾਨਾਂ ਨੂੰ ਚੰਗਾ ਮੁਨਾਫਾ ਕਮਾਉਣ ਦੇ ਯੋਗ ਬਣਾਇਆ ਗਿਆ ਸੀ। ਇਹੀ ਕਾਰਨ ਹੈ ਕਿ ਉਪਰੋਕਤ ਫਸਲਾਂ ਦੀਆਂ ਉੱਚ ਕਿਸਮਾਂ ਤੋਂ ਪੰਜਾਬ ਦੇ 84% ਫਸਲੀ ਖੇਤਰ ਵਿੱਚ ਕਣਕ ਅਤੇ ਚੌਲਾਂ ਦਾ ਦਬਦਬਾ ਬਣਿਆ ਹੋਇਆ ਹੈ।

ਇਸ ਨਾਲ ਮੋਨੋਕਲਚਰ ਦੇ ਵੱਡੇ ਖੇਤ (ਕਣਕ ਅਤੇ ਚੌਲਾਂ ਦੀਆਂ ਕੁਝ ਕਿਸਮਾਂ, ਜੋ ਸਥਾਨਕ ਆਬਾਦੀ ਦੁਆਰਾ ਨਹੀਂ ਖਾਧੀਆਂ ਜਾਂਦੀਆਂ ਸਨ), ਜਿਹੜੇ ਬੀਮਾਰੀਆਂ ਲਈ ਬਹੁਤ ਕਮਜ਼ੋਰ ਸਨ, ਜਦੋਂ ਕੋਈ ਬਿਮਾਰੀ ਜਾਂ ਸਮੱਸਿਆ-ਕੀੜੇ ਦਿਖਾਈ ਦਿੰਦੇ ਹਨ ਤਾਂ ਇਹ ਯਕੀਨੀ ਬਣਾਉਣ ਲਈ ਕਿ ਵੱਡੀ ਫਸਲ (ਜੋ ਹੁਣ ਤੱਕ ਪੰਜਾਬ ਦਾ ਜ਼ਿਆਦਾਤਰ ਹਿੱਸਾ ਸੀ) ਅਸਫਲ ਨਾ ਹੋਵੇ, ਹਰ ਚੀਜ਼ 'ਤੇ ਜ਼ਹਿਰੀਲੇ ਰਸਾਇਣ ਛਿੜਕਣ ਲਈ ਵੱਡੇ ਯਤਨ ਕੀਤੇ ਗਏ। ਅਖੌਤੀ 'ਹਰੀ ਕ੍ਰਾਂਤੀ' ਦੇ ਨਤੀਜੇ ਸਨ- ਰਸਾਇਣਕ ਖਾਦਾਂ ਅਤੇ ਬਾਇਓਸਾਈਡਾਂ ਦੀ ਉੱਚ ਪੱਧਰੀ ਵਰਤੋਂ (ਕੈਂਸਰ ਅਤੇ ਧਰਤੀ ਹੇਠਲੇ ਪਾਣੀ ਦੇ ਦੂਸ਼ਿਤ ਹੋਣ ਦਾ ਕਾਰਨ), ਉੱਚ ਪੱਧਰੀ ਮਸ਼ੀਨੀਕਰਨ (ਬੇਰੁਜ਼ਗਾਰੀ ਵੱਲ ਅਗਵਾਈ), ਉਨ੍ਹਾਂ ਫਸਲਾਂ ਦਾ ਵਾਧਾ, ਜੋ ਸਥਾਨਕ ਲੋਕਾਂ ਦੁਆਰਾ ਖਪਤ ਨਹੀਂ ਕੀਤੀਆਂ ਜਾਂਦੀਆਂ; ਆਬਾਦੀ (ਇਸ ਲਈ ਰਾਜ ਦੀ ਸਮੁੱਚੀ ਆਬਾਦੀ ਵਿੱਚ ਪੋਸ਼ਣ ਦੀ ਘਾਟ), ਇੱਕ ਥੱਕੀ ਮਿੱਟੀ ਤੋਂ ਪੌਸ਼ਟਿਕ ਤੱਤਾਂ ਵਿੱਚ ਕਮੀ, ਭੋਜਨ ਉੱਤੇ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦਾ ਉੱਚ ਪੱਧਰ (ਵਧੇਰੇ ਕੈਂਸਰ), ਧਰਤੀ ਹੇਠਲੇ ਪਾਣੀ ਦੀ ਕਮੀ (ਜੋ ਪੰਜਾਬ ਨੂੰ ਮਾਰੂਥਲ ਵਿੱਚ ਬਦਲ ਸਕਦੀ ਹੈ), ਅਤੇ ਮਿੱਟੀ ਦੀ ਉਪਜਾਊ ਸ਼ਕਤੀ ਦੀ ਥਕਾਵਟ (ਘੱਟ ਜੀਵ-ਵਿਗਿਆਨਕ ਸਮੱਗਰੀ ਅਤੇ ਹਵਾ ਤੇ ਪਾਣੀ ਦੀ ਕਟੌਤੀ ਦੇ ਉੱਚ ਪੱਧਰ ਦੀ ਕਾਸ਼ਤ ਕਾਰਨ)।

ਖੇਤੀ ਮੰਡੀ 'ਤੇ ਵੀ ਕੇਂਦਰ ਸਰਕਾਰ ਅਤੇ ਇਸ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦਾ ਦਬਦਬਾ ਬਣ ਗਿਆ। ਇਸ ਨਾਲ ਆਬਾਦੀ ਵਿੱਚ ਉੱਚ ਪੱਧਰ ਦੀ ਅਸੰਤੁਸ਼ਟੀ ਅਤੇ ਮੁੱਖ ਤੌਰ 'ਤੇ ਚੌਲ ਉਗਾਉਣ ਲਈ ਪਾਣੀ ਦੀ ਉੱਚ ਵਰਤੋਂ, ਜਿਸ ਕਾਰਨ ਪੰਜਾਬ ਨੂੰ ਆਪਣੇ ਜਲ ਸਰੋਤਾਂ 'ਤੇ ਵਧੇਰੇ ਨਿਯੰਤਰਣ ਪ੍ਰਾਪਤ ਕਰਨ ਲਈ ਇੱਕ ਅੰਦੋਲਨ ਹੋਇਆ, ਜਿਸ ਨਾਲ ਕੇਂਦਰ ਸਰਕਾਰ ਦੁਆਰਾ ਇੱਕ ਹਿੰਸਕ ਪ੍ਰਤੀਕਿਰਿਆ ਹੋਈ। ਇਸ ਨੁਕਸਾਨ ਦਾ ਬਹੁਤਾ ਵਰਣਨ ਵੰਦਨਾ ਸ਼ਿਵਾ ਦੁਆਰਾ 1991 ਦੇ ਸ਼ੁਰੂ ਵਿੱਚ ਆਪਣੀ ਕਿਤਾਬ 'ਹਰੀ ਕ੍ਰਾਂਤੀ ਦੀ ਹਿੰਸਾ' ਵਿੱਚ ਕੀਤਾ ਗਿਆ ਸੀ।

**ਵਿਭਿੰਨਤਾ ਦੀ ਲੋੜ:** ਪੰਜਾਬ ਨੂੰ ਇਸ ਚੱਕਰ ਵਿੱਚੋਂ ਕਿਵੇਂ ਬਾਹਰ ਕੱਢੀਏ? ਇਹ ਆਸਾਨ ਨਹੀਂ ਹੋਵੇਗਾ, ਖਾਸ ਤੌਰ 'ਤੇ 'ਹਰੇ ਇਨਕਲਾਬ' ਖੇਤੀਬਾੜੀ (ਖਾਦ ਮਾਫੀਆ) ਦੇ ਹੱਕ ਵਿੱਚ ਸਵਾਰਥੀ ਹਿੱਤਾਂ ਅਤੇ ਸਾਡੇ ਕੋਲ ਇੱਕ ਅਜਿਹਾ ਬਾਜ਼ਾਰ ਹੈ, ਜੋ ਕੰਪਨੀਆਂ ਦੁਆਰਾ ਵਿਗਾੜਿਆ ਹੋਇਆ ਹੈ, ਜੋ ਅਜੇ ਵੀ ਸ਼ਕਤੀਸ਼ਾਲੀ ਹਨ।



ਸਭ ਤੋਂ ਪਹਿਲਾਂ ਲੋੜ ਹੈ, ਵਿਭਿੰਨਤਾ। ਮੌਜੂਦਾ ਫਸਲਾਂ (ਜਿਸ ਦੀ ਸਥਾਨਕ ਆਬਾਦੀ ਦੁਆਰਾ ਖਪਤ ਕੀਤੀ ਜਾਂਦੀ ਹੈ) ਵਿੱਚੋਂ ਕਣਕ ਦੀਆਂ ਦੇਸੀ ਕਿਸਮਾਂ ਵੱਲ ਪਰਿਵਰਤਨ ਕਰਨ ਲਈ, ਜੋ ਕਿ ਪੰਜਾਬ ਦੇ ਕੁਲੀਨ ਪਰਿਵਾਰ ਅੱਜ ਖਰੀਦਦੇ ਹਨ। ਦੂਸਰਾ, ਪੰਜਾਬ ਲਈ ਸਿਰਫ਼ ਚੌਲ਼ਾਂ ਦੀਆਂ ਬਾਸਮਤੀ ਕਿਸਮਾਂ ਨੂੰ ਉਗਾਉਣਾ ਹੈ, ਜਿਨ੍ਹਾਂ ਲਈ ਕੁਝ ਜ਼ਿਲ੍ਹਿਆਂ ਦੀ ਉੱਚ ਦਰਜਾਬੰਦੀ ਹੈ (ਪਰ ਚੌਲਾਂ ਦੀ ਸਿੱਧੀ ਬੀਜਾਈ-ਡੀ.ਐਸ.ਆਰ. ਨਾਲ ਉਗਾਈ ਜਾਂਦੀ ਹੈ, ਤਾਂ ਜੋ ਘੱਟ ਪਾਣੀ ਦੀ ਵਰਤੋਂ ਹੋਵੇ ਅਤੇ ਉੱਲੀਨਾਸ਼ਕਾਂ ਦੀ ਵਰਤੋਂ ਨਾ ਹੋਵੇ)। ਤੀਸਰਾ ਇਹ ਹੈ ਕਿ ਆਮ ਚੌਲਾਂ ਜਾਂ ਝੋਨੇ ਤੋਂ ਪੂਰੀ ਤਰ੍ਹਾਂ ਬਾਹਰ ਨਿਕਲਣਾ ਅਤੇ ਭਾਰਤ ਦੇ ਹੋਰ ਹਿੱਸਿਆਂ ਨੂੰ ਉਗਾਉਣ ਦਿਓ, ਜਿੱਥੇ ਇਹ ਖਾਧਾ ਜਾਂਦਾ ਹੈ।

ਸਾਧਾਰਨ ਚੌਲਾਂ ਵਿੱਚੋਂ ਨਿਕਲ ਕੇ ਖਾਲੀ ਹੋਏ ਏਕੜਾਂ ਲਈ, ਪਹਿਲੀ ਪਹੁੰਚ ਦਾਲਾਂ ਅਤੇ ਤੇਲ ਬੀਜਾਂ ਵਿੱਚ ਜਾਣ ਦੀ ਹੈ। ਦੋਵੇਂ ਇਸ ਵੇਲੇ ਦਰਾਮਦ ਹਨ ਅਤੇ ਜੇਕਰ ਦਰਾਮਦ ਕੀਮਤਾਂ ਘੱਟ ਨਾ ਹੋਣ ਤਾਂ ਕਿਸਾਨ ਚੰਗੀ ਆਮਦਨ ਕਮਾ ਸਕਦੇ ਹਨ। ਇਨ੍ਹਾਂ ਦੇ ਹੋਰ ਫਾਇਦੇ ਇਹ ਹਨ ਕਿ ਦਾਲਾਂ ਨਾਈਟ੍ਰੋਜਨ ਫਿਕਸਿੰਗ ਹਨ (ਹਵਾ ਵਿੱਚੋਂ ਨਾਈਟ੍ਰੋਜਨ ਕੱਢ ਕੇ ਮਿੱਟੀ ਵਿੱਚ ਸਪਲਾਈ ਕਰਦੀਆਂ ਹਨ- ਨਾਈਟ੍ਰੋਜਨ ਰਸਾਇਣਕ ਖਾਦ ਦੀ ਲੋੜ ਨੂੰ ਘਟਾਉਂਦੀਆਂ ਹਨ), ਇਹ ਵਧੀਆ ਸਬਜ਼ੀਆਂ ਪ੍ਰੋਟੀਨ ਦਿੰਦੀਆਂ ਹਨ, ਇਨ੍ਹਾਂ ਨੂੰ ਪ੍ਰੋਸੈਸ ਕਰਨਾ ਆਸਾਨ ਹੁੰਦਾ ਹੈ ਅਤੇ ਸਟੋਰ ਕਰ ਕੇ ਰੱਖਿਆ ਜਾ ਸਕਦਾ ਹੈ। ਇਸ ਲਈ ਕਿਸਾਨ ਉਨ੍ਹਾਂ ਨੂੰ ਉਦੋਂ ਤੱਕ ਸਟੋਰ ਕਰ ਕੇ ਰੱਖ ਸਕਦਾ ਹੈ, ਜਦੋਂ ਤੱਕ ਉਸਨੂੰ ਚੰਗੀ ਕੀਮਤ ਨਹੀਂ ਮਿਲਦੀ।

ਦੂਸਰਾ ਤਰੀਕਾ ਹੈ ਉਨ੍ਹਾਂ ਸਾਰੀਆਂ ਫਸਲਾਂ ਵੱਲ ਵਾਪਸ ਜਾਣਾ, ਜੋ ਪੰਜਾਬ ਪਹਿਲਾਂ ਉਗਾਉਂਦਾ ਸੀ; ਜਿਵੇਂ- ਮੱਕੀ, ਜੌਂ, ਬਾਜਰਾ, ਗੰਨਾ ਅਤੇ ਕਪਾਹ। ਜੇਕਰ ਕੋਈ ਉਸ ਬਾਗਬਾਨੀ (ਫਲ), ਏਕੀਕ੍ਰਿਤ ਖੇਤੀ (ਪੋਲਟਰੀ, ਡੇਅਰੀ, ਮੱਛੀ ਪਾਲਣ ਤੇ ਬੱਕਰੀਆਂ) ਅਤੇ ਸਬਜ਼ੀਆਂ ਉਗਾਉਣ ਲਈ ਉਪਰਾਲੇ ਕਰਦਾ ਹੈ ਤਾਂ ਤਬਦੀਲੀ ਪੂਰੀ ਹੋ ਜਾਵੇਗੀ। ਅਜਿਹਾ ਉਦੋਂ ਹੋ ਸਕਦਾ ਹੈ, ਜੇਕਰ ਖੇਤੀਬਾੜੀ ਯੂਨੀਵਰਸਿਟੀ, ਸਥਾਨਕ ਕਿਸਾਨ ਵਿਗਿਆਨ ਕੇਂਦਰ (ਕੇ.ਵੀ.ਕੇ.), ਕੇਂਦਰ ਤੇ ਰਾਜ ਸਰਕਾਰਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਤੇ ਕਾਰੋਬਾਰ ਇਨ੍ਹਾਂ ਤਬਦੀਲੀਆਂ ਲਈ ਕਿਸਾਨਾਂ ਦੀ ਮਦਦ ਕਰਨ।

**ਆਰਥਿਕਤਾ ਨੂੰ ਅਨੁਕੂਲ ਹੋਣ ਦੀ ਲੋੜ ਹੈ:** ਵਿਭਿੰਨਤਾ ਲਈ ਅਤੇ ਹਰੀ ਕ੍ਰਾਂਤੀ ਤੋਂ ਬਾਹਰ ਨਿਕਲਣ ਦਾ ਰਾਹ ਕੀ ਹੈ? ਕਿਸਾਨਾਂ ਨੂੰ ਆਪਣੇ ਖੇਤਾਂ ਦੇ ਕੁਝ ਹਿੱਸਿਆਂ ਨੂੰ ਦਾਲਾਂ ਅਤੇ ਤੇਲ ਬੀਜਾਂ ਦੀ ਕਾਸ਼ਤ ਵੱਲ ਮੋੜਨਾ ਸ਼ੁਰੂ ਕਰਨ ਅਤੇ ਪੰਜਾਬ ਤੇ ਬਾਕੀ ਭਾਰਤ ਵਿੱਚ ਇਨ੍ਹਾਂ ਉਤਪਾਦਾਂ ਦੀ ਪ੍ਰੋਸੈਸਿੰਗ, ਸਟੋਰੇਜ, ਪੈਕਿੰਗ ਅਤੇ ਮਾਰਕੀਟਿੰਗ ਵਿੱਚ ਸਹਿਯੋਗ ਕਰਨ ਲਈ ਆਪਸ ਵਿੱਚ ਸਹਿਯੋਗ ਵਿਕਸਿਤ ਕਰਨ ਦੀ ਲੋੜ ਹੈ। ਛਿੜਕੀ ਹੋਈ ਮੂੰਗੀ ਦੀ ਦਾਲ ਸਟੋਰੇਜ਼ ਵਿੱਚ ਲੰਬੇ ਸਮੇਂ ਤੱਕ ਰਹਿ ਸਕਦੀ ਹੈ।


ਅਗਲਾ ਕਦਮ ਕਿਸਾਨਾਂ ਲਈ ਆਪਣੇ ਕੁਝ ਖੇਤਾਂ ਨੂੰ ਜੈਵਿਕ ਜਾਂ ਕੁਦਰਤੀ ਖੇਤੀ ਵੱਲ ਮੋੜਨਾ ਸ਼ੁਰੂ ਕਰਨਾ ਹੈ ਅਤੇ ਸਿਖਲਾਈ ਪ੍ਰਾਪਤ ਕਰਨ ਲਈ ਸਹਿਯੋਗ ਕਰਨਾ ਹੈ। ਫਿਰ ਇਨ੍ਹਾਂ ਉਤਪਾਦਾਂ ਦੇ ਉਗਾਉਣ, ਪੈਕਿੰਗ, ਪ੍ਰੋਸੈਸਿੰਗ ਅਤੇ ਮਾਰਕੀਟਿੰਗ ਵਿੱਚ ਸਹਿਯੋਗ ਕਰਨਾ ਹੈ। ਇੱਕ ਦ੍ਰਿਸ਼ਟੀਕੋਣ, ਜੋ ਇਹ ਸਮਝਦਾ ਹੈ ਕਿ ਕਿਸਾਨ ਹਰੇਕ ਖਾਸ ਫਸਲ ਲਈ ਸਥਾਨਕ ਕਲੱਸਟਰ ਬਣਾਉਂਦੇ ਹਨ ਤਾਂ ਜੋ ਉਹ ਸਥਾਨਕ ਤੌਰ 'ਤੇ ਇੱਕ ਦੂਜੇ ਨਾਲ ਸਹਿਯੋਗ ਕਰ ਸਕਣ, ਇਸ ਲਈ ਕੁਝ ਉਗਾਉਣ 'ਤੇ ਧਿਆਨ ਦੇ ਸਕਦੇ ਹਨ; ਕੁਝ ਪ੍ਰੋਸੈਸਿੰਗ 'ਤੇ ਅਤੇ ਦੂਸਰੇ ਮਾਰਕੀਟਿੰਗ 'ਤੇ। ਸ਼ੁਰੂ ਕਰਨ ਲਈ ਇੱਕ ਹੋਰ ਪਹੁੰਚ, ਜੋ ਬਹੁਤ ਅਰਥ ਰੱਖਦੀ ਹੈ, ਇਹ ਹੈ ਕਿ ਇੱਕ ਸਥਾਨਕ ਖੇਤਰ ਵਿੱਚ ਕਿਸਾਨ ਇੱਕ ਦੂਜੇ ਲਈ ਫਸਲਾਂ (ਜੈਵਿਕ ਜਾਂ ਗੈਰ-ਜੈਵਿਕ) ਪੈਦਾ ਕਰਨ ਵਿੱਚ ਸਹਿਯੋਗ ਕਰਦੇ ਹਨ ਤਾਂ ਜੋ ਮੰਡੀਕਰਨ ਦੀ ਸ਼ੁਰੂਆਤੀ ਸਮੱਸਿਆ ਦਾ ਹੱਲ ਕੀਤਾ ਜਾ ਸਕੇ।

ਫਿਰ ਆਮ ਤੌਰ 'ਤੇ ਹਰ ਫ਼ਸਲ ਲਈ ਜਦੋਂ ਇਸ ਦੀ ਕਟਾਈ ਹੁੰਦੀ ਹੈ, ਤਾਂ ਮੰਡੀ ਵਿੱਚ ਰੌਣਕ ਹੁੰਦੀ ਹੈ ਅਤੇ ਕੀਮਤਾਂ ਡਿੱਗ ਜਾਂਦੀਆਂ ਹਨ। ਵਪਾਰੀ ਆਉਂਦੇ ਹਨ ਅਤੇ ਘੱਟ ਕੀਮਤ 'ਤੇ ਉਤਪਾਦ ਖਰੀਦਦੇ ਹਨ, ਇਸ ਨੂੰ ਜਮ੍ਹਾਂ ਕਰ ਲੈਂਦੇ ਹਨ ਅਤੇ ਫਿਰ ਜਦੋਂ ਕੀਮਤ ਵੱਧ ਜਾਂਦੀ ਹੈ ਤਾਂ ਵੇਚਦੇ ਹਨ। ਅਜਿਹੀ ਸਥਿਤੀ ਨਾਲ ਨਜਿੱਠਣ ਦਾ ਇੱਕ ਤਰੀਕਾ ਇਹ ਹੈ ਕਿ ਕਿਸਾਨਾਂ ਲਈ ਛੋਟੇ ਸਵੈ-ਸਹਾਇਤਾ ਸਮੂਹਾਂ ਦਾ ਗਠਨ ਕਰਨਾ ਅਤੇ ਉਤਪਾਦਾਂ ਦੀ ਸਟੋਰੇਜ ਤੇ ਪ੍ਰੋਸੈਸਿੰਗ ਲਈ ਕੇਂਦਰ ਸਥਾਪਤ ਕੀਤੇ ਜਾਣ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਸੈਂਟਰਲ ਇੰਸਟੀਚਿਊਟ ਆਫ ਪੋਸਟ ਹਾਰਵੈਸਟ ਟੈਕਨਾਲੋਜੀ ਦੇ ਫੂਡ ਪ੍ਰੋਸੈਸਿੰਗ ਵਿਭਾਗਾਂ ਕੋਲ ਬਹੁਤ ਵਧੀਆ ਮਸ਼ੀਨਾਂ ਹਨ, ਜੋ ਕਿਸਾਨ ਵਰਤ ਸਕਦੇ ਹਨ। ਇਹ ਵਿਕਸਿਤ ਕੀਤੀਆਂ ਮਸ਼ੀਨਾਂ ਘੱਟ ਲਾਗਤ ਵਾਲੀਆਂ ਵੀ ਹਨ।

ਭਾਰਤੀ ਅਰਥਵਿਵਸਥਾ ਦੇ ਹੋਰ ਸਾਰੇ ਹਿੱਸਿਆਂ ਦੇ ਮੁਕਾਬਲੇ ਆਜ਼ਾਦੀ ਤੋਂ ਬਾਅਦ ਕਿਸਾਨਾਂ ਦੀ ਆਮਦਨੀ ਵਿੱਚ ਖੜੋਤ ਆਈ ਹੈ। ਬਾਹਰਲੇ ਜਾਂ ਹੋਰ ਲੋਕ ਅਜਿਹੇ ਉਤਪਾਦ ਜਾਂ ਸੇਵਾਵਾਂ ਲੈ ਕੇ ਆਉਂਦੇ ਹਨ, ਜਿਨ੍ਹਾਂ ਦਾ ਉਹ ਦਾਅਵਾ ਕਰਦੇ ਹਨ ਕਿ ਕਿਸਾਨਾਂ ਦੀ ਆਮਦਨ ਵਧੇਗੀ, ਪਰ ਬਾਹਰੀ ਲੋਕ ਪੈਸਾ ਕਮਾਉਂਦੇ ਹਨ ਅਤੇ ਕਿਸਾਨ ਜਿੱਥੇ ਹਨ, ਉੱਥੇ ਹੀ ਰਹਿੰਦੇ ਹਨ। ਇਸ ਲਈ ਭਵਿੱਖ ਵਿੱਚ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਮਾਮਲੇ ਵਿੱਚ ਸਿੱਧੇ ਮਾਤਰਾਤਮਕ ਨਤੀਜੇ ਦੀ ਲੋੜ ਹੈ। ਖੇਤੀ ਨੂੰ 'ਹਰੇ ਇਨਕਲਾਬ' ਵਿੱਚੋਂ ਕੱਢ ਕੇ ਵਿਭਿੰਨਤਾ ਵਾਲੀਆਂ ਫਸਲਾਂ ਵਿੱਚ ਲਿਆਉਣਾ, ਪੈਦਾਵਾਰ ਦਾ ਭੰਡਾਰਨ ਅਤੇ ਪ੍ਰੋਸੈਸਿੰਗ ਇਸ ਨੂੰ ਕਿਸਾਨਾਂ ਦੇ ਖੁਦ ਦੇ ਨਿਯੰਤਰਣ ਵਿੱਚ ਕਰਨ ਦੇ ਸਭ ਤੋਂ ਵਧੀਆ ਤਰੀਕੇ ਹਨ।

ਹਰ ਹਾਲਤ ਵਿੱਚ ਕਿਸਾਨ ਸੁਚੇਤ ਰਹਿਣ!


DIABETIC LIMB SALVAGE AND MAJOR AMPUTATION PREVENTION
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

He has over 30 years of surgical experience
HINDI, PUNJABI, ENGLISH AND SPANISH

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

847-310-1600

Bunions, sports medicine, Pediatric foot deformity, ingrown toenails, warts and Diabetic Limb Salvage

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169



CALL FOR A FREE QUOTE: Auto • Home • Condo • Life

Bicky Sarkaria
847-465-1484
KSARKARIA@allstate.com

482 N. Milwaukee #3
Wheeling, IL

15700 103rd St #250
Lemont, IL

Building a stronger community together

Allstate®
You're In Good Hands With Allstate

*ਕਾਰਾਂ ਤੇ ਘਰਾਂ ਦੀ ਇੰਸ਼ੋਰੈਂਸ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ *ਅਸੀਂ ਜੀਵਨ ਬੀਮਾ ਵੀ ਕਰਦੇ ਹਾਂ

**ਪੜਚੋਲ**

**ਪਰਮਜੀਤ ਸਿੰਘ ਸੋਹਲ**



# ਸਵਰਨਜੀਤ ਸਵੀ ਦਾ 'ਚਿੰਤਨ ਸੰਸਾਰ'

## 'ਊਰੀ, 'ਉਦਾਸੀ ਦਾ ਲਿਬਾਸ' ਤੇ 'ਮਨ ਦੀ ਚਿੱਪ' ਦੇ ਸੰਦਰਭ ਵਿੱਚ

*ਸਵਰਨੀਜਤ ਸਵੀ ਦੀ ਕਾਵਕਾਰੀ ਪੰਜਾਬੀ ਮਨ ਨੂੰ ਚਿੰਤਨ ਦੀ ਤਪਸ਼ ਵਿੱਚੋਂ ਗੁਜ਼ਾਰਦੀ ਹੈ। ਇਹ ਰਵਾਇਤੀ ਕਥਾਤਮਕ ਅਤੇ ਤੁਕਬੰਦੀ ਦੀਆਂ ਸੁਰਾਂ ਵਿੱਚ ਬੱਝੀ ਸਾਡੀ ਸਮੂਹਿਕ ਚੇਤਨਾ 'ਤੇ ਚਿੰਤਨਮਈ/ਬੌਧਿਕ ਸ਼ਬਦਾਂ ਦਾ ਭਾਰ ਪਾਉਂਦੀ ਹੈ। ਅਸਲ ਵਿੱਚ ਸਾਡਾ ਸਮੂਹਿਕ ਅਵਚੇਤਨ ਹਾਲੇ ਵੀ ਪਰੰਪਰਿਕ ਕਥਾ/ਪ੍ਰਵਚਨ/ਕੰਨ ਰਸ ਅਤੇ ਧਾਰਨਾਵਾਂ ਨੁਮਾ ਸੁਰਾਂ ਵਿੱਚ ਬੱਝੀਆਂ ਕਾਵਿਕ ਵਿਧੀਆਂ ਦਾ ਸ਼ੌਕੀਨ ਹੈ। ਸੋਸ਼ਲ ਮੀਡੀਆ/ਯੂਟਿਊਬ ਵਗੈਰਾ ਨੇ ਸਾਡੀਆਂ ਇਨ੍ਹਾਂ ਬੀਮਾਰੀਆਂ ਨੂੰ ਇੱਕ ਤਰ੍ਹਾਂ ਨਾਲ ਲਾਇਲਾਜ ਕਰ ਦਿੱਤਾ ਹੈ। ਗੰਭੀਰ ਪੜ੍ਹਤਾਂ ਵਿੱਚੋਂ ਸੰਕਲਪਾਂ/ਸ਼ਬਦਾਂ/ਆਪਣੇ ਹਿੱਸੇ ਦੇ ਅਰਥਾਂ/ਅਨਰਥਾਂ ਨੂੰ ਉਠਾਲਣ ਵਰਗੀ ਆਧੁਨਿਕ ਸ਼ਿਫਟ ਤੋਂ ਵੀ ਹਾਲੇ ਅਸੀਂ ਮਹਿਰੂਮ ਹਾਂ। ਸਵੀ ਉਨ੍ਹਾਂ ਕਵੀਆਂ ਵਿੱਚੋਂ ਨਵੇਕਲਾ ਹੈ, ਜੋ ਪੰਜਾਬੀ ਸਥਾਨਕਤਾ ਵਿੱਚ ਉਪਰੋਕਤ 'ਸ਼ਬਦ ਕਰਾਂਤੀ' ਨੂੰ ਪੰਜਾਬੀ ਸੱਭਿਆਚਾਰਕ ਮਾਨਸਿਕਤਾ ਵਿੱਚ ਉਤਾਰਨ ਦਾ ਯਤਨ ਕਰ ਰਹੇ ਹਨ। ਉਸ ਦੀਆਂ ਹੁਣ ਤੱਕ 15-16 ਕਿਤਾਬਾਂ ਆ ਚੁੱਕੀਆਂ ਹਨ। ਇਸ ਵਾਰ ਦਾ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਸਵਰਨਜੀਤ ਸਵੀ ਦੇ ਨਵੇਂ ਕਾਵ ਸੰਗ੍ਰਹਿ 'ਮਨ ਦੀ ਚਿੱਪ' ਨੂੰ ਮਿਲਿਆ ਹੈ। ਹਾਲ ਹੀ ਵਿੱਚ ਉਹ ਪੰਜਾਬ ਸਰਕਾਰ ਵੱਲੋਂ 'ਪੰਜਾਬ ਕਲਾ ਪ੍ਰੀਸ਼ਦ' ਦੇ ਚੇਅਰਮੈਨ ਵੀ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਲਈ ਇਹ ਵਰ੍ਹਾਂ ਦੂਹਰੀਆਂ ਖੁਸ਼ੀਆਂ ਦਾ ਰਿਹਾ। ਸਵੀ ਦੀ ਕਵਿਤਾ ਬਾਰੇ ਇਸ ਲੇਖ ਵਿੱਚ ਪਰਮਜੀਤ ਸੋਹਲ ਨੇ ਗਹਿਰੀਆਂ ਗੱਲਾਂ ਕੀਤੀਆਂ ਹਨ।*

1985 ਤੋਂ ਸਵੀ ਦਾ ਕਾਵਿ-ਸਫ਼ਰ ਸ਼ੁਰੂ ਹੁੰਦਾ ਹੈ ਅਤੇ 'ਅਵੱਗਿਆ' 1987 ਵਿੱਚ ਉਸ ਦੀ ਪਹਿਲੀ ਕਿਤਾਬ ਪ੍ਰਕਾਸ਼ਿਤ ਹੁੰਦੀ ਹੈ। 'ਦਰਦ ਪਿਆਦੇ ਹੋਣ ਦਾ' ਤੋਂ ਬਾਅਦ 'ਦੇਹੀ ਨਾਦ' ਨਾਲ ਸਵਰਨਜੀਤ ਸਵੀ ਪੰਜਾਬੀ ਕਵਿਤਾ ਵਿੱਚ ਇੱਕ ਵਿਵਾਦਿਤ ਤੇ ਚਰਚਿਤ ਨਾਮ ਬਣ ਗਿਆ। 'ਕਾਮੇਸ਼ਵਰੀ' ਨੇ ਉਸ ਨੂੰ ਹੋਰ ਪ੍ਰਸਿੱਧੀ ਪ੍ਰਦਾਨ ਕੀਤੀ। ਇਸ ਉਪਰੰਤ ਉਸ ਨੇ 'ਆਸ਼ਰਮ', 'ਮਾਂ', 'ਤੇ ਮੈਂ ਆਇਆ ਬੱਸ', 'ਊਰੀ' ਆਦਿ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕਰਵਾਏ। ਉਸਦੇ ਹਰ ਕਾਵਿ-ਸੰਗ੍ਰਹਿ ਵਿੱਚ ਵਿਭਿੰਨ ਵਿਸ਼ਿਆਂ ਨੂੰ ਲੈ ਕੇ ਕਵਿਤਾਵਾਂ ਦੀ ਸਿਰਜਣਾ ਕੀਤੀ ਗਈ ਹੈ। ਉਸ ਦੀ ਹਰ ਕਿਤਾਬ ਵਿਚਾਰ ਤੇ ਵਿਸ਼ੇ ਪੱਖ ਤੋਂ ਪਹਿਲੀ ਕਿਤਾਬ ਨਾਲੋਂ ਅਗਲੇਰਾ ਪੜਾਅ ਤੈਅ ਕਰਦੀ ਹੈ। ਇਹ ਸਿਲਸਿਲਾ 'ਊਰੀ', 'ਮਨ ਦੀ ਚਿੱਪ' ਤੇ 'ਉਦਾਸੀ ਦਾ ਲਿਬਾਸ' ਤੱਕ ਨਿਰੰਤਰ ਜਾਰੀ ਹੈ।

ਸਵਰਨਜੀਤ ਸਵੀ ਪੰਜਾਬੀ ਦੀ ਆਧੁਨਿਕ ਪੀੜ੍ਹੀ ਦਾ ਬੌਧਿਕ ਕਵੀ ਹੈ, ਜੋ ਆਪਣੀ ਕਾਵਿਕ-ਸਮਰੱਥਾ ਨੂੰ ਆਪਣੀ ਹਰ ਕਾਵਿ-ਕਿਤਾਬ ਰਾਹੀਂ ਬਹੁ-ਆਯਾਮੀ ਦਿਸ਼ਾਵਾਂ ਵੱਲ ਨਿਰੰਤਰ ਪ੍ਰਸਾਰਿਤ ਕਰਦਾ ਰਹਿੰਦਾ ਹੈ। ਉਸਦੀ ਹਰ ਕਿਤਾਬ ਪਹਿਲੀ ਕਿਤਾਬ ਨਾਲੋਂ ਵੱਖਰੇ ਵਿਸ਼ਿਆਂ ਨੂੰ ਛੋਹਦੀ ਹੈ।

'ਊਰੀ' ਜੀਵਨ ਧਾਰਾ ਹੈ, ਜਿਸ ਬਿਨ ਕਵੀ ਸਭ ਕੁਝ ਬੇਕਾਰ ਮੰਨਦਾ ਹੈ। ਮਨੁੱਖੀ ਜੀਵਨ ਸਮਾਜਿਕ ਗਤੀ ਦਾ ਵਰਤਾਰਾ ਹੈ ਤੇ 'ਯੋਨੀ ਗਰਭੇ' ਜੀਵਨ ਦੀ ਸਿਰਜਣਾਤਮਕ ਹੋਣ ਦੀ ਸਹਿਜ ਗਤੀ ਹੈ। ਇਹ ਜੀਵਨ ਦੇ ਸਹਿਜ ਤੇ ਗਤੀਸ਼ੀਲ ਵਰਤਾਰੇ ਦਾ ਸ਼ਾਬਦਿਕ ਬਿੰਬ ਹੈ। ਕਾਮ ਤੰਤਰ ਦੀ ਊਰਜਾ ਵਰਗਾ... ਜਿਸ ਵਿੱਚ ਸਗਲ ਵਰਤਾਰੇ ਦੀ ਕਾਇਆ ਸਿਰਜੀ ਜਾਂਦੀ ਹੈ। ਸਵੀ ਦੀ 'ਊਰੀ' ਇਸੇ ਸਿਰਜਣਾਤਮਕਤਾ ਦੇ ਆਦਿ-ਵਰਤਾਰੇ ਨੂੰ ਵਿਭਿੰਨ ਕੋਣਾਂ ਤੋਂ ਨਿਰਖਦੀ ਪਰਖਦੀ ਹੈ। 'ਊਰੀ' ਨਾਲ ਸੰਬੰਧਿਤ ਹੋਰ ਕਾਵਿ-ਟੁਕੜੀਆਂ ਵਿੱਚ ਸਵੀ ਨੇ ਸ਼ਬਦ, ਰੰਗ, ਨ੍ਰਿਤ, ਧੁਨੀ ਦੇ ਵਿਵਿਧ ਵਰਤਾਰਿਆਂ ਰਾਹੀਂ ਜੋ ਸਪੇਸ ਸਿਰਜੀ ਹੈ, ਉਹ ਵੀ ਉਕਤ ਵਿਚਾਰ ਦੀ ਪੁਸ਼ਟੀ ਹੈ।

ਉਹ ਕੰਪਿਊਟਰੀ ਯੁੱਗ ਵਿੱਚ ਗਿਆਨ/ਇਨਫਰਮੇਸ਼ਨ ਦੇ ਨਾਲ ਨਾਲ ਪਰਿਵਰਤਨ ਦੇ ਅਰੁਕ ਵੇਗ ਨੂੰ ਸ਼ਾਬਦਿਕ ਰੂਪ ਦਿੰਦਾ ਹੈ:

ਵੈੱਬ ਰਾਹੀਂ ਸ਼ਬਦ/ਯਾਦ ਲਿਖਤ ਮੁਕਤ ਹੋਈ
ਕਿਸੇ ਇੱਕ ਦੀ ਗਿਆਨੀ ਮਲਕੀਅਤ ਦੇ ਜਾਲ ਤੋਂ...।

ਉਸਦੀ ਯਾਦ ਕਵਿਤਾ ਲਿਖਤ ਦੇ ਸ਼ਬਦੀ ਪਾਸਾਰ ਦੀ ਸਰਬ ਸਾਂਝ ਦੇ ਗਿਆਨ-ਮੰਡਲ ਦੀ ਫ਼ਿਤਰਤ ਨੂੰ ਬਿਆਨ ਕਰਦੀ ਹੈ। ਨਾਲ ਹੀ ਉਹ ਕੁਦਰਤ ਦੀ ਮੀਲਾਂ ਲੰਬੀ ਲੈਂਡਸਕੇਪ ਨੂੰ ਗਹਿਰੀ ਚੁੱਪ ਵਿੱਚ ਟਿਕੀ ਹੋਈ ਦੇਖਦਾ ਹੈ, ਜਿਸ ਨੂੰ ਇੱਕ ਚਾਹ ਦੀ ਚੁਸਕੀ ਤੋੜ ਦਿੰਦੀ ਹੈ।

ਉਸ ਕੋਲ ਰੁੱਖ ਹੇਠ ਬੈਠ ਕੇ ਬੁੱਧ ਹੋਣ ਦੀ ਚਾਹਤ ਹੈ, ਪਰ ਜਿਸਮਾਨੀ ਛੁਹ ਮੁਕਤੀ ਨਹੀਂ ਦਿੰਦੀ, ਸਿਥਲਤਾ 'ਚ ਆਇਆ ਜਿਸਮ ਹਰਕਤ 'ਚ ਆਉਂਦਾ ਹੈ, ਪਰ ਅਗਲਾ ਸਫ਼ਰ ਕਿੱਥੇ ਦਾ ਹੈ? ਇਹ ਸੁਆਲ ਪਾਠਕ 'ਤੇ ਛੱਡ ਦਿੱਤਾ ਗਿਆ ਹੈ। ਉਸ ਦੀ ਕਵਿਤਾ ਵਿੱਚ ਸੂਰਜ ਦਾ ਕਰਮ ਮੀਂਹ ਦਾ ਰੁਖ਼ ਇਖ਼ਤਿਆਰ ਕਰਦਾ ਹੈ ਤਾਂ ਮੀਂਹ ਵੀ ਅਨੰਦ ਉਤਸਵ ਬਣ ਜਾਂਦਾ ਹੈ। ਸਵੀ ਜਿਸ ਜ਼ਾਵੀਏ ਤੋਂ ਟਾਇਟੈਨਿਕ ਦੁਖਾਂਤ ਦੇਖਦਾ ਹੈ, ਉਥੇ 'ਕਵਿਤਾ ਦੀ ਟੇਢ' ਹੈ। ਇਸ ਵਿੱਚ ਕਿੰਨੇ ਹਾਦਸੇ ਪਏ ਹਨ- ਟਾਈਟੈਨਿਕ ਵਰਗੇ। ਇਸ਼ਕ ਵਿੱਚ ਕਿੰਨੇ ਟਾਈਟੈਨਿਕ ਗੁਆਚ ਗਏ, ਕੋਈ ਪਤਾ ਨਹੀਂ। ਇਸ ਪ੍ਰਕਾਰ ਸਵੀ ਦੇ ਬੌਧਿਕ ਬਿੰਬਾਂ 'ਚੋਂ ਉਸ ਦੀ ਮਾਰਮਿਕਤਾ ਨੂੰ ਪਕੜਨਾ ਜੇ ਅਸੰਭਵ ਨਹੀਂ ਤਾਂ ਅਤਿ ਮੁਸ਼ਕਿਲ ਜ਼ਰੂਰ ਹੈ।

'ਦੇਹੀ ਨਾਦ' ਤੋਂ ਸਵੀ ਇੱਕ ਨਾਰੀਵਾਦੀ ਦ੍ਰਿਸ਼ਟੀ ਵੀ ਨਾਲ ਨਾਲ ਘੜਦਾ ਰਿਹਾ ਹੈ। ਉਸਦੀ ਕਵਿਤਾ ਵਿਚਲੀ ਨਾਰੀ ਵਰਜਿਤ ਮੁਹੱਬਤ ਨੂੰ ਜਿੱਤ-ਹਾਰ ਤੋਂ ਮੁਕਤ ਖੇਡ ਵਾਂਗ ਖੇਡਣ ਦਾ ਅਧਿਕਾਰ ਮੰਗਦੀ ਹੈ। ਉਹ ਮਰਦਾਨਗੀ ਨੂੰ ਤੋੜ ਕੇ ਜੇਤੂ ਮੁਸਕਾਨ ਨੂੰ ਢਾਹੁੰਦੀ ਹੈ। ਮਰਦਾਵੀਂ ਈਗੋ ਨੂੰ ਤੋੜਦੀ ਹੋਈ ਮਰਦ ਵਿਰੁਧ ਇੱਕ ਤਿੱਖੀ ਸੰਵੇਦਨਾ ਜਗਾਉਂਦੀ ਹੈ।

9/11 ਦੇ ਟਰੇਡਿੰਗ ਮਿਊਜ਼ੀਅਮ ਵਾਲੀ ਕਵਿਤਾ ਦੁਖਾਂਤ ਵਾਪਰਨ ਤੋਂ ਬਾਅਦ ਦੀ ਸਾਮਰਾਜੀ ਮੁਲਕਾਂ ਦੀ ਮੁਨਾਫ਼ਾਖੋਰੀ ਦੇ ਇੱਕ ਹੋਰ ਟਰੇਡ ਕਰਨ ਦੀ ਘਟੀਆ ਬਾਜ਼ਾਰੂ ਬਿਰਤੀ ਅਤੇ ਮੌਤ ਦੇ ਸੁਦਾਗਰਾਂ ਵੱਲੋਂ ਮਕਬਰਿਆਂ ਦਾ ਜਜੀਆ ਹਾਸਲ ਕਰਨ ਦੀ ਕੁਟਲਤਾ ਨੂੰ ਦਰਸਾਉਂਦੀ ਹੈ। ਬਾਲ ਕਵਿਤਾ... ਵਿੱਚ ਬਚਪਨ ਵੱਲ ਪਰਤਣ ਦੀ ਰੁਚੀ ਹੈ। ਅਕਸਰ ਲੋਕ ਬੱਚਿਆਂ 'ਚੋਂ ਆਪਣਾ ਬਚਪਨ ਦੇਖਦੇ ਹਨ, ਜੋ ਕਿ ਫਿਰ ਨਹੀਂ ਆਉਂਦਾ। ਮਾਸੂਮੀਅਤ ਰਾਹੀਂ ਕਵੀ ਜੀਵਨ ਦਾ ਸੰਦੇਸ਼ ਦੇਣਾ ਚਾਹੁੰਦਾ ਹੈ।

ਧਾਰਮਿਕ ਪ੍ਰਵਚਨਾਂ 'ਚ ਅਕਸਰ ਕਿਹਾ ਜਾਂਦਾ ਹੈ ਕਿ ਮਨੁੱਖ ਇਸ ਸੰਸਾਰ ਤੋਂ ਕੁਝ ਨਹੀਂ ਲੈ ਕੇ ਜਾਂਦਾ, ਪਰ ਮਨੁੱਖ ਦੇ ਮਨ ਦੀ ਬੰਦ ਮੁੱਠੀ ਵਿੱਚ ਕਿੰਨਾ ਕੁਝ ਹੈ। ਰਿਕਤਤਾ ਨਾ ਆਦਿ ਵਿੱਚ ਸੀ, ਨਾ ਅੰਤ ਵਿੱਚ ਹੋਵੇਗੀ। ਆਦਿ-ਕਾਲ ਤੋਂ ਲੈ ਕੇ 'ਹੁਣ' ਤੀਕ ਭਾਸ਼ਾ ਮਨੁੱਖ ਦੇ ਨਾਲ ਨਾਲ ਤੁਰਦੀ ਰਹੀ ਹੈ। ਸ਼ਾਇਦ ਪ੍ਰਸਥਿਤੀਆਂ ਨਾਲ ਮਨੁਖ ਨਹੀਂ, ਭਾਸ਼ਾ ਹੀ ਖੇਡਦੀ ਹੈ ਤੇ ਅਸੀਂ ਭਾਸ਼ਾ ਦੇ ਹੱਥਾਂ ਵਿੱਚ ਮਹਿਜ਼ ਖਿਡੌਣੇ ਹਾਂ। ਸਵੀ ਦੀ ਵਰਜਿਤ ਸੁਰ ਅਲਾਪਦੀ ਕਵਿਤਾ ਜਿਊਣ ਦੇ ਹੱਕ 'ਚ ਤੱਤ ਸਾਰ ਤੋਂ ਉਲਟ ਖੜ੍ਹੀ ਹੈ। ਉਹ ਹਰੇਕ ਧੁਨ ਦਾ ਦਰਦ ਪਹਿਚਾਣਦਾ ਇੱਕ ਸੰਗੀਤਕ ਅਹਿਸਾਸ ਜਗਾਉਂਦਾ ਹੈ। ਸੁਰਾਂ ਦੇ ਦਰਦ ਨੂੰ ਮਹਿਸੂਸਦਾ ਕਵੀ ਮਹੀਨ ਤਰਬ ਦਾ ਰਾਜ਼ ਉਘਾੜਦਾ ਹੈ। ਹੁਸਨ ਦੇ ਜਲੌਅ ਦੇ ਸਨਮੁਖ ਜਿਸਮਾਨੀ ਚਾਅ ਤੋਂ ਇਸ਼ਕ ਮਜਾਜੀ ਵਿੱਚ ਕਾਮੁਕਤਾ ਭਰਦੀਆਂ ਟੁਕੜੀਆਂ ਉਸਦੇ 'ਦੇਹੀ ਨਾਦ' ਦੀ ਵੀ ਯਾਦ ਤਾਜ਼ਾ ਕਰਵਾਉਂਦੀਆਂ ਹਨ।






ਸਵੀ ਘਟੀਆ ਮੁਨਾਫ਼ੇਖ਼ੋਰੀ ਵਾਲੀ ਰਾਜਨੀਤੀ ਵੱਲੋਂ ਬਣਾਏ ਨਸ਼ੇੜੀ ਪੰਜਾਬ ਦੀ ਕਰੂਰ ਯਥਾਰਥਕ ਸਥਿਤੀ ਨੂੰ 'ਉਖੜੀ ਰਬਾਬ', 'ਚਿੱਟਾ' ਅਤੇ 'ਅਲਾਰਮ' ਵਰਗੀਆਂ ਨਜ਼ਮਾਂ ਰਾਹੀਂ ਮੁਖ਼ਾਤਿਬ ਹੁੰਦਾ ਹੈ। ਗ਼ੰਧਲੀ ਰਾਜਨੀਤੀ ਭਰੇ ਮਾਹੌਲ ਵਿੱਚ ਧਾੜਵੀਆਂ ਦੀਆਂ ਟੋਲੀਆਂ ਬਾਹਰੋਂ ਹੀ ਨਹੀਂ, ਇਸ ਪੰਜਾਬ ਦੀ ਆਪਣੀ ਜੂਹ 'ਚੋਂ ਵੀ ਪੈਦਾ ਹੋ ਜਾਂਦੀਆਂ ਹਨ, ਜਿਸ ਨਾਲ ਪੰਜਾਬ ਦੀ ਰਹਿਤਲ 'ਚੋਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਦੀਆਂ ਦਾ ਸੰਸਕ੍ਰਿਤਕ ਵਿਰਸਾ ਵੀ ਮੂਕ ਰਹਿ ਜਾਂਦਾ ਹੈ। 'ਉਖੜੀ ਰਬਾਬ' ਵਰਗੀਆਂ ਨਜ਼ਮਾਂ ਪਾਠਕ ਤੇ ਸਰੋਤੇ ਨੂੰ ਸਿੱਧੀਆਂ ਕਟਹਿਰੇ 'ਚ ਲਿਆ ਖੜ੍ਹਾ ਕਰਦੀਆਂ ਹਨ। ਲੈ-ਦੇ ਕੇ ਪੰਜਾਬ ਕੋਲ 'ਕੀਰਨੇ' ਹੀ ਬਚਦੇ ਹਨ, ਜੋ ਬੇਵਸ ਪੰਜਾਬਣ ਦੀ ਸੋਗੀ ਚੁੱਪ ਨੂੰ ਹੌਲ 'ਚ ਬਦਲਦੇ ਹਨ। ਇੱਥੇ ਆ ਕੇ ਸ਼ਬਦ ਤੇ ਸੋਚਾਂ ਵੀ ਹਾਰ ਜਾਂਦੀਆਂ ਹਨ।

'ਨੇਤਿ ਨੇਤਿ' ਇਨਕਾਰ ਦੀ ਬਾਣੀ ਹੈ। ਦਰਅਸਲ ਇਹ ਸ਼ਬਦਾਂ ਅਰਥਾਂ ਨਾਲ ਰੂਹ ਦੀ ਸੱਖਣ ਨੂੰ ਭਰਨ ਦਾ ਹੀਲਾ ਹੈ। ਦੇਹ ਤੇ ਰੂਹ ਰਾਹੀਂ ਕਵੀ ਗੁਰੂ ਤੇ ਸ਼ਬਦ ਦਾ ਨਾਤਾ ਜੋੜਦਾ ਹੈ। ਇੱਥੇ ਦੇਖਣ ਵਾਲੀ ਗੱਲ ਇਹ ਹੈ ਕਿ ਸ਼ਬਦ ਖ਼ਾਲੀ ਹੈ, ਜਿਸਨੂੰ ਅਰਥ ਦੀ ਤਲਾਸ਼ ਹੈ; ਕਿਉਂਕਿ ਅਰਥ ਨਾਲ ਹੀ ਸ਼ਬਦ ਦੀ ਕਲਾ ਦਾ ਵਿਕਾਸ ਹੁੰਦਾ ਹੈ। ਸਵੀ ਕੋਲ ਜਿਹੜੇ ਰੰਗ ਨੱਚਦੇ ਹਨ, ਉਹ ਵੀ ਉਸ ਅੱਖ ਦੀ ਤਲਾਸ਼ 'ਚ ਹਨ, ਜੋ ਅਰਥਾਂ ਰਾਹੀਂ ਖ਼ਾਲੀਪਣ ਨੂੰ ਭਰ ਦੇਣ। ਸਵੀ ਸ਼ਬਦਾਂ, ਰੰਗਾਂ, ਧੁਨੀਆਂ, ਨ੍ਰਿਤ ਨਾਲ ਖ਼ਾਲੀਪਣ ਨੂੰ ਭਰਨ ਦੀ ਜਗਿਆਸਾ ਦਰਸਾਉਂਦਾ ਹੈ। ਨ੍ਰਿਤ ਵੀ ਨ੍ਰਤਕੀ ਦੀ ਦੇਹੀ ਤੇ ਅਦਾਵਾਂ 'ਚੋਂ ਖ਼ਿਆਲਾਂ ਰਾਹੀਂ ਖ਼ਾਲੀ ਖੂਹ ਹੋ ਜਾਂਦਾ ਹੈ। ਉਸਦੀਆਂ ਸੰਗੀਤਕ ਧੁਨੀਆਂ ਵੀ ਖ਼ਾਲੀਪਣ ਸਿਰਜਦੀਆਂ ਹਨ। ਇਸ ਪ੍ਰਕਾਰ ਦੇਹ ਤੋਂ ਸ਼ਬਦ, ਰੰਗ, ਧੁਨੀ, ਨ੍ਰਿਤ ਤੱਕ ਫ਼ੈਲਦੀ 'ਊਰੀ' ਉਸ ਸੱਖਣ ਨੂੰ ਭਰਨ ਦੀ ਉਮੰਗ ਜਗਾਉਂਦੀ ਹੈ, ਜੋ ਸਾਡੇ ਅੰਦਰ ਹੀ ਕਿਤੇ ਨਹਿਤ ਹੈ।

ਇਸ ਕਿਤਾਬ ਦੇ ਵੱਖ-ਵੱਖ ਭਾਗਾਂ ਵਿੱਚ ਬਹੁਤ ਸਾਰੀਆਂ ਕਾਵਿ-ਟੁਕੜੀਆਂ ਸਿਰਲੇਖਹੀਣ ਹਨ, ਜੋ ਉਸ ਦੀ ਕਾਵਿ-ਸਿਰਜਣਾ ਦੇ ਬਹੁਆਯਾਮੀ ਹੋਣ ਦੇ ਅਰਥਾਂ ਨੂੰ ਉਜਾਗਰ ਕਰਦੀਆਂ ਹਨ। ਉਸਦੇ ਵੱਖ ਵੱਖ ਭਾਗਾਂ ਅੱਗੇ ਦਿੱਤੇ ਮੂਰਤੀਆਂ, ਕੁਦਰਤ ਤੇ ਕਲਾ ਦੇ ਨਮੂਨੇ ਵੀ ਉਸ ਦੀ ਬਹੁਪਰਤੀ ਮਾਨਸਿਕਤਾ ਵੱਲ ਸੰਕੇਤਿਤ ਹਨ।

ਸਮੁੱਚੇ ਰੂਪ ਵਿੱਚ ਸਵੀ ਦੀ 'ਊਰੀ' ਸਾਰੇ ਵਿਸ਼ਵ ਨੂੰ ਕਲਾਵੇ ਵਿੱਚ ਭਰਦੀ ਹੈ, ਵਿਭਿੰਨ ਗਿਆਨ ਸਰੋਤਾਂ ਤੋਂ ਜਾਣੂ ਕਰਵਾਉਂਦੀ ਹੋਈ ਆਪਣੇ ਬੌਧਿਕ ਪ੍ਰਭਾਵ ਨੂੰ ਸਾਡੇ ਮਨ ਮਸਤਕ 'ਤੇ ਉਲੀਕ ਜਾਂਦੀ ਹੈ। ਹਰ ਵਾਰ ਸਵੀ ਕਵਿਤਾ ਰਾਹੀਂ ਕੁਝ ਨਵਾਂ ਲੈ ਕੇ ਆਉਂਦਾ ਹੈ, ਹਰ ਵਾਰ ਉਸ ਦੀ ਗੱਲ ਵੱਖਰੀਆਂ ਕਾਵਿਕ ਦਿਸ਼ਾਵਾਂ ਦੀ ਯਾਤਰਾ ਨਾਲ ਛਿੜਦੀ ਹੈ। ਇਸ ਵਿੱਚ ਸਵੀ ਦੀ ਵਿਲੱਖਣਤਾ ਹੈ ਤੇ ਪੰਜਾਬੀ ਕਵਿਤਾ ਦਾ ਪਾਸਾਰ ਵੀ।

'ਉਦਾਸੀ ਦਾ ਲਿਬਾਸ' ਵਿੱਚ ਸਵੀ ਨੇ ਭਾਰਤੀ ਮਿੱਥਕਾਂ ਖ਼ਾਸ ਕਰ ਮਹਾਂਭਾਰਤ ਦੇ ਮਿਥਕ ਪਾਤਰਾਂ ਨੂੰ ਅਜੋਕੀ ਭਾਰਤੀ ਰਾਜਨੀਤੀ ਦੇ ਸੰਦਰਭ ਵਿੱਚ ਰੁਪਾਂਤ੍ਰਿਤ ਕੀਤਾ ਹੈ। ਇਸ ਬਾਬਤ ਕਵੀ ਨੇ ਸਰਵਰਕ ਅਤੇ ਮੁਢਲੇ ਪੰਨਿਆਂ 'ਤੇ 'ਗੋਸਟਿ' ਦਾ ਸਿਰਲੇਖੀ ਰੂਪ ਵੀ ਦਿੱਤਾ ਹੈ, ਜੋ ਉਸ ਦੇ 'ਮਨ ਦੀ ਚਿੱਪ' ਕਾਵਿ-ਸੰਗ੍ਰਹਿ ਦੀ 'ਸਬਦੁ, ਸੁਰਤਿ, ਧੁਨਿ, ਮੂਰਤਿ' ਵਾਲੇ ਚਾਰ-ਭਾਗੀ ਲੜੀ ਦੀ ਹੀ ਨਿਰੰਤਰਤਾ ਹੈ। 'ਉਦਾਸੀ ਦਾ ਲਿਬਾਸ' ਕਾਵਿ-ਪੁਸਤਕ ਵਿਚਲੀਆਂ ਕਵਿਤਾਵਾਂ ਦੇ ਕਵੀ ਨੇ ਛੇ ਭਾਗ ਕੀਤੇ ਹਨ- 'ਤੈਂ ਕੀ ਦਰਦ ਨ ਆਇਆ', 'ਯੁੱਧ ਕਰੋ ਪਾਰਥ', 'ਝੱਪ ਖਾਧੇ ਪਤੰਗ', 'ਕਰੋਨਾ ਦੇ ਹੁਕਮ 'ਚ', 'ਮਿੱਟੀ ਦੀਆਂ ਜੜ੍ਹਾਂ' ਤੇ 'ਅੰਤਰ ਯੁਧ'। ਕਿਉਂਜੋ ਕਵੀ ਖ਼ੁਦ ਚਿੱਤਰਕਾਰ ਤੇ ਫੋਟੋਕਾਰ ਵੀ ਹੈ, ਇਸ ਲਈ ਉਸ ਨੇ ਵੱਖ-ਵੱਖ ਵਰਗਾਂ ਨਾਲ ਸੰਬੰਧਿਤ ਚਿੱਤਰਕਾਰਾਂ, ਫੋਟੋਕਾਰਾਂ ਦੇ ਢੁਕਵੇਂ ਚਿੱਤਰਾਂ ਦੀ ਵਰਤੋਂ ਕਰਕੇ ਵੀ ਆਪਣੀ ਕਾਵਿ-ਰਚਨਾ ਨੂੰ ਹੋਰ ਸਪੱਸ਼ਟ ਤੇ ਕਲਾਮਈ ਬਣਾਇਆ ਹੈ। ਉਸਦੀ ਅੱਖਰਕਾਰੀ ਵਿੱਚ ਵਗਦੇ ਪਾਣੀਆਂ ਵਰਗੀ ਰਵਾਨੀ ਝਲਕਦੀ ਹੈ।

ਸਵਰਨਜੀਤ ਸਵੀ ਦੀ ਕਵਿਤਾ ਬਾਰੇ ਮੇਰੀ ਧਾਰਨਾ ਰਹੀ ਹੈ ਕਿ ਇਹ ਬੌਧਿਕ ਕਿਸਮ ਦੀ ਕਵਿਤਾ ਹੈ ਅਤੇ ਇਸ ਵਿੱਚ ਚਿੰਤਨ ਦੀ ਸੁਰ ਪ੍ਰਧਾਨ ਹੈ। ਸਵੀ ਭਾਰਤੀ ਮਿੱਥਕਾਂ ਦੇ ਰੁਪਾਂਤਰਣ ਰਾਹੀਂ ਭਾਰਤੀ ਰਾਜਨੀਤੀ 'ਤੇ ਵਿਅੰਗ ਕਰਦਿਆਂ ਇਸ ਦੀਆਂ ਚਾਲਾਂ ਤੋਂ ਪਾਠਕ ਨੂੰ ਸੁਚੇਤ ਕਰਦਾ ਹੈ। 'ਉਦਾਸੀ ਦਾ ਲਿਬਾਸ' ਦੇ ਭੂਮਿਕਾਕਾਰ ਡਾ. ਮਨਮੋਹਨ ਨੇ ਵਿਦਵਤਾ ਸਹਿਤ ਇਸ ਕਾਵਿ ਰਚਨਾ ਨੂੰ 'ਵਰਤਮਾਨ ਸਮਿਆਂ ਦੇ ਯਥਾਰਥ ਦੀ ਸੰਵੇਦਨਸ਼ੀਲ ਕਾਵਿਕਾਰੀ' ਦਾ ਸਿਰਲੇਖ ਦਿੱਤਾ ਹੈ। ਡਾ. ਮਨਮੋਹਨ ਖ਼ੁਦ ਮਿੱਥ ਦੇ ਮਾਹਿਰ ਵਿਦਵਾਨ ਹਨ ਅਤੇ ਉਨ੍ਹਾਂ ਦੀ ਪਹੁੰਚ ਮੌਲਿਕ ਕਾਵਿਕਾਰੀ, ਨਾਵਲਕਾਰੀ ਅਤੇ ਵਿਸ਼ਵ-ਵਿਆਪੀ ਦਰਸ਼ਨ ਪੱਧਤੀਆਂ ਨੂੰ ਪੰਜਾਬੀ ਪਾਠਕਾਂ ਲਈ ਪੇਸ਼ ਕਰਦੀ ਹੈ। ਉਨ੍ਹਾਂ ਦੁਆਰਾ ਰਚਿਤ ਭੂਮਿਕਾ ਵਿੱਚੋਂ ਆਖ਼ਰੀ ਪੈਰ੍ਹੇ ਨੂੰ ਇੱਥੇ ਥਾਂ ਦੇਣੀ ਕੁਥਾਂ ਨਹੀਂ ਹੋਵੇਗੀ:

"ਸਵਰਨਜੀਤ ਸਵੀ ਨੇ ਆਪਣੇ ਨਵੇਂ ਕਾਵਿ-ਸੰਗ੍ਰਹਿ 'ਉਦਾਸੀ ਦਾ ਲਿਬਾਸ' ਵਿੱਚ ਆਪਣੇ ਸਮਕਾਲ ਦੇ ਜੀਵੰਤ ਸੰਕਟਾਂ, ਤ੍ਰਾਸਦੀਆਂ ਅਤੇ ਨਿਰਾਸ਼ਾਵਾਂ 'ਚੋਂ ਪੈਦਾ ਹੋਈਆਂ ਉਦਾਸੀਆਂ ਨੂੰ ਨਵੀਂ ਕਾਵਿ-ਭਾਸ਼ਾ ਦਾ ਲਿਬਾਸ ਪਹਿਨਾਅ ਕੇ ਨਿਵੇਕਲੇ ਅੰਦਾਜ਼ 'ਚ ਪੇਸ਼ ਕੀਤਾ ਹੈ।"

ਜਦੋਂ ਪਾਠਕ 'ਉਦਾਸੀ ਦਾ ਲਿਬਾਸ' ਦੀਆਂ ਕਵਿਤਾਵਾਂ ਦਾ ਮੁਕੰਮਲ ਪਾਠ ਕਰਦਾ ਹੈ ਤਾਂ ਉਸ ਨੂੰ ਡਾ. ਮਨਮੋਹਨ ਦੀ ਟਿੱਪਣੀ ਦੀ ਸਾਰਥਕਤਾ ਵੀ ਭਲੀਭਾਂਤ ਮਾਲੂਮ ਹੋ ਜਾਂਦੀ ਹੈ। ਕਿਤਾਬ ਦੇ ਪਹਿਲੇ ਭਾਗ ਵਿੱਚ 'ਤੈਂ ਕੀ ਦਰਦ ਨ ਆਇਆ' ਸਿਰਲੇਖ ਅਧੀਨ ਸਵੀ ਭਾਰਤੀ ਹੁਕਮਰਾਨਾਂ ਨੂੰ ਅੰਗਰੇਜ਼ਾਂ ਦੀ ਤਰਜ਼ 'ਤੇ ਚਲਦਿਆਂ ਦਰਸਾਉਂਦਾ ਹੈ। ਇਸ ਭਾਗ ਵਿਚਲੀਆਂ ਕਵਿਤਾਵਾਂ ਦਾ ਤੱਤਸਾਰ ਹੈ ਕਿ ਹੁਕਮਰਾਨੀ ਕੁਰਸੀ ਜ਼ੋਰ-ਜ਼ੁਲਮ ਨਾਲ ਗ਼ਰੀਬਾਂ 'ਤੇ ਧੱਕਾ ਕਰਦੀ ਆਈ ਹੈ, ਉਹ ਸੱਤਾ ਦੇ ਸਹਾਰੇ ਜਨ ਸਾਧਾਰਨ ਦੇ ਆਜ਼ਾਦੀ ਦੇ ਸੁਪਨੇ ਨੂੰ ਚੂਰ ਚੂਰ ਕਰਦੀ ਹੈ। ਇਹ ਸਿਲਸਿਲਾ ਦੇਸ਼-ਵੰਡ ਜਾਂ ਅੰਗਰੇਜ਼ਾਂ ਦੇ ਕਾਲ ਤੋਂ ਹੀ ਨਹੀਂ, ਬਲਕਿ ਮਹਾਂਭਾਰਤ ਕਾਲ ਤੋਂ ਲਗਾਤਾਰ ਜਾਰੀ ਹੈ।

ਸਵੀ 'ਉਦਾਸੀ ਦਾ ਲਿਬਾਸ' ਦੇ ਦੂਜੇ ਭਾਗ 'ਯੁੱਧ ਕਰੋ ਪਾਰਥ' ਵਿੱਚ ਮਹਾਂਭਾਰਤ ਦੇ ਪ੍ਰਮੁੱਖ ਪਾਤਰਾਂ ਦੇ ਨਾਲ-ਨਾਲ ਉਨ੍ਹਾਂ ਦੇ ਕਿਰਦਾਰ ਤੇ ਅਦਾ ਕੀਤੇ ਰੋਲ ਦੀ ਆਲੋਚਨਾ ਕਰਦਿਆਂ ਦਰਸਾਉਂਦਾ ਹੈ ਕਿ ਤੀਰ ਤਾਂ ਭਾਵੇਂ ਅਰਜਨ ਚਲਾ ਰਿਹਾ ਹੈ, ਪਰ ਯੁੱਧ ਦੀ ਅਸਲ ਕਮਾਂਡ ਕ੍ਰਿਸ਼ਨ ਦੇ ਹੱਥ ਵਿੱਚ ਹੈ। ਕਰਣ ਦੀ ਮੌਤ ਸਮੇਂ ਰਿਸ਼ਤਿਆਂ ਦਾ ਖ਼ਿਆਲ ਨਹੀਂ ਰੱਖਿਆ ਜਾਂਦਾ। ਯੁੱਧ ਸਾਰੇ ਰਿਸ਼ਤੇ, ਨੈਤਿਕਤਾ, ਸਨਮਾਨ ਸਥਾਨ ਭੁਲਾ ਦਿੰਦਾ ਹੈ:

'ਰਿਸ਼ਤੇ, ਨੈਤਿਕਤਾ, ਸਨਮਾਨ
ਕੀ ਅਰਥ ਰੱਖਦੇ ਭਰਾਵਾਂ ਲਈ!'

ਕਿਉਂਜੋ ਅਰਜਨ ਫੈਸਲਾ ਨਹੀਂ ਕਰ ਸਕਦਾ, ਹਰ ਫ਼ੈਸਲਾ ਕਰਨਾ ਤਾਂ ਕ੍ਰਿਸ਼ਨ ਦੇ ਹੱਥ ਹੈ। ਧਰਮ ਦੇ ਨਾਂ 'ਤੇ ਰਿਸ਼ਤਿਆਂ 'ਤੇ ਬਾਣ ਚਲਦੇ ਹਨ। ਭੀਸ਼ਮ, ਸੰਜੇ, ਵਰਬਰੀਕ ਦੀ ਹੋਣੀ ਬੇਬਸੀ ਨੂੰ ਪ੍ਰਗਟਾਉਂਦੀ ਹੈ। ਭੀਸ਼ਮ ਰਿਸ਼ਤੇ ਦੀ ਡੋਰ ਨਾਲ ਬੰਨ੍ਹਿਆ ਹੋਇਆ ਅਰਜਨ ਦੁਆਰਾ ਚਲਾਏ ਤੀਰਾਂ ਦੀ ਸੇਜ 'ਤੇ ਪਿਆ ਇਸ ਕਰੁਣਾਮਈ ਮੰਜਰ ਨੂੰ ਦੇਖ ਰੋਂਦੇ ਅਰਜਨ ਨੂੰ ਆਖਦਾ ਹੈ:

ਮੈਂ ਧੰਨ ਹੋ ਗਿਆ ਹੇ ਦਰੋਣ ਸ਼ਿਸ਼!
ਆਪਣੇ ਹੱਥਾਂ ਨੂੰ ਆਖ ਮੇਰੇ ਹੱਥ ਬਣ ਜਾਣ
ਤੇਰੇ ਹੰਝੂ ਪੂੰਝ ਦੇਣ!

ਕੜੀਬੱਧ ਉਹ ਕ੍ਰਿਸ਼ਨ ਦੁਆਰਾ ਰਚੀ ਗਈ ਕੂਟਨੀਤੀ ਕਾਰਣ ਕ੍ਰਿਸ਼ਨ ਨੂੰ ਮੁੱਖ ਦੋਸ਼ੀ ਗਰਦਾਨਦਾ ਹੈ, ਜੋ ਧਰਮ ਦੇ ਨਾਂ 'ਤੇ ਕਰਣ ਜਿਹੇ ਯੋਧੇ ਤੋਂ ਪਹਿਲਾਂ ਹੀ ਹਾਰ ਮੰਨਵਾ ਲੈਂਦਾ ਹੈ। ਇਸ ਕੂਟਨੀਤੀ ਵਿੱਚ ਕੁੰਤੀ ਤੇ ਇੰਦਰ ਵੀ ਉਸ ਦੇ ਹੱਥਠੋਕੇ ਬਣ ਕੇ ਰਹਿ ਜਾਂਦੇ ਹਨ। ਇਹ ਕ੍ਰਿਸ਼ਨ ਦੀ ਕੂਟਨੀਤੀ ਦਾ ਮਰਿਆਦਾ-ਮਈ ਪਾਠ ਹੀ ਹੈ ਕਿ ਗੰਧਾਰੀ ਸਾਹਵੇਂ ਪੁੱਤਰ ਦੁਰਯੋਧਨ ਨੂੰ ਨਗਨ ਨਹੀਂ ਹੋਣ ਦਿੱਤਾ ਗਿਆ। ਇੱਕ ਦੋ ਥਾਵੇਂ ਊਧਵ ਪ੍ਰਸ਼ਨ ਤਾਂ ਕ੍ਰਿਸ਼ਨ ਨੂੰ ਕਰਦਾ ਹੈ, ਪਰ ਕੁਰਸੀ 'ਤੇ ਸ਼ਕੁਨੀ ਬੈਠਾ ਹੈ। ਮਹਾਂਭਾਰਤ ਹੋਣ ਦੇ ਕਾਰਨ ਉਸ ਸਮੇਂ ਦੀਆਂ ਕੋਝੀਆਂ ਨੀਤੀਆਂ ਬਣਦੀਆਂ ਹਨ। ਇਸ ਸੰਬੰਧ ਵਿੱਚ ਸਵੀ ਨੇ 'ਨੀਤੀ 1,2,3' ਅਤੇ 'ਰਿਸ਼ਤਾ 1,2' ਬੜੀਆਂ ਭਾਵਪੂਰਤ ਕਵਿਤਾਵਾਂ ਰਚੀਆਂ ਹਨ। ਮਹਾਂਭਾਰਤ ਦੀ ਨੀਤੀ ਹੀ ਅਜੋਕੇ ਰਾਜਸੀ ਅਲੋਕਤੰਤਰ ਦੀ ਨੀਂਹ ਬਣਦੀ ਹੈ। ਸਵੀ ਦੀਆਂ 'ਯੁੱਧ ਕਰੋ ਪਾਰਥ' ਭਾਗ ਵਿਚਲੀਆਂ ਕਵਿਤਾਵਾਂ ਅਜੋਕੀ ਅਖੌਤੀ ਲੋਕਤੰਤਰਿਕ ਰਾਜਨੀਤੀ ਦੇ ਸੰਦਰਭ ਵਿੱਚ ਕਿੰਨੇ ਹੀ ਸੁਆਲ ਖੜ੍ਹੇ ਕਰਦੀਆਂ ਹਨ। ਰਾਜਸੀ ਪਿੜ ਦੇ ਘਟੀਆ ਨੀਤੀ-ਤੰਤਰ ਨੂੰ ਸਵੀ ਨੇ ਮਹਾਂਭਾਰਤੀ ਮਿੱਥਾਂ ਦੇ ਰੂਪਾਂਤਰਣ ਰਾਹੀਂ ਦਰਸਾਇਆ ਹੈ।

'ਅੰਤਰ ਯੁਧ' ਵਾਲੇ ਛੇਵੇਂ ਭਾਗ ਵਿੱਚ ਵੀ ਇਸੇ ਕੁਟਲ ਯੁੱਧ ਨੀਤੀ ਦੀ ਨਿਰੰਤਰਤਾ ਨੂੰ ਦੇਖਿਆ ਜਾ ਸਕਦਾ ਹੈ। ਫ਼ਰਕ ਹੈ ਤਾਂ ਕੇਵਲ ਏਨਾ ਕਿ ਇੱਥੇ ਭਾਰਤੀ ਇਤਿਹਾਸਕ, ਮਿਥਿਹਾਸਕ ਪਾਤਰਾਂ ਦੇ ਹਵਾਲਿਆਂ ਨਾਲ 'ਸੀਜ਼ਰ', 'ਉਥੈਲੋ', 'ਯੂਲੀਅਸਿਸ', 'ਸਿਕੰਦਰ', 'ਬਾਬਰ' ਤੇ 'ਹੈਲਨ' ਦੇ ਕਰੈਕਟਰ ਵੀ ਸੰਮਿਲਤ ਹੋ ਗਏ ਹਨ। ਯੁੱਧ ਦਾ ਖੇਤਰ ਆਪਣਾ ਮਨ ਹੀ ਬਣਦਾ ਹੈ। 'ਮਹਾਂਭਾਰਤ' ਦੇ ਹਵਾਲੇ ਨਾਲ ਦਰਸਾਇਆ ਗਿਆ ਹੈ ਕਿ ਨੇਕੀ-ਬਦੀ ਦੀਆਂ ਸੈਨਾਵਾਂ ਸਾਡੇ ਅੰਦਰ ਹੀ ਹੁੰਦੀਆਂ ਹਨ:

'ਮੈਂ ਤੇ ਮੇਰੇ ਅੰਦਰਲਾ ਜਾਨਵਰ
ਨਿਰੰਤਰ ਯੁੱਧ-ਖੇਤਰ 'ਚ ਹਾਂ।'

'ਮਿੱਟੀ ਦੀਆਂ ਜੜ੍ਹਾਂ' ਭਾਗ ਵਿੱਚ ਸਵੀ ਤਤਕਾਲੀ ਕਿਸਾਨੀ ਸੰਘਰਸ਼ ਦੀ ਗਾਥਾ ਨੂੰ ਜ਼ੁਬਾਨ ਦਿੰਦਾ ਹੈ। ਕਿਸਾਨ ਅੰਦੋਲਨ ਨਾਲ ਜੁੜੀਆਂ ਇਹ ਨਜ਼ਮਾਂ ਉਸ ਦੀ ਵਰਤਮਾਨ ਸੰਕਟ ਪ੍ਰਤੀ ਗਹਿਰੀ ਰੁਚੀ ਨੂੰ ਦਰਸਾਉਂਦੀਆਂ ਹਨ। ਇਸੇ ਪ੍ਰਕਾਰ 'ਕਰੋਨਾ ਦੇ ਹੁਕਮ 'ਚ' ਭਾਗ ਦੇ ਅੰਤਰਗਤ ਉਸ ਨੇ ਕਰੋਨਾ ਤੇ ਉਸ ਕਾਰਨ ਸੰਤਾਪ ਭੁਗਤਦੇ ਲੋਕਾਂ ਦਾ ਪੱਖ ਪੂਰਦਿਆਂ ਸਸ਼ੱਕਤ ਕਵਿਤਾਵਾਂ ਰਚੀਆਂ ਹਨ। 'ਝਪ ਖਾਧੇ ਪਤੰਗ' ਭਾਗ ਵਿੱਚ ਸਵੀ ਨੇ ਮਹਾਂਭਾਰਤ ਤੋਂ ਲੈ ਕੇ ਸੰਸਾਰ ਜੰਗਾਂ ਤੇ ਮਹਾਂਮਾਰੀ ਦੇ ਪ੍ਰਕੋਪ ਤੱਕ ਦੇ ਵੇਰਵਿਆਂ ਨੂੰ ਛੂਹਦੀਆਂ ਕਵਿਤਾਵਾਂ ਰਚੀਆਂ ਹਨ। ਇਨ੍ਹਾਂ ਨੂੰ ਸਵੀ 'ਬੁਰੇ ਵਕਤ' ਆਖਦਾ ਹੈ, ਜਿਨ੍ਹਾਂ ਦਾ ਕੋਈ ਵਹੀ ਖ਼ਾਤਾ ਨਹੀਂ ਹੁੰਦਾ। ਅਜਿਹੇ ਸਮਿਆਂ ਵਿੱਚ ਸਾਧਾਰਣ ਮਨੁੱਖ ਦੀ ਦਸ਼ਾ ਵੀ ਝਪ ਖਾਧੇ ਪਤੰਗ ਵਰਗੀ ਹੀ ਹੋ ਜਾਂਦੀ ਹੈ।

'ਮਨ ਦੀ ਚਿੱਪ' ਕਾਵਿ-ਪੁਸਤਕ ਨੂੰ ਸਾਲ 2024

⇒ **ਬਾਕੀ ਅਗਲੇ ਸਫ਼ੇ ਉਤੇ ਪੜ੍ਹੋ**

*ਉੱਤਮਵੀਰ ਸਿੰਘ ਦਾਊਂ ਸੂਖਮ ਅਹਿਸਾਸ ਵਾਲਾ ਕਵੀ/ਗੀਤਕਾਰ ਹੈ; ਮੈਨੂੰ ਉਹਦਾ ਸੁਭਾਅ ਬੇਸਣ ਦੀ ਬਰਫੀ ਜਿਹਾ ਨਰਮ ਤੇ ਮਿੱਠਾ ਮਿੱਠਾ ਜਾਪਿਆ। ਮੈਂ ਉਹਨੂੰ ਹਾਲ ਹੀ ਵਿੱਚ ਪੰਜਾਬ ਦੌਰੇ ਸਮੇਂ ਚੰਡੀਗੜ੍ਹ ਵਿਖੇ 'ਟ੍ਰਿਬਿਊਨ' ਦੇ ਦਫਤਰ ਮਿਲਿਆ। ਉਹ 'ਪੰਜਾਬੀ ਟ੍ਰਿਬਿਊਨ' ਦਾ ਪ੍ਰਕਾਸ਼ਮਾਨ ਦਾਹੜੇ ਅਤੇ ਸੋਹਣੀ ਸੂਰਤ ਤੇ ਸਾਫ਼-ਸ਼ਫ਼ਾਫ਼ ਸੀਰਤ ਵਾਲਾ ਮੁਲਾਜ਼ਮ ਹੈ। ਉੱਤਮਵੀਰ ਨਾਲ ਟ੍ਰਿਬਿਊਨ ਦੀ ਕੈਨਟੀਨ ਵਿੱਚ ਬੈਠਿਆਂ ਚਾਹ ਨਾਲ ਬੇਸਣ ਦੀ ਬਰਫੀ ਖਾਣ ਸਮੇਂ ਮੈਨੂੰ ਵੀਹ-ਇੱਕੀ ਸਾਲ ਪਹਿਲਾਂ ਲੱਗੇ ਟ੍ਰਿਬਿਊਨ ਦਫਤਰ ਦੇ ਗੇੜੇ ਯਾਦ ਆ ਗਏ। ਪਹਿਲੀ ਵਾਰ ਮੈਂ ਟ੍ਰਿਬਿਊਨ ਕੈਨਟੀਨ ਦੀ ਬੇਸਣ ਦੀ ਬਰਫੀ ਤਤਕਾਲੀ ਮੁਲਾਜ਼ਮ ਬਲਵਿੰਦਰ ਸਿੰਘ ਜੰਮੂ (ਜ਼ੀਰਕਪੁਰ) ਨਾਲ ਖਾਧੀ ਸੀ। ਫਿਰ ਇਹ ਸਬੱਬ ਸੰਪਾਦਕ ਸ. ਹਰਭਜਨ ਹਲਵਾਰਵੀ ਦੇ ਦਫਤਰ ਵਿੱਚ ਪੰਜਾਬੀ ਟ੍ਰਿਬਿਊਨ ਦੀ ਜ਼ੀਰਕਪੁਰ ਤੋਂ ਪੱਤਰਕਾਰੀ ਲਈ ਨਿਯੁਕਤੀ ਪੱਤਰ ਲੈਣ ਗਏ ਸਮੇਂ ਬਣਿਆ। ਮੈਨੂੰ ਨਿਯੁਕਤੀ ਪੱਤਰ ਸੌਂਪਣ ਤੋਂ ਪਹਿਲਾਂ ਸ. ਹਲਵਾਰਵੀ ਨੇ ਚਾਹ ਨਾਲ ਬੇਸਣ ਦੀ ਬਰਫੀ ਦਾ ਆਰਡਰ ਦੇ ਦਿੱਤਾ ਸੀ। ਫਿਰ ਸਮੇਂ ਸਮੇਂ ਰਹੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕਾਂ- ਸ. ਸ਼ੰਗਾਰਾ ਸਿੰਘ ਭੁੱਲਰ ਤੇ ਸ. ਸਿੱਧੂ ਦਮਦਮੀ ਨਾਲ ਉਨ੍ਹਾਂ ਦੇ ਦਫਤਰ 'ਚ ਬੈਠ ਕੇ ਚਾਹ ਨਾਲ ਬੇਸਣ ਦੀ ਬਰਫੀ ਖਾਣ ਦਾ ਸਬੱਬ ਬਣਿਆ। ਪਤਾ ਨਹੀਂ ਕਿੰਨੀ ਹੀ ਵਾਰ ਇਹ ਸਬੱਬ ਬਣਦਾ ਰਿਹਾ। 'ਪੰਜਾਬੀ ਟ੍ਰਿਬਿਊਨ' ਨਾਲ ਸਬੰਧਤ ਕਿਸੇ ਵੀ ਕੰਮ ਲਈ ਗਏ ਹੋਣ ਸਮੇਂ ਮੈਂ ਅਕਸਰ ਚਾਹ ਨਾਲ ਬੇਸਣ ਦੀ ਬਰਫੀ ਖਾ ਆਉਂਦਾ ਸੀ; ਮੇਰੇ ਮੂੰਹ ਜੋ ਲੱਗ ਗਈ ਸੀ...! ਖੈਰ, ਉੱਤਮਵੀਰ ਦੇ ਨਾਲ ਨਾਲ ਹੋਰਾਂ ਪੁਰਾਣੇ ਸਾਥੀਆਂ/ਸੀਨੀਅਰਾਂ ਨਾਲ ਵੀ ਮੁਲਾਕਾਤ ਤੇ ਗੱਲਾਂਬਾਤਾਂ ਹੋਈਆਂ। "ਹੁਣ ਅਸੀਂ ਡੌਨ ਬਣ ਗਏ" ਉੱਤਮਵੀਰ ਨੇ ਇਹ ਬੋਲ ਉਦੋਂ ਕਹੇ, ਜਦੋਂ ਉਹ ਆਪਣਾ ਸੈੱਲ ਫੋਨ ਨੰਬਰ ਮੈਨੂੰ ਦੱਸ ਰਿਹਾ ਸੀ। ਅਸਲ ਵਿੱਚ ਉਸ ਦਾ ਪਿੰਡ ਮੁਹਾਲੀ/ਖਰੜ ਨੇੜੇ 'ਦਾਊਂ' ਹੈ, ਅਤੇ ਮੇਰੇ ਫੋਨ ਵਿੱਚ ਉਸਦਾ ਨੰਬਰ ਦਰਜ ਕਰਨ ਸਮੇਂ ਉਹ ਆਪਣੇ ਪਿੰਡ ਦਾ ਨਾਂ ਅੰਗਰੇਜ਼ੀ ਵਿੱਚ 'DAON' ਦੱਸ ਰਿਹਾ ਸੀ। ਨਾਲ ਹੀ ਮਜ਼ਾਕੀਆ ਲਹਿਜ਼ੇ ਵਿੱਚ ਬੋਲਿਆ, "ਹੁਣ ਅਸੀਂ ਡੌਨ ਬਣ ਗਏ।" ਪੇਸ਼ ਹੈ, ਉੱਤਮਵੀਰ ਦੇ ਗੀਤ-ਸੰਗ੍ਰਹਿ ਬਾਰੇ ਪੰਜਾਬੀ ਦੇ ਨਾਮੀ ਕਵੀ ਪ੍ਰੋ. ਗੁਰਭਜਨ ਗਿੱਲ ਦਾ ਲੇਖ... -ਕੁਲਜੀਤ ਦਿਆਲਪੁਰੀ*



ਉੱਤਮਵੀਰ ਸਿੰਘ ਦਾਊਂ

## ਉੱਤਮਵੀਰ ਸਿੰਘ ਦਾਊਂ ਦਾ ਸਰੋਦੀ ਗੀਤ-ਸੰਗ੍ਰਹਿ

# 'ਮੁਹੱਬਤ ਦੀ ਜਲਧਾਰਾ'

ਸਰੋਦੀ ਵਹਿਣ



ਪ੍ਰੋ. ਗੁਰਭਜਨ ਗਿੱਲ
ਫੋਨ +91-9872631199


ਪੰਜਾਬੀ ਕਵਿਤਾ ਦੀ ਅਨੰਤ ਸ਼ਕਤੀ ਸਰੋਦੀ ਕਵਿਤਾ ਵਿੱਚ ਵਿਦਮਾਨ ਹੈ। ਆਦਿ ਕਵੀ ਬਾਬਾ ਫ਼ਰੀਦ ਜੀ ਤੋਂ ਲੈ ਕੇ ਅੱਜ ਤੀਕ ਇਹ ਧਰਤੀ ਗੀਤ ਨੇ ਪਛਾਣੀ ਹੈ। ਧਰਤੀ ਹੱਸਦੀ, ਰੋਂਦੀ, ਚੁੱਪ ਕਰਾਉਂਦੀ, ਸੁਹਾਗ ਘੋੜੀਆਂ ਗਾਉਂਦੀ, ਕੀਰਨੇ ਪਾਉਂਦੀ, ਜੰਮਣ ਸਾਰ ਲੋਰੀਆਂ ਸੁਣਾਉਂਦੀ। ਸਰੋਦ ਦਾ ਪੱਲਾ ਕਦੇ ਨਹੀਂ ਛੱਡਦੀ।

ਮੇਰਾ ਪਰਪੱਕ ਵਿਸ਼ਵਾਸ ਹੈ, ਜੇ ਧਰਤ ਨੂੰ ਜ਼ੁਬਾਨ ਲੱਗੀ ਹੁੰਦੀ ਤਾਂ ਬੇਸੁਰਿਆਂ ਨੂੰ ਕਬਰ ਵੀ ਨਸੀਬ ਨਹੀਂ ਸੀ ਹੋਣੀ। ਇਹ ਜ਼ੁਬਾਨ ਹੁਣ ਵੀ ਬਿਰਖਾਂ, ਬੂਟਿਆਂ, ਪੌਣਾਂ, ਕਣੀਆਂ, ਚਾਨਣ, ਹਨੇਰੇ ਵਿੱਚ ਗੀਤ ਬਣ ਕੇ ਆਉਂਦੀ ਤੇ ਗਾਉਂਦੀ ਹੈ। ਉਨ੍ਹਾਂ ਸਿਰਜਕਾਂ ਨੂੰ ਸਲਾਮ! ਜਿਨ੍ਹਾਂ ਨੇ ਸਰੋਦ ਦਾ ਪੱਲਾ ਨਹੀਂ ਛੱਡਿਆ। ਸਾਡੇ ਤੋਂ ਪਹਿਲੇ ਕਾਵਿ-ਸਿਰਜਕਾਂ ਨੇ ਗੀਤ-ਕਾਵਿ ਨੂੰ ਜਿਸ ਗੰਭੀਰਤਾ ਨਾਲ ਸਿਰਜਿਆ ਤੇ ਨਿਭਾਇਆ, ਉਹ ਕਮਾਲ ਸੀ। ਸਾਡੇ ਨਿਕਟ ਸਮਕਾਲੀ ਕਾਫ਼ਲੇ 'ਚੋਂ ਹੀ ਉਨ੍ਹਾਂ ਸ਼ਾਇਰਾਂ ਨੂੰ ਹੀ ਲੋਕ ਪ੍ਰਵਾਨਗੀ ਮਿਲੀ ਹੈ, ਜਿਨ੍ਹਾਂ ਨੇ ਸਰੋਦ ਦਾ ਸਾਥ ਨਿਭਾਇਆ ਹੈ।

ਚੰਗੀ ਗੱਲ ਹੈ ਕਿ ਉੱਤਮਵੀਰ ਸਿੰਘ ਦਾਊਂ ਸਿਰਫ਼ ਸ਼ਾਇਰ ਹੀ ਨਹੀਂ, ਸਗੋਂ ਗੀਤ ਸਿਰਜਕ ਦੇ ਰੂਪ ਵਿੱਚ ਨਿਰੰਤਰ ਯਤਨਸ਼ੀਲ ਹੈ। ਉਸ ਦੇ ਦੂਸਰੇ ਗੀਤ-ਸੰਗ੍ਰਹਿ 'ਮੁਹੱਬਤ ਦੀ ਜਲਧਾਰਾ' ਨੂੰ ਪੜ੍ਹਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਇਸ ਮੋਹਵੰਤੇ ਗੀਤਕਾਰ ਨੂੰ ਵਿਛੋੜਾ ਦੇਣ ਵਾਲੀ ਰੂਹ ਨੇ ਸ਼ਬਦ ਤੇ ਸੰਵੇਦਨ ਪੂੰਜੀ ਨਾਲ ਮਾਲਾਮਾਲ ਕਰ ਦਿੱਤਾ ਹੈ। ਉਸ ਦੇ ਗੀਤ ਵਿਚਲਾ ਵਿਗੋਚਾ ਸੱਚਮੁੱਚ ਸ਼ਬਦਾਂ ਦੀ ਆਬਸ਼ਾਰ ਵਾਂਗ ਤੁਪਕਾ ਤੁਪਕਾ ਰਿਸਦਾ ਹੈ। ਨਿਰਮਲ ਨੀਰ ਜਿਹਾ। ਕਰੋੜਾਂ ਗੁਣਾਂ ਵਾਲਾ ਨੀਰ! ਇਸ ਵਿਛੋੜੇ ਨੂੰ ਗੀਤ ਵਿੱਚ ਢਾਲ ਲੈਣਾ ਉੱਤਮਵੀਰ ਸਿੰਘ ਦੇ ਸਿਰਜਣਾਤਮਕ ਆਪੇ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।

ਮੁਹੱਬਤ ਨੇ ਉਸ ਨੂੰ ਅੰਦਰੋਂ ਤੋੜਿਆ ਹੈ, ਪਰ ਸ਼ਬਦ ਨਾਲ ਜੋੜਿਆ ਹੈ। ਜਿਸਮ ਦੂਰ ਚਲਾ ਗਿਆ ਹੈ, ਪਰ ਰੂਹ ਹਾਲੇ ਵੀ ਸੱਜਣ ਦੇ ਡੇਰੇ 'ਤੇ ਤੁਰੀ ਫਿਰਦੀ ਹੈ। ਇਹੀ ਅਹਿਸਾਸ ਸ਼ਬਦ ਸ਼ਕਤੀ ਬਣ ਕੇ ਗੀਤਾਂ ਵਿੱਚ ਸਿੱਧਾ ਉੱਸਰਦਾ ਹੈ। ਉੱਤਮਵੀਰ ਸਿੰਘ ਦਾਊਂ ਪਰਿਵਾਰਕ ਸਾਹਿਤਕ ਮਾਹੌਲ ਦੀ ਉਪਜ ਹੋਣ ਕਾਰਨ ਗੀਤ ਦੇ ਵਿਗੜਦੇ ਸਰੂਪ ਬਾਰੇ ਚਿੰਤਤ ਹੈ, ਪਰ ਉਹ ਚਿੰਤਾ ਨਹੀਂ, ਚਿੰਤਨ ਕਰਦਾ ਹੈ। ਉਸ ਦੇ ਗੀਤ ਇਸ ਗੱਲ ਦੀ ਸ਼ਬਦ ਗਵਾਹੀ ਹਨ ਕਿ ਜਦ ਪੂਰਾ ਜੰਗਲ ਸੜ ਰਿਹਾ ਸੀ ਤਾਂ ਉੱਤਮਵੀਰ ਵਰਗੀਆਂ ਆਸ ਦੀਆਂ ਹਰੀਆਂ ਪੱਤੀਆਂ ਵੀ ਝੂਮ ਰਹੀਆਂ ਸਨ।

ਮੈਨੂੰ ਇਹ ਗੱਲ ਹੋਰ ਵੀ ਚੰਗੀ ਲੱਗੀ ਹੈ ਕਿ ਉਸ ਨੇ ਗੀਤ ਵਿਧਾ ਨੂੰ ਮਿਸ਼ਨ ਵਾਂਗ ਅਪਣਾਇਆ ਹੈ। ਸਾਹਾਂ ਸਵਾਸਾਂ 'ਚ ਰਮਾਇਆ ਹੈ। ਉਹ ਫ਼ਾਸਲੇ ਤੋਂ ਨਹੀਂ, ਗੀਤ ਦੀ ਰੂਹ ਨੂੰ ਧੁਰ ਅੰਦਰੋਂ ਜਾਣਦਾ ਤੇ ਪਛਾਣਦਾ ਹੈ। ਇਸੇ ਕਰਕੇ




ਉਸ ਦੇ ਬਹੁਤੇ ਗੀਤ ਪ੍ਰਭਾਵ-ਚਿੱਤਰਾਂ ਜਹੇ ਹਨ। ਉਹ ਪ੍ਰਭਾਵ ਸਿਰਜਦੇ ਹਨ, ਸਿੱਖਿਆ ਦਾ ਭਾਰ ਨਹੀਂ ਢੋਂਦੇ। ਮਹਿਕਵੰਤੇ ਨਿੱਕੇ ਨਿੱਕੇ ਅਹਿਸਾਸ ਤਰੇਲ ਮੋਤੀਆਂ ਵਾਂਗ ਸਾਨੂੰ ਤਾਜ਼ਗੀ ਬਖ਼ਸ਼ਦੇ ਹਨ:

ਬਿਨ ਬੋਲੇ ਅਸੀਂ ਅੱਖੀਆਂ ਥਾਣੀਂ,
ਜਲਧਾਰਾ ਦੇ ਵਹਿਣ 'ਚ ਵਹਿ ਗਏ।
ਇੱਕ ਦੂਜੇ ਦੇ ਕੋਲ ਦੀ ਲੰਘੇ,
ਧੜਕਣਾਂ ਰਾਹੀਂ ਸਭ ਕੁਝ ਕਹਿ ਗਏ।

ਇਹ ਮਹਿਸੂਸ ਕਰਨ ਵਾਲੇ ਸ਼ਬਦ ਹਨ, ਸਰਲਾਰਥ ਕਰਨ ਵਾਲੇ ਨਹੀਂ। ਤੁਸੀਂ ਮਹਿਕ ਮਹਿਕ ਹੋ ਜਾਂਦੇ ਹੋ ਪੜ੍ਹਦਿਆਂ। ਅੱਗੇ ਪਹੁੰਚ ਕੇ ਇਹੀ ਸ਼ਬਦ ਵਿਛੋੜੇ ਦੀ ਪੀੜ ਹਵਾਲੇ ਕਰ ਜਾਂਦੇ ਹਨ। ਇਹੀ ਉੱਤਮਵੀਰ ਦਾ ਲਿਖਣ ਅੰਦਾਜ਼ ਹੈ:

ਫੇਰ ਅਚਾਨਕ ਤੁਰਦੇ ਤੁਰਦੇ,
ਰਾਹ ਖ਼ੌਰੇ ਕਿਉਂ ਵੱਖ ਹੋ ਗਏ।
ਹੱਥਾਂ 'ਚੋਂ ਐਸਾ ਹੱਥ ਸੀ ਛੁੱਟਿਆ,
ਵੇਖਦਿਆਂ ਹੀ ਭੀੜ 'ਚ ਖੋ ਗਏ।

ਭੀੜ 'ਚ ਗੁਆਚਣ ਦਾ ਅਹਿਸਾਸ ਉਦੋਂ ਹੀ ਜਾਗਦਾ ਹੈ, ਜਦ ਕੋਈ ਹੁਸੀਨ ਉਂਗਲੀ ਆਪਣਾ ਸੰਗੀ ਛੱਡ ਜਾਵੇ। ਜਮਘਟਾ ਬੰਦੇ ਨੂੰ ਗੁਆ ਦਿੰਦਾ ਹੈ, ਰੁਆ ਦਿੰਦਾ ਹੈ, ਪਰ ਨਾਲੋ ਨਾਲ ਭੀੜ 'ਚੋਂ ਨਿਕਲ ਕੇ ਇਕੱਲੇ ਸਿੱਧੇ ਸਤੋਰ ਖੜ੍ਹੇ ਹੋਣ ਦੀ ਪ੍ਰੇਰਨਾ ਵੀ ਦਿੰਦਾ ਹੈ।

ਆਪਣੇ ਸਿਵਾ ਕਿਸੇ ਹੋਰ ਦੀ ਹਸਤੀ ਨੂੰ ਪ੍ਰਵਾਨ ਹੀ ਨਾ ਕਰਨਾ ਹੀ ਸਿਰਜਕ ਦੀ ਸੂਰਮਗਤੀ ਹੈ। ਬਹੁਤ ਦੁਨੀਆ ਭੀੜ 'ਚ ਗੁਆਚ ਕੇ ਅੱਥਰੂ ਅੱਥਰੂ ਹੋ ਬਿਖ਼ਰ ਜਾਂਦੀ ਹੈ, ਪਰ ਉੱਸਰਨ ਵਾਲੀ ਰੂਹ ਹੀ ਸਿਰਜਣਾ ਦੇ ਰਾਹ ਤੁਰਦੀ ਹੈ। ਇਸੇ ਕਰਕੇ ਉੱਤਮਵੀਰ ਲਿਖਦਾ ਹੈ:

ਹੋ ਸਕਦਾ ਮੈਂ ਟੁੱਟ ਹੀ ਜਾਂਦਾ,
ਗੀਤ ਜੇ ਮੇਰੇ ਮੀਤ ਨਾ ਬਣਦੇ।
ਉੱਤਮ ਕਿਤੇ ਗੁਆਚ ਹੀ ਜਾਂਦਾ,
ਹੱਥ ਮੇਰੇ ਜੇ ਗੀਤ ਨਾ ਫੜਦੇ।

ਉੱਤਮਵੀਰ ਸਿੰਘ ਦਾਊਂ ਦੇ ਗੀਤ ਵਿਛੋੜੇ ਦੀ ਪਰਿਕਰਮਾ ਜਿਹੇ ਪਵਿੱਤਰ ਨੇ। ਕਿਤੇ ਵੀ ਜਿਸਮਾਂ ਦੀ ਹਾਜ਼ਰੀ ਨਹੀਂ। ਸ਼ਬਦ ਸਲੀਕਾ ਨਜ਼ਰ ਨਾਜ਼ਰ ਹੈ:

ਖ਼ੌਰੇ ਕਿੱਥੇ ਮੁੱਕ ਜਾਣਾ ਏਂ,
ਏਸ ਸਫ਼ਰ ਦੇ ਰਾਹਾਂ ਨੇ।
ਖ਼ੌਰੇ ਕਦ ਰੁਕ ਮੁੱਕ ਜਾਣਾ ਏਂ,
ਧੜਕਣ ਚੱਲਦੇ ਸਾਹਾਂ ਨੇ।

ਉੱਤਮਵੀਰ ਦਾ ਬਿਰਹਾ ਪ੍ਰੇਰਨਾ ਬਣ ਕੇ ਸ਼ਕਤੀ ਵਾਂਗ ਉੱਭਰਦਾ ਹੈ, ਮਨੁੱਖ ਨੂੰ ਅੰਦਰੋਂ ਤੋੜਦਾ ਨਹੀਂ, ਜੋੜਦਾ ਹੈ; ਕਿਉਂਕਿ ਉਹ ਭਲੀ ਭਾਂਤ ਸਮਝਦਾ ਹੈ ਕਿ ਸੰਕਟ ਤੁਹਾਡੀ ਪ੍ਰੀਖਿਆ ਲੈਣ ਹੀ ਆਉਂਦੇ ਨੇ। ਇਹ ਸਾਨੂੰ ਥਿੜਕਾਉਂਦੇ ਜ਼ਰੂਰ ਹਨ, ਪਰ ਪੱਕੇ ਪੈਰੀਂ ਖੜ੍ਹਨ ਦਾ ਵਿਸ਼ਵਾਸ ਸਾਡੇ ਪੈਰਾਂ ਨੂੰ ਡੋਲਣ ਨਹੀਂ ਦਿੰਦਾ। ਫੌਲਾਦੀ ਵਿਸ਼ਵਾਸ ਹੀ ਸ਼ਕਤੀ ਬਣਦਾ ਹੈ, ਇਹੋ ਜਿਹੇ ਤਰਲ ਸਮਿਆਂ 'ਚ ਮਿਸਾਲ ਪੇਸ਼ ਹੈ:

ਹੁੰਦਾ ਲੋਹੇ ਦਾ ਸੁਭਾਅ, ਸੱਟ ਸੀਨੇ ਉੱਤੇ ਸਹਿਣਾ।
ਸਦਾ ਕੱਚ ਸਾਹਵੇਂ, ਹੀਰੇ ਨੇ ਤਾਂ ਹੀਰਾ ਹੀ ਹੈ ਰਹਿਣਾ।
ਤਿੱਖੇ ਨੈਣਾਂ ਵਾਲੇ ਆਪੇ ਨਜ਼ਰਾਂ ਝੁਕਾਉਣਗੇ।
ਦਿਲਾ ਮੰਨੀਂ ਨਾ ਤੂੰ ਹਾਰ,
ਰੱਖ ਥੋੜ੍ਹਾ ਧਰਵਾਸ, ਚੰਗੇ ਦਿਨ ਆਉਣਗੇ।
ਦਿਲਾ ਮੰਨੀਂ ਨਾ ਤੂੰ ਹਾਰ।

ਉਸ ਦੇ ਗੀਤ ਸਾਫ਼ ਸ਼ਫ਼ਾਫ਼ ਨਿੱਤਰੇ ਪਾਣੀਆਂ ਵਰਗੇ ਨੇ। ਵਿੱਚੋਂ ਚਿਹਰਾ ਵੇਖ ਸਕਦੇ ਹਾਂ। ਝੀਲ ਵਾਂਗ ਡੂੰਘੇ, ਆਬਸ਼ਾਰੀ ਫੁਹਾਰ ਵਾਂਗ ਨਿਰੰਤਰ ਠੰਢਕ ਵਰਤਾਉਂਦੇ। ਤਪਦੇ ਖਪਦੇ ਨਹੀਂ, ਸਾਨੂੰ ਸਹਿਜ ਤੇ ਸੁਹਜ ਨਾਲ ਆਨੰਦਿਤ ਕਰਦੇ ਹਨ। ਹਉਕਿਆਂ ਦੀ ਇਬਾਰਤ ਲਿਖਣਾ ਏਨਾ ਸਹਿਜ ਕਾਰਜ ਨਹੀਂ ਹੁੰਦਾ, ਪਰ ਉੱਤਮਵੀਰ ਨੇ ਕਰ ਵਿਖਾਇਆ ਹੈ। ਉਸ ਦੇ ਗੀਤਾਂ ਵਿੱਚ ਪੌਣਾਂ ਤਰਾਨਿਆਂ 'ਚ ਢਲਦੀਆਂ ਨੇ, ਸਵਾਲ ਕਰਦੀਆਂ ਨੇ, ਆਪੇ ਜਵਾਬ ਦਿੰਦੀਆਂ ਨੇ। ਸ਼ੀਸ਼ੇ ਦਾ ਪਾਣੀ ਸਵਾਲ ਕਰਦਾ ਹੈ ਚਿਹਰਿਆਂ ਨੂੰ। ਮਨ ਦਾ ਪੰਛੀ ਕੂਕਦਾ ਨਹੀਂ, ਵਲ ਫੇਰ ਪਾ ਕੇ ਗੱਲਾਂ ਕਹਿਣ ਦੀ ਜਾਚ ਸਿੱਖ ਗਿਆ ਹੈ ਜਿਵੇਂ ਇੱਥੇ ਇਹ ਅਹਿਸਾਸ ਬਿਆਨ ਕੀਤਾ ਹੈ:

ਕਿਤੋਂ ਦਿਲ 'ਚ ਬੇਚੈਨ ਤੀਰ, ਆ ਕੇ ਲਹਿ ਗਿਆ।
ਪਾਣੀ ਸ਼ੀਸ਼ੇ ਵਾਲਾ ਬਣ ਕੇ, ਸਵਾਲ ਰਹਿ ਗਿਆ।

ਵਿਛੜੀ ਜਾਨ ਦੇ ਰਾਹਾਂ 'ਚ ਫੁੱਲਾਂ ਦੀ ਬਰਸਾਤ ਕਰਨ ਦੀ ਰੀਝ ਹੀ ਉਸ ਨੂੰ ਸੂਰਜ ਬਣ ਕੇ ਉਸ ਦੇ ਰਾਹੀਂ ਚਾਨਣ ਵੇਲੇ ਪ੍ਰਭਾਤ ਬਣਨ ਦੀ ਸ਼ਕਤੀ ਦਿੰਦੀ ਹੈ। ਸੱਜਣ ਬਿਨ ਰਾਤੀਂ ਹੋਈਆਂ ਵੱਡੀਆਂ ਵਾਲਾ ਸਬਕ ਉਸ ਸ਼ਾਹ ਹੁਸੈਨ ਤੋਂ ਪੜ੍ਹਿਆ ਜਾਪਦਾ ਹੈ। ਉਹ ਲਿਖਦਾ ਹੈ:

ਤੇਰੇ ਬਾਝੋਂ ਜੀਣਾ ਲੱਗਦਾ, ਜਿੱਦਾਂ ਬੋਝ ਉਧਾਰ ਦਾ।
ਮੈਂ ਦਿਲ 'ਚ ਸਾਂਭਿਆ ਏ, ਸ਼ਗੂਫ਼ਾ ਤੇਰੇ ਪਿਆਰ ਦਾ।

ਮੁਹੱਬਤੀ ਰੂਹ ਦੇ ਹਉਕੇ ਤੇ ਆਪਣੇ ਨੇਤਰਾਂ ਦੇ ਹੰਝ ਮਿਲਾ ਕੇ ਗੀਤ ਪਰੋਣੇ ਵੀ ਦਰਦ ਨਿਵਾਰਨ ਦਾ ਸਹੀ ਤਰੀਕਾ ਹੈ। ਉਹ ਇਸ ਪੀੜ ਦੇ ਜੰਗਲ ਵਿੱਚ ਗੁਆਚਦਾ ਨਹੀਂ, ਸਗੋਂ ਹਰ ਪਲ ਨੂੰ ਪੁਨਰ ਸੁਰਜੀਤ ਕਰਕੇ ਸ਼ਬਦਾਂ ਹਵਾਲੇ ਕਰ ਦਿੰਦਾ ਹੈ। ਵਿਛੜਨ ਵੇਲੇ ਦੀ ਕਸਕ ਗੀਤਾਂ ਵਿੱਚ ਥਾਂ ਪਰ ਥਾਂ ਹਾਜ਼ਰ ਹੈ।

ਨਵੀਂ ਪੀੜ੍ਹੀ ਦੇ ਸਿਰਜਕਾਂ ਵਿੱਚ ਉੱਤਮਵੀਰ ਦੇ ਗੀਤ ਯਕੀਨਨ ਪਛਾਣਯੋਗ ਹਸਤੀ ਸਥਾਪਤ ਕਰਨਗੇ। ਇਹ ਗੱਲ ਵੀ ਚੇਤੇ ਰੱਖਣੀ ਲਾਜ਼ਮੀ ਹੈ ਕਿ ਦਿਲ ਦਾ ਅੱਖੀਆਂ ਥਾਣੀਂ ਵਹਿ ਕੇ ਸ਼ਬਦ ਗੰਗਾ ਬਣਨਾ ਵੀ ਹਰ ਬੰਦੇ ਦਾ ਸੁਭਾਗ ਨਹੀਂ ਬਣਦਾ।

ਅਜੇ ਆਰੰਭ ਹੈ। ਉੱਤਮਵੀਰ ਨੂੰ ਉਚੇਰੀਆਂ ਬੁਲੰਦੀਆਂ ਉਡੀਕਦੀਆਂ ਨੇ। ਉਸ ਦਿਨ ਦੀ ਆਸ ਤੇ ਅਰਦਾਸ ਨਾਲ ਮੈਂ ਇਸ ਗੀਤ ਸੰਗ੍ਰਹਿ ਦਾ ਭਰਪੂਰ ਸੁਆਗਤ ਕਰਦਾ ਹਾਂ!

## ਸਵੀ ਦਾ 'ਚਿੰਤਨ ਸੰਸਾਰ'

ਵਿੱਚ ਸਾਹਿਤ ਅਕਾਦਮੀ, ਦਿੱਲੀ ਵੱਲੋਂ ਸਾਹਿਤ ਅਕਾਦਮੀ ਦਾ ਇਨਾਮ ਵੀ ਦਿੱਤਾ ਗਿਆ ਹੈ, ਜਿਸ ਨਾਲ ਪੰਜਾਬੀ ਸਾਹਿਤ ਖੇਤਰ ਵਿੱਚ ਸਵੀ ਦੀ ਸਮੁੱਚੀ ਦੇਣ ਪ੍ਰਤੀ ਉਤਸੁਕਤਾ ਤੇ ਖ਼ੁਸ਼ੀ ਉਜਾਗਰ ਕੀਤੀ ਗਈ ਹੈ। 'ਮਨ ਦੀ ਚਿੱਪ' ਅਤੇ 'ਉਦਾਸੀ ਦਾ ਲਿਬਾਸ'- ਦੋਵੇਂ ਉਸਦੀਆਂ ਨਵੀਆਂ ਕਾਵਿ-ਪੁਸਤਕਾਂ ਹਨ। 'ਅਵੱਗਿਆ' ਕਾਵਿ-ਸੰਗ੍ਰਹਿ ਵਿੱਚ ਕਵੀ ਦੁਆਰਾ ਭਾਰਤੀ ਮਿੱਥਾਂ ਦੇ ਨਾਲੋਂ ਯੂਰਪੀ ਮਿੱਥਾਂ ਨੂੰ ਅਧਿਕ ਤਰਜੀਹ ਦਿੱਤੀ ਗਈ ਸੀ। ਉਦੋਂ ਯੂਰਪੀ ਮਿੱਥਾਂ ਦੇ ਮਿੱਥਕ ਪਹਿਲੀ ਵਾਰ ਪੰਜਾਬੀ ਕਾਵਿ-ਜਗਤ ਵਿੱਚ ਏਨੀ ਭਰਪੂਰ ਮਾਤਰਾ ਵਿੱਚ ਇਸਤੇਮਾਲ ਕੀਤੇ ਗਏ ਸਨ।

ਸਵਰਨਜੀਤ ਸਵੀ ਬਹੁਪੱਖੀ ਕਵਿਤਾ ਦਾ ਸਿਰਜਕ ਹੈ। ਉਸਨੇ ਵਿਸ਼ਵ ਰਾਜਨੀਤੀ ਅਤੇ ਦੇਸ਼ ਦੀ ਰਾਜਨੀਤੀ ਦੇ ਸਮਾਨੰਤਰ ਮਨੁੱਖ ਦੇ ਮਨੁੱਖਤਵ ਨੂੰ ਬਚਾਉਣ ਲਈ ਮਨੁੱਖੀ ਸੰਵੇਦਨਾ ਦੀਆਂ ਸੁਰਾਂ ਅਲਾਪੀਆਂ ਹਨ। ਉਹ ਨਿਜੀ ਜੀਵਨ ਤੋਂ ਲੈ ਕੇ ਬ੍ਰਹਿਮੰਡੀ ਪਸਾਰੇ ਤੱਕ ਦੇ ਹਰ ਪਹਿਲੂ ਤੋਂ ਸੁਚੇਤ ਹੈ। ਮਾਨਵੀ ਪੱਧਰ 'ਤੇ ਅਜਿਹਾ ਬਹੁਤ ਘੱਟ ਵਿਅਕਤੀਆਂ ਦੇ ਹਿੱਸੇ ਆਉਂਦਾ ਹੈ। ਕਿਸੇ ਗੱਲ ਨੂੰ ਵੱਖ-ਵੱਖ ਕੋਨਾਂ ਤੋਂ ਮਾਨਸਿਕ ਪੱਧਰ 'ਤੇ ਖਲੋ ਕੇ ਵੇਖ ਲੈਣਾ ਤੇ ਉਸਨੂੰ ਕਾਵਿਕ ਰੂਪ ਦੇ ਦੇਣਾ ਕੋਈ ਸੁਖੈਨ ਕਾਰਜ ਨਹੀਂ ਹੁੰਦਾ। ਮਨੁੱਖੀ ਸੰਵੇਦਨਾ ਨੂੰ ਸਨਮੁਖ ਰੱਖ ਕੇ ਸਿਰਜਣਾ ਦੇ ਮਾਰਗ 'ਤੇ ਤੁਰਨਾ ਉਹਦਾ ਕਮਾਇਆ ਹੋਇਆ ਯੋਗ ਹੈ।

ਵਿਸ਼ਵ ਪੱਧਰੀ ਦਾਰਸ਼ਨਿਕ ਨਵ-ਚਿੰਤਕਾਂ ਦੇ ਸਿੱਧਾਂਤਕੀ ਗਿਆਨ ਨੂੰ ਉਹ ਅਧਿਐਨ ਰਾਹੀਂ ਪਕੜਦਾ ਹੈ ਅਤੇ ਉਨ੍ਹਾਂ ਦੇ ਸਮਾਨੰਤਰ ਆਪਣੇ ਕਾਵਿਕ ਪ੍ਰਤੀਕਰਮ ਦਰਜ ਕਰਦਾ ਹੈ। ਬਿੱਗ ਡੈਟਾ, ਆਰਟੀਫ਼ੀਸ਼ੀਅਲ ਇਟੈਂਲੀਜੈਂਸੀ, ਅਲਗੋਰਿਦਮ, ਕੰਪਿਊਟਰੀ ਹੈਕਿੰਗ, ਕਲਾਊਡ, ਚਿੱਪ, ਰੋਬੋ ਵਰਗੇ ਨਵ-ਗਿਆਨਕਾਰੀ ਸੰਕਲਪਾਂ ਨਾਲ ਉਹ ਬਾਵਾਸਤਾ ਹੈ। ਅਜਿਹੇ ਗਿਆਨ-ਵਿਗਿਆਨ ਤੇ ਭੌਤਿਕੀ ਈਜਾਦਾਂ ਦੇ ਨਵ-ਚਿੰਤਨ ਨਾਲ ਜੁੜ ਕੇ ਪੰਜਾਬੀ ਕਵਿਤਾ ਵਿੱਚ ਸਵੀ ਇੱਕ ਨਿਵੇਕਲੀ 'ਧੁਨਿ' ਪੈਦਾ ਕਰਦਾ ਹੈ। ਇਸ ਵਿੱਚ ਮਨੁੱਖ ਦੀਆਂ ਬੁਨਿਆਦੀ ਅਕਾਂਖਿਆਵਾਂ, ਸਿਮਰਤੀਆਂ, ਦੁੱਖ-ਸੁੱਖ, ਸੰਵੇਦਨਾਵਾਂ ਤੇ ਉਦਾਸੀਆਂ ਸੰਮਿਲਤ ਹਨ। ਸਵੀ ਦੀ ਕਵਿਤਾ ਦਾ ਧਰਾਤਲ ਮਾਨਵ ਹੀ ਹੈ। ਉਹ ਮਨੁੱਖ ਦੀ ਬਹੁਪੱਖੀ ਤਰੱਕੀ ਤੇ ਵਿਕਾਸ ਦਾ ਵਿਰੋਧੀ ਨਹੀਂ ਹੈ। ਉਹ ਜਨ ਸਾਧਾਰਨ ਦੇ ਭਲੇ ਲਈ ਇਸ ਦਾ ਹਾਮੀ ਵੀ ਹੈ; ਪਰ ਲਗਦਾ ਹੈ ਕਿ ਮਨੁੱਖ ਦੁਆਰਾ ਈਜਾਦ ਕੀਤੀ ਮਸ਼ੀਨ ਮਨੁੱਖੀ ਮਨ ਅਤੇ ਕੁਦਰਤ 'ਤੇ ਆਪਣਾ ਅਧਿਕਾਰ ਸਥਾਪਿਤ ਕਰਨ ਦੇ ਰਾਹੇ ਤੁਰੀ ਹੋਈ ਹੈ। ਸਵੀ ਦੀ ਸਿਰਜਣਾਤਮਕਤਾ ਬਾਬਾ ਨਾਨਕ ਦੀ ਦਰਸਾਈ ਜੀਵਨ ਪੱਧਤੀ ਅਨੁਸਾਰ 'ਗੋਸਟਿ' ਕਰਨ ਵੱਲ ਰੁਚਿਤ ਹੁੰਦੀ ਹੈ।

ਸਵੀ ਆਪਣੀ ਰਚਨਾ ਵਿੱਚ ਰਾਜਸੀ ਸੱਤਾ ਪ੍ਰਤੀ ਉਦਾਸੀਨ ਹੁੰਦਾ ਹੈ; ਵਿਸ਼ਵ ਪੱਧਰੀ ਕੂਟਨੀਤੀ ਤੋਂ ਉਹ ਜਨ ਸਾਧਾਰਨ ਨੂੰ ਨਿਜਾਤ ਦੁਆਉਣ ਲਈ ਸੁਚੇਤ ਕਰਦਾ ਹੈ। ਮਨੁੱਖਾਂ ਦਾ ਇੱਕ ਵਰਗ ਬੇਸ਼ੁਮਾਰ ਪੈਸੇ ਦੇ ਇਕੱਤਰੀਕਰਣ ਲਈ ਅਨੈਤਿਕ, ਅਲੋਕਤੰਤਰਿਕ ਤੇ ਅਸਭਿਅਕ ਹੋ ਰਿਹਾ ਹੈ, ਜਿਸ ਨਾਲ ਮਾਨਵਤਾ ਦਾ ਘਾਣ ਹੋ ਰਿਹਾ ਹੈ। ਇਹ ਘਾਣ ਵਿਸ਼ਵ-ਵਿਆਪੀ ਹੈ। ਸਵੀ ਇਸ ਘਾਣ ਨੂੰ 'ਬੁਰੇ ਵਕਤਾਂ' ਦਾ ਨਾਮ ਦਿੰਦਾ ਹੈ, ਜਿਸ ਦਾ ਕੋਈ ਵਹੀ ਖਾਤਾ ਨਹੀਂ ਹੁੰਦਾ।

ਅਜੋਕੀ ਰਾਜਨੀਤਕ ਸਥਿਤੀ 'ਮਹਾਂਭਾਰਤ' ਵਰਗੀ ਭਾਸਣ ਲੱਗ ਪਈ ਹੈ, ਜਿਸ ਵਿੱਚ ਯੁੱਧ ਹੀ ਸਭ ਕਾਸੇ ਦਾ ਇੱਕੋ-ਇੱਕ ਵਿਕਲਪ ਨਜ਼ਰ ਆਉਂਦਾ ਹੈ। ਇਸੇ ਲਈ ਸਵੀ ਮਹਾਂਭਾਰਤ ਦੇ ਮਿਥਿਕਾਂ ਰਾਹੀਂ ਕੋਆਪਰੇਟਿਵ ਘਰਾਣਿਆਂ ਦੀ ਧਨ ਇਕੱਤਰੀਕਰਣ ਦੀ ਲਾਲਸਾ ਨੂੰ ਪੂਰਾ ਕਰਨ ਵਾਲੇ ਰਾਜਸੀ ਨੇਤਾਵਾਂ 'ਤੇ ਕਟਾਖ਼ਸ਼ ਕਰਦਾ ਹੈ।

ਜ਼ਮੀਨ ਨਾਲ ਜੁੜੀ ਕਿਸਾਨੀ ਤੇ ਜਨ ਸਾਧਾਰਨ ਦੀ ਲੁੱਟ-ਖ਼ਸੁੱਟ ਹੋ ਰਹੀ ਹੈ, ਜਿਸ ਪ੍ਰਤੀ ਕਵੀ ਸੰਵੇਦਨਸ਼ੀਲ ਹੈ। ਕਰੋਨਾ ਮਹਾਂਮਾਰੀ ਨੇ ਇਸ ਲੁੱਟ ਦੇ ਨਵੇਂ ਵਸੀਲੇ ਪੈਦਾ ਕਰ ਦਿੱਤੇ ਹਨ। ਇਨ੍ਹਾਂ ਸਮੁੱਚੇ ਵੇਰਵਿਆਂ ਨੂੰ ਆਪਣੇ ਪੱਲੇ ਵਿੱਚ ਸਮੇਟਦੀ ਸਵੀ ਦੀ ਕਵਿਤਾ ਦੀ ਧਾਰਾ ਨਿਰੰਤਰ ਪ੍ਰਵਾਹਿਤ ਹੋ ਰਹੀ ਹੈ। ਮਨੁੱਖੀ ਦੁੱਖਾਂ-ਸੁੱਖਾਂ, ਸੰਵੇਦਨਾਵਾਂ ਨਾਲ ਭਰਪੂਰ ਇਹ ਕਵਿਤਾ ਕਈ ਤਰ੍ਹਾਂ ਦੇ ਤਜਰਬਿਆਂ ਨਾਲ ਬਾਵਾਸਤਾ ਹੁੰਦੀ ਹੈ ਤੇ ਸਵੀ ਦੇ ਹੀ ਕਥਨ ਅਨੁਸਾਰ 'ਤਜਰਬਾ ਸਟਿੱਲ ਫੋਟੋਗ੍ਰਾਫ਼ ਨਹੀਂ ਹੁੰਦਾ।'

ਵਿਸ਼ਵ ਦੀਆਂ ਨਵ-ਚਿੰਤਨ ਪ੍ਰਣਾਲੀਆਂ ਤੋਂ ਜਾਣੂ ਕਰਵਾਉਂਦੀ ਅਤੇ ਤਤਕਾਲੀ ਸਮਿਆਂ ਦਾ ਲੜਿਆ ਜਾ ਰਿਹਾ ਮਹਾਂਭਾਰਤ ਦਿਖਾਉਂਦੀ ਸਵੀ ਦੀ ਕਵਿਤਾ ਨਿਸ਼ਚੇ ਹੀ ਮਾਨਵਵਾਦੀ ਚਿੰਤਕਾਂ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਅਜੋਕੇ ਵਿਸ਼ਵ-ਵਿਆਪੀ ਸੰਕਟਾਂ ਪ੍ਰਤੀ ਜਾਗਰੂਕ ਕਰਨ ਲਈ ਉਸਦੀ ਕਵਿਤਾ ਪਾਠਕ ਲਈ ਪ੍ਰੇਰਿਕ ਬਣਦੀ ਹੈ। ਚਿੱਤਰਕਾਰੀ, ਫੋਟੋਕਾਰੀ, ਸ਼ਿਲਪਕਾਰੀ ਤੇ ਕਿਤਾਬਾਂ ਦੀ ਪ੍ਰਿੰਟਿੰਗ ਤੇ ਪੋਸਟਰ ਮੇਕਿੰਗ ਕੁਝ ਹੋਰ ਖੇਤਰ ਹਨ, ਜਿਨ੍ਹਾਂ ਵਿੱਚ ਵੀ ਸਵੀ ਨੇ ਨਾਮਣਾ ਕਮਾਇਆ ਹੈ। ਉਸਦੀ ਸਮੁੱਚੀ ਦੇਣ ਨੂੰ ਸਨਮੁਖ ਰੱਖਦਿਆਂ ਹੀ ਸ਼ਾਇਦ ਹਾਲ ਹੀ ਦੇ ਦਿਨਾਂ ਵਿੱਚ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵੱਲੋਂ ਸੁਰਜੀਤ ਪਾਤਰ ਦੇ ਅਕਾਲ ਚਲਾਣੇ ਮਗਰੋਂ ਖ਼ਾਲੀ ਹੋਈ ਕਲਾ ਪ੍ਰੀਸ਼ਦ ਦੇ ਚੇਅਰਮੈਨ ਦੀ ਅਸਾਮੀ 'ਤੇ ਲਗਾਇਆ ਗਿਆ ਹੈ।

ਜਾਣਕਾਰੀ

ਦਿਲਜੀਤ ਸਿੰਘ ਬੇਦੀ
ਫੋਨ: +91-7657968570



# ਅੰਮ੍ਰਿਤਸਰ ਦੇ ਇਤਿਹਾਸਕ, ਧਾਰਮਿਕ, ਸਾਹਿਤਕ ਪਰਿਪੇਖ ਵਿੱਚ ਪੰਜਾਬੀ ਪੱਤਰਕਾਰੀ ਦਾ ਯੋਗਦਾਨ

ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਾਰਜ ਇਸੇ ਸ਼ਹਿਰ ਵਿੱਚ ਕਰਕੇ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਸਾਹਿਤ ਦੇ ਇਤਿਹਾਸ ਵਿੱਚ ਇੱਕ ਨਵੇਕਲਾ ਤੇ ਸਤਿਕਾਰ ਵਾਲਾ ਕਾਰਜ ਕੀਤਾ। ਸ੍ਰੀ ਅੰਮ੍ਰਿਤਸਰ ਸਿੱਖ ਇਤਿਹਾਸ ਅਤੇ ਸਿੱਖ ਸਭਿਆਚਾਰ ਦਾ ਕੇਂਦਰੀ ਅਸਥਾਨ ਹੈ। ਇਹ ਸ਼ਹਿਰ ਲਗਭਗ ਸਾਢੇ ਚਾਰ ਸਦੀਆਂ ਤੋਂ ਕੌਮੀ ਵਿਰਾਸਤ ਅਤੇ ਧਾਰਮਿਕ ਰਹੁਰੀਤਾਂ ਦੀ ਜਿਉਂਦੀ-ਜਾਗਦੀ ਤਸਵੀਰ ਹੈ, ਜੋ ਕੌਮ ਲਈ ਹਰ ਸਮੇਂ ਪ੍ਰੇਰਨਾ-ਸ੍ਰੋਤ ਬਣਿਆ ਰਿਹਾ ਹੈ। ਅੰਮ੍ਰਿਤਸਰ ਸ਼ਹਿਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਿਛੋਕੜ ਦਾ ਇਤਿਹਾਸ ਇੱਕ ਗੌਰਵਮਈ ਵਿਰਸਾ ਹੈ। ਸਮੁੱਚਾ ਸਿੱਖ ਇਤਿਹਾਸ ਕਿਸੇ ਨਾ ਕਿਸੇ ਰੂਪ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਰਿਹਾ ਹੈ, ਜਿਸ ਦਾ ਜ਼ਿਕਰ ਤਕਰੀਬਨ ਇਤਿਹਾਸ ਦੀਆਂ ਵੱਖ-ਵੱਖ ਪਰਤਾਂ 'ਚ ਮਿਲ ਜਾਂਦਾ ਹੈ।

ਅੰਮ੍ਰਿਤਸਰ ਤੋਂ ਛਪਦੇ ਅਖਬਾਰ, ਰਸਾਲੇ ਵੀ ਵੱਖ-ਵੱਖ ਸੰਘਰਸ਼ਾਂ ਨੂੰ ਸੇਧ ਦਿੰਦੇ ਰਹੇ ਹਨ। ਸਭਿਆਚਾਰਕ, ਰਾਜਨੀਤਿਕ ਅਤੇ ਸਾਹਿਤਕ ਪੱਖ ਤੋਂ ਵੀ ਇਸ ਸ਼ਹਿਰ ਦੀ ਪੱਤਰਕਾਰੀ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਧਾਰਮਿਕ ਖੇਤਰ ਵਿੱਚ ਨਾਮਵਰ ਅਖਬਾਰ ਰਸਾਲੇ ਨਿਜੀ ਅਤੇ ਸੰਸਥਾਵਾਂ ਵੱਲੋਂ ਇੱਥੋਂ ਪ੍ਰਕਾਸ਼ਿਤ ਹੁੰਦੇ ਰਹੇ ਹਨ। ਸਮੇਂ ਦੀ ਧੁੱਪ-ਛਾਂ ਨੇ ਕਈ ਅਹਿਮ ਆਧੁਨਿਕ ਵਿਗਿਆਨਕ ਤਬਦੀਲੀਆਂ ਲਿਆਂਦੀਆਂ ਹਨ ਕਿ ਪੱਤਰਕਾਰੀ ਖੇਤਰ ਵਿੱਚ ਵੱਡੀ ਉਥਲ-ਪੁੱਥਲ ਹੋ ਗਈ ਹੈ। ਨੌਜਵਾਨ ਵਰਗ ਕਿਤਾਬ, ਰਸਾਲੇ ਅਤੇ ਅਖਬਾਰ ਤੋਂ ਦੂਰ ਹੁੰਦਾ ਗਿਆ ਹੈ। ਹੁਣ ਬਹੁਤੀ ਜਾਣਕਾਰੀ ਭਾਵੇਂ ਤੱਥਾਂ ਦੇ ਆਧਾਰਤ ਯਕੀਨਨ ਨਾ ਵੀ ਹੋਵੇ, ਤੁਹਾਨੂੰ ਮੋਬਾਇਲ ਤੋਂ ਝਲਕਾਰੇ ਪੈ ਜਾਂਦੇ ਹਨ। ਅੰਮ੍ਰਿਤਸਰ ਸ਼ਹਿਰ ਤੋਂ ਪ੍ਰਕਾਸ਼ਿਤ ਹੁੰਦੇ ਅਖਬਾਰਾਂ-ਰਸਾਲਿਆਂ ਦਾ ਇੱਕ ਵਿਸ਼ੇਸ਼ ਇਤਿਹਾਸ ਹੈ। ਕਿਹੜੇ ਅਖਬਾਰ ਰਸਾਲੇ ਛਪਦੇ ਸਨ, ਉਨ੍ਹਾਂ ਬਾਰੇ ਜੇ ਵਿਸਥਾਰ 'ਚ ਗੱਲ ਕਰੀਏ ਤਾਂ ਨਿਬੰਧ ਕਿਤਾਬੀ ਰੂਪ ਧਾਰਦਾ ਹੈ। ਇੱਥੇ ਕੇਵਲ ਨਾਮ ਹੀ ਲਿਖ ਕੇ ਪਾਠਕਾਂ ਨਾਲ ਸਾਂਝ ਪਾ ਰਹੇ ਹਾਂ।

ਅੰਮ੍ਰਿਤਸਰ ਪੰਜਾਬੀ ਪੱਤਰਕਾਰੀ ਦਾ ਗੜ੍ਹ ਹੁੰਦਾ ਸੀ। ਅਨੇਕਾਂ ਅਖਬਾਰਾਂ, ਰਸਾਲੇ ਛਪਦੇ ਸਨ ਅਤੇ ਅਨੇਕਾਂ ਹੀ ਪ੍ਰਿੰਟਿੰਗ ਪ੍ਰੈਸਾਂ ਹੁੰਦੀਆਂ ਸਨ। ਬਹੁਤ ਸਾਰੀਆਂ ਲੋਕਲ ਨੰਬਰ ਵਾਲੀਆਂ ਬੱਸਾਂ ਚੱਲਦੀਆਂ ਸਨ। ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਸਮੇਂ ਸਮੇਂ ਅਨੁਸਾਰ ਬਹੁਤ ਵੱਡੇ ਪਰਿਵਰਤਨ ਦੇਖਣ ਨੂੰ ਮਿਲੇ ਹਨ। ਪਹਿਲਾਂ ਹਾਲ ਗੇਟ ਦੇ ਬਾਹਰਵਾਰ ਤੋਂ ਵੱਖ-ਵੱਖ ਨੰਬਰਾਂ ਵਾਲੀਆਂ ਲੋਕਲ ਬੱਸਾਂ ਮਿਊਂਸਪਲ ਕਮੇਟੀ ਦੀ ਹੱਦ ਤੱਕ ਚੱਲਦੀਆਂ ਸਨ। ਜਿਨ੍ਹਾਂ ਨੂੰ ਬੇਓੜਕ ਸਵਾਰੀ ਦਾ ਸਾਹਮਣਾ ਕਰਨਾ ਪੈਂਦਾ ਸੀ। ਇੱਥੋਂ ਲੋਕਲ ਬੱਸਾਂ ਪਾਗਲਖਾਨਾ, ਛੇਹਰਟਾ, ਨਰਾਇਣਗੜ੍ਹ, ਵੇਰਕਾ, ਜੰਡਿਆਲਾ ਤੀਕ, ਰਾਮ ਬਾਗ਼ ਟਾਂਗਾ ਸਟੈਂਡ ਲਾਗੋਂ ਖਡੂਰ ਸਾਹਿਬ, ਗੋਇੰਦਵਾਲ ਆਦਿ। ਚਾਟੀਵਿੰਡ ਗੇਟ ਤੋਂ ਤਰਨ-ਤਾਰਨ, ਜ਼ੀਰਾ, ਫਰੀਦਕੋਟ, ਫਿਰੋਜਪੁਰ, ਮਾਲਵਾ ਆਦਿ ਲਈ ਬੱਸਾਂ ਚੱਲਦੀਆਂ ਸਨ। ਇਸੇ ਤਰ੍ਹਾਂ ਹੀ ਸੰਤ ਰਾਮ ਸਰ੍ਹਾਂ ਹਾਲ ਗੇਟ (ਗਾਂਧੀ ਦਰਵਾਜ਼ਾ) ਦੇ ਬਾਹਰਵਾਰ ਤੋਂ ਜੰਮੂ, ਪਠਾਨਕੋਟ, ਗੁਰਦਾਸਪੁਰ, ਬਟਾਲਾ, ਧਾਰੀਵਾਲ ਆਦਿ ਲਈ ਚੱਲਦੀਆਂ ਸਨ। ਅੱਜ ਵੀ ਰਾਤਰੀ ਸਪੈਸ਼ਲ ਬੱਸਾਂ ਇੱਥੋਂ ਚੱਲਦੀਆਂ ਹਨ। ਹਾਲ ਗੇਟ ਤੋਂ ਅੱਗੇ ਬਿਜਲੀ ਘਰ ਸਾਹਮਣੇ, ਜਲੰਧਰ, ਲੁਧਿਆਣਾ, ਦਿੱਲੀ, ਚੰਡੀਗੜ੍ਹ ਆਦਿ। ਵੱਖ-ਵੱਖ ਬੱਸ ਸਟੈਂਡਾਂ ਦੇ ਲਾਗੇ ਕ੍ਰਮਵਾਰ ਟਾਂਗਾ ਸਟੈਂਡ ਵੀ ਹੁੰਦੇ ਸਨ। ਹੁਣ ਅੰਮ੍ਰਿਤਸਰ ਵਿੱਚ ਟਾਂਗਾ ਹੈ, ਪਰ ਬਹੁਤ ਘੱਟ ਹੈ। ਥ੍ਰੀਵੀਲਰ ਤੇ ਈ-ਰਿਕਸ਼ਾ ਨੇ ਟਾਂਗਾ ਕਿੱਤਾ ਖ਼ਤਮ ਕਰ ਦਿੱਤਾ।

ਅੰਮ੍ਰਿਤਸਰ ਹਾਲ ਗੇਟ, ਜਿਸ ਨੂੰ ਗਾਂਧੀ ਦਰਵਾਜ਼ਾ ਵੀ ਕਿਹਾ ਜਾਂਦਾ ਹੈ। ਉਸ ਦੇ ਬਾਹਰਵਾਰ ਅਖਬਾਰਾਂ ਰਸਾਲਿਆਂ ਦੇ ਖੋਖਿਆਂਨੁਮਾ ਦੁਕਾਨਾਂ ਤੇ ਰਸਾਲੇ (ਮੈਗਜ਼ੀਨ) ਅਖਬਾਰਾਂ 'ਚ ਛਪੀਆਂ ਰਚਨਾਵਾਂ ਵੇਖਣ/ਖਰੀਦਣ ਲਈ ਲੇਖਕ, ਸ਼ਾਇਰ, ਸਾਹਿਤਕਾਰ, ਪੱਤਰਕਾਰ ਦੋਸਤ ਸਾਰੇ ਇੱਥੇ ਹੀ ਮਿਲ ਪੈਂਦੇ ਸਨ। ਖ਼ੂਬ ਸਾਹਿਤਕ ਚਰਚੇ ਹੁੰਦੇ ਸਨ। ਸਾਹਿਤ ਸਭਾਵਾਂ ਵਿੱਚ ਤਾਂ ਮੇਲ ਹੋਣੇ ਹੋਰ ਗੱਲ ਸੀ, ਪਰ ਇਹ ਖੋਖੇ ਵਿਛੜਿਆਂ ਨੂੰ ਮਿਲਾ ਦਿੰਦੇ ਸਨ। ਕਿਸੇ ਲੇਖਕ ਪੱਤਰਕਾਰ ਦਾ ਪਤਾ ਲੈਣਾ ਹੋਏ ਤਾਂ ਅਖਬਾਰਾਂ ਦੀਆਂ ਏਜੰਸੀਆਂ ਵਾਲੇ ਸਭ ਦੱਸ ਦਿੰਦੇ। ਸ੍ਰੀ ਬੇਲੀ ਰਾਮ ਮੁੱਦਤਾਂ ਤੋਂ ਏਹੋ ਕਿੱਤੇ ਵਿੱਚ ਹਨ, ਹੁਣ ਉਨ੍ਹਾਂ ਦੇ ਪੁੱਤਰ ਵਿਜੈ ਕੁਮਾਰ ਤੇ ਪ੍ਰਦੀਪ ਕੁਮਾਰ ਕੰਮ ਕਰ ਰਹੇ ਹਨ।

ਅੰਮ੍ਰਿਤਸਰ ਸ਼ਹਿਰ ਇਤਿਹਾਸਕ ਪੱਖੋਂ ਬਹੁਤ ਅਮੀਰ ਹੈ। ਜਿੱਥੇ ਇਹ ਵਪਾਰ ਦਾ ਕੇਂਦਰ ਰਿਹਾ ਹੈ, ਉਥੇ ਬਹੁਤ ਸਾਰੇ ਅਖਬਾਰ ਰਸਾਲੇ ਇਸ ਸ਼ਹਿਰ ਤੋਂ ਛਪਦੇ ਰਹੇ ਹਨ। ਥੋੜ੍ਹੀ ਦੂਰ ਲਾਹੌਰ ਹੈ, ਉਥੇ ਵੀ ਦੇਸ਼ਵੰਡ ਤੋਂ ਪਹਿਲਾਂ ਤੇ ਬਾਅਦ ਵਿੱਚ ਵੀ ਪੰਜਾਬੀ, ਉਰਦੂ ਅਖਬਾਰਾਂ, ਰਸਾਲਿਆਂ ਦਾ ਗੜ੍ਹ ਰਿਹਾ ਹੈ। ਅੰਮ੍ਰਿਤਸਰ ਵਿੱਚ ਰਸਾਲਿਆਂ, ਅਖਬਾਰਾਂ ਨੂੰ ਛਾਪਣ ਲਈ ਪ੍ਰਿੰਟਿੰਗ ਪ੍ਰੈੱਸਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਨ੍ਹਾਂ ਤੋਂ ਸਮਾਜਿਕ ਕਾਰ ਵਿਹਾਰਾਂ ਨਾਲ ਸਬੰਧਤ ਸਮੱਗਰੀ ਵੀ ਛਪਦੀ ਸੀ। ਇਨ੍ਹਾਂ ਨੂੰ ਛਾਪਣ ਵਾਲੀਆਂ ਪ੍ਰੈੱਸਾਂ ਜਿਵੇਂ ਵਜ਼ੀਰ ਹਿੰਦ ਪ੍ਰੈੱਸ ਹਾਲ ਬਜ਼ਾਰ, ਸਨਾਤਨ ਧਰਮ ਪ੍ਰੈੱਸ ਚੌਂਕ ਬਿਜਲੀ, ਸਾਖ਼ੀ ਪ੍ਰਿੰਟਿੰਗ ਪ੍ਰੈੱਸ ਧੋਬੀਆਂ ਵਾਲਾ ਬਜ਼ਾਰ, ਸ਼ਾਂਤ ਪ੍ਰਿੰਟਿੰਗ ਪ੍ਰੈੱਸ ਸੁਲਤਾਨਵਿੰਡ ਰੋਡ, ਕਲਕੱਤਾ ਪ੍ਰਿੰਟਿੰਗ ਪ੍ਰੈੱਸ, ਨਿਊ ਕਲਕੱਤਾ ਪ੍ਰਿੰਟਿੰਗ ਪ੍ਰੈੱਸ ਚੌਂਕ ਕਰੋੜੀ ਹੁੰਦੀਆਂ ਸਨ।

ਗੁਰਸੇਵਕ ਪ੍ਰਿੰਟਿੰਗ ਪ੍ਰੈੱਸ ਯਤੀਮਖਾਨਾ ਪੁਤਲੀਘਰ, ਸ਼ਿਮਲਾ ਪ੍ਰੈੱਸ ਭੰਡਾਰੀ ਪੁਲ ਦੇ ਥੱਲੇ, ਰਿਪਬਲਿਕ ਪ੍ਰੈੱਸ ਬ੍ਰਹਮਬੂਟਾ ਮਾਰਕੀਟ, ਸਤਪਾਲ ਪ੍ਰਿੰਟਿੰਗ ਪ੍ਰੈੱਸ ਚੌਂਕ ਕਰੋੜੀ, ਗੁਰਰਤਨ ਪ੍ਰਿੰਟਿੰਗ ਪ੍ਰੈੱਸ ਅਜੀਤ ਨਗਰ, ਪੰਜਾਬ ਪ੍ਰਿੰਟਿੰਗ ਪ੍ਰੈੱਸ ਨੇੜੇ ਕੋਤਵਾਲੀ, ਗੰਭੀਰ ਪ੍ਰਿੰਟਿੰਗ ਪ੍ਰੈੱਸ ਚੌਂਕ ਬਾਬਾ ਭੌੜੀਵਾਲਾ, ਗਿਆਨੀ ਪ੍ਰਿੰਟਿੰਗ ਪ੍ਰੈੱਸ ਘੰਟਾਘਰ ਸ੍ਰੀ ਦਰਬਾਰ ਸਾਹਿਬ, ਸਪੈਸ਼ਲ ਪ੍ਰਿੰਟਿੰਗ ਪ੍ਰੈੱਸ ਧੋਬੀਆਂ ਬਜ਼ਾਰ, ਤੇਜ਼ ਪ੍ਰਿੰਟਿੰਗ ਪ੍ਰੈੱਸ ਕਟੜਾ ਸ਼ੇਰ ਸਿੰਘ, ਡਾਨ ਪ੍ਰਿੰਟਿੰਗ ਪ੍ਰੈੱਸ ਕਟੜਾ ਸ਼ੇਰ ਸਿੰਘ, ਇਸਕਾਰਟ ਪ੍ਰਿੰਟਿੰਗ ਪ੍ਰੈੱਸ ਨੇੜੇ ਗੰਗਾ ਬਿਲਡਿੰਗ ਪੁਤਲੀਘਰ, ਸ਼ਰਨ ਪ੍ਰਿੰਟਿੰਗ ਪ੍ਰੈੱਸ ਬਿਜਲੀ ਵਾਲਾ ਚੌਂਕ, ਜੇ.ਐਚ. ਪ੍ਰਿੰਟਿੰਗ ਪ੍ਰੈੱਸ ਟੈਲੀਫੋਨ ਐਕਸਚੇਂਜ਼, ਗੁਰਮਤਿ ਪ੍ਰਿੰਟਿਰਜ਼ ਪ੍ਰੈੱਸ ਛੇਹਰਟਾ, ਭਾਈ ਚਤਰ ਸਿੰਘ, ਜੀਵਨ ਸਿੰਘ ਪ੍ਰਿੰਟਰਜ਼ ਈਸਟ ਮੋਹਨ ਨਗਰ 1880, ਪ੍ਰਿੰਟਵੈਲ ਫੋਕਲ ਪੁਆਇੰਟ 1994, ਗੋਲਡਨ ਆਫਸੈਟ ਪ੍ਰੈੱਸ ਰਾਮਸਰ ਰੋਡ, ਨਗਰ ਨਿਗਮ ਅੰਮ੍ਰਿਤਸਰ ਪ੍ਰਿੰਟਿੰਗ ਪ੍ਰੈੱਸ ਰਾਮ ਬਾਗ਼ 1930, ਸ਼੍ਰੋਮਣੀ ਪ੍ਰਿੰਟਿੰਗ ਪ੍ਰੈੱਸ, ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਆਦਿ ਸਨ ਤੇ ਹਨ। ਇਨ੍ਹਾਂ ਵਿਚੋਂ ਹੁਣ ਬਹੁਤ ਸਾਰੀਆਂ ਪ੍ਰੈੱਸਾਂ ਕਿੱਤਾ ਤਬਦੀਲੀ ਹੋਣ ਕਾਰਨ ਬੰਦ ਹੋ ਚੁੱਕੀਆਂ ਹਨ।





ਸਦੀ ਪੁਰਾਣੀ ਬ੍ਰਿਟਿਸ਼ ਯੁੱਗ ਦੀ ਪ੍ਰਿੰਟਿੰਗ ਪ੍ਰੈਸ, ਜੋ ਅੰਮ੍ਰਿਤਸਰ ਦੇ ਰਾਮ ਬਾਗ ਵਿੱਚ ਪਈ ਹੈ

**ਅਖਬਾਰ:** ਅਖਬਾਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਦਿ ਵਕੀਲ ਅੰਮ੍ਰਿਤਸਰ (ਰੋਜ਼ਾਨਾ ਉਰਦੂ ਈਵਨਿੰਗ), ਗੁਰੂ ਕਾ ਬਾਗ, ਖ਼ਾਲਸਾ; ਜਸਟਿਸ ਗੁਰਨਾਮ ਸਿੰਘ ਨੇ ਪ੍ਰਭਾਤ ਕੱਢਿਆ ਪਰ ਉਸ ਦਾ ਨਾਂ ਬਦਲ ਕੇ ਪ੍ਰਭਾਵ ਕਰ ਦਿਤਾ ਗਿਆ। ਸਿਆਸੀ ਜੰਗ (ਰੋਜ਼ਾਨਾ ਈਵਨਿੰਗ) ਸੰਪਾਦਕ ਜਸਪਾਲ ਸ਼ਰਮਾ, ਗ਼ਰਦਸ਼-ਏ-ਆਮ (ਰੋਜ਼ਾਨਾ ਉਰਦੂ ਈਵਨਿੰਗ), ਗੜਗੱਜ, ਬੱਬਰਸ਼ੇਰ, ਸ਼ੇਰੇ ਪੰਜਾਬ।

ਸੰਤ ਸਿਪਾਹੀ (ਮਾਸਿਕ) ਅਕਾਲੀ ਆਗੂ ਮਾ: ਤਾਰਾ ਸਿੰਘ ਵੱਲੋਂ ਸ਼ੁਰੂ ਕੀਤਾ ਗਿਆ ਸੀ, ਜਿਸ ਨੂੰ ਉਨ੍ਹਾਂ ਦੀ ਧੀ ਡਾ. ਰਾਜਿੰਦਰ ਕੌਰ ਨੇ ਨਿਰੰਤਰ ਜਾਰੀ ਰੱਖਿਆ, ਉਨ੍ਹਾਂ ਤੋਂ ਬਾਅਦ ਗਿਆਨੀ ਭਗਤ ਸਿੰਘ, ਸ. ਕੰਵਲਜੀਤ ਸਿੰਘ ਵਿੰਗ ਕਮਾਂਡਰ, ਸ. ਮਨਜੀਤ ਸਿੰਘ, ਸ. ਗੁਰਚਰਨਜੀਤ ਸਿੰਘ ਲਾਂਬਾ ਐਡਵੋਕੇਟ, ਸਮੇਂ ਸਮੇਂ ਚਲਾਉਂਦੇ ਰਹੇ ਹਨ, ਅੱਜ ਕੱਲ੍ਹ ਇਹ ਬੰਦ ਹੈ। ਨਈਂ ਲਹਿਰ (ਉਰਦੂ ਸਪਤਾਹਿਕ) ਸੰਪਾਦਕ ਓਮ ਪ੍ਰਕਾਸ਼ ਸੋਨੀ, ਸੱਚਾ ਆਗੂ (ਪੰਦਰਵਾੜਾ) ਸੰਪਾਦਕ ਸ. ਭਾਨ ਸਿੰਘ ਖੋਜੀ, ਜੋ ਸ. ਗੁਰਦਿਆਲ ਸਿੰਘ ਪੱਤਰਕਾਰ ਦੇ ਪਿਤਾ ਸਨ; ਨਿਰਗੁਣੀਆਰਾ (ਮਾਸਿਕ) ਭਾਈ ਵੀਰ ਸਿੰਘ ਵੱਲੋਂ ਗੁਰਮਤਿ ਤੇ ਲਿੱਖੇ ਟ੍ਰੈਕਟ, ਜੋ ਬਾਅਦ ਵਿੱਚ ਚੀਫ ਖਾਲਸਾ ਦੀਵਾਨ ਵੱਲੋਂ ਖਾਲਸਾ ਟ੍ਰੈਕਟ ਸੁਸਾਇਟੀ ਬਣਾਈ ਗਈ ਤੇ ਇਸ ਸੁਸਾਇਟੀ ਵੱਲੋਂ ਨਿਰਗੁਣੀਆਰਾ ਮਾਸਿਕ ਪੱਤਰ ਪ੍ਰਕਾਸ਼ਤ ਕੀਤਾ ਜਾਂਦਾ ਸੀ।

ਭਾਈ ਵੀਰ ਸਿੰਘ ਤੇ ਹੋਰ ਉਘੇ ਧਾਰਮਿਕ ਵਿਦਵਾਨਾਂ ਦੀਆਂ ਲਿਖਤਾਂ ਨੂੰ ਸੰਪਾਦਨ ਕਰਕੇ ਪ੍ਰਕਾਸ਼ਤ ਕੀਤਾ ਜਾਂਦਾ ਰਿਹਾ। ਇਹ ਸਾਦਾ ਜਿਹਾ ਛਪਦਾ ਸੀ। ਦੀਵਾਨ ਵੱਲੋਂ ਇਸ ਨੂੰ ਨਵੀਆਂ ਲੀਹਾਂ 'ਤੇ ਚਲਾਉਣ ਲਈ ਉਚੇਚੇ ਤੌਰ 'ਤੇ ਗੁਰਮਤਿ ਦੇ ਉਘੇ ਵਿਦਵਾਨ ਬੇਦੀ ਲਾਲ ਸਿੰਘ ਸਾਹਿਤਕਾਰ ਦੀਆਂ ਸੇਵਾਵਾਂ ਲਈਆਂ ਗਈਆਂ। ਬੇਦੀ ਲਾਲ ਸਿੰਘ ਸਾਹਿਤਕਾਰ ਨੇ ਢਾਈ ਦਹਾਕਿਆਂ ਤੋਂ ਵੱਧ ਇਸ ਨਿਰਗੁਣੀਆਰਾ (ਮਾਸਿਕ ਪੱਤਰ) ਦੀ ਸੰਪਾਦਨਾ ਕਰ ਨਵੀਂ ਦਿੱਖ ਨਾਲ ਆਮ ਲੋਕਾਂ ਤੀਕ ਇਸ ਪਰਚੇ ਨੂੰ ਪਹੁੰਚਾਇਆ। ਇਸ ਦੇ ਵਿਸ਼ੇਸ਼ ਅੰਕ, ਸ਼ਤਾਬਦੀਆਂ ਸਮਰਪਿਤ ਨਿਕਲੇ। ਫਿਰ ਡਾ. ਕੁਲਵੰਤ ਸਿੰਘ ਨੇ ਕੁੱਝ ਸਮਾਂ ਸੰਪਾਦਕ ਕੀਤਾ। ਬਾਅਦ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਇਸ ਚਾਂਸਲਰ ਡਾ. ਐਸ.ਪੀ. ਸਿੰਘ ਚੀਫ ਖਾਲਸਾ ਦੀਵਾਨ ਦੇ ਮੈਂਬਰ ਬਣੇ ਤਾਂ ਫਿਰ ਮੈਂਬਰ ਇੰਚਾਰਜ਼ ਤੇ ਮੁੱਖ ਸੰਪਾਦਕ ਵਜੋਂ ਡਾ. ਐਸ.ਪੀ. ਸਿੰਘ, ਸੰਪਾਦਕ ਡਾ. ਜਸਬੀਰ ਸਿੰਘ ਸਾਬਰ, ਡਾ. ਹਰਚੰਦ ਸਿੰਘ ਬੇਦੀ ਰਹੇ।

ਪ੍ਰਭਾਤ ਫਾਈਨਾਂਸ ਵੱਲੋਂ ਆਰ.ਐਸ. ਢਿੱਲੋਂ ਵੱਲੋਂ ਪ੍ਰਭਾਤ ਟਾਇਮਜ਼ ਕੱਢਿਆ ਗਿਆ, ਜਿਸ ਦੇ ਸੰਪਾਦਕ ਮੌਜਾ ਸਿੰਘ ਹਮਦਰਦ, ਦਿਲਜੀਤ ਸਿੰਘ ਬੇਦੀ ਬਣੇ; ਕਈ ਹੋਰ ਸਹਾਇਕ ਸੰਪਾਦਕ ਵੀ ਸਨ। ਕਾਨੂੰਨੀ ਸ਼ਿਕੰਜ਼ਾ ਸੰਪਾਦਕ ਸੁਮਿੱਤਰ ਰਾਏ, ਖ਼ਾਲਸਾ ਸਮਾਚਾਰ ਸਪਤਾਹਿਕ, ਹਾਲ ਬਜ਼ਾਰ ਅੰਮ੍ਰਿਤਸਰ, ਸੰਪਾਦਕ ਐਸ.ਐਸ. ਅਮੋਲ ਤੇ ਸ. ਮਨਜੀਤ ਸਿੰਘ ਸੰਪਾਦਕ ਵਜੋਂ ਸੇਵਾ ਨਿਭਾਉਂਦੇ ਰਹੇ। ਅੱਜ ਕੱਲ੍ਹ ਇਹ ਪਰਚਾ ਦਿੱਲੀ ਤੋਂ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਪ੍ਰਕਾਸ਼ਤ ਹੋ ਰਿਹਾ ਹੈ। ਖਾਲਸਾ ਐਡਵੋਕੇਟ ਸਪਤਾਹਿਕ, ਚੀਫ ਖਾਲਸਾ ਦੀਵਾਨ ਦਾ ਧਾਰਮਿਕ ਤੇ ਸਿਆਸੀ ਬੁਲਾਰਾ ਪੇਪਰ ਹੈ, ਇਸ ਦੇ ਸੰਪਾਦਕ ਪ੍ਰੋ. ਮਹਿੰਦਰ ਪਾਲ ਸਿੰਘ, ਪ੍ਰੋ. ਹਰੀ ਸਿੰਘ ਸੰਧੂ, ਬੇਦੀ ਲਾਲ ਸਿੰਘ ਸਾਹਿਤਕਾਰ, ਡਾ. ਐਸ.ਪੀ. ਸਿੰਘ, ਡਾ. ਜਸਬੀਰ ਸਿੰਘ ਸਾਬਰ, ਡਾ. ਹਰਚੰਦ ਸਿੰਘ ਬੇਦੀ ਰਹੇ ਹਨ। ਵਰਤਮਾਨ (ਸਪਤਾਹਿਕ), ਫਰੰਟੀਏਅਰ ਮੇਲ (ਸਪਤਾਹਿਕ)। ਅੰਮ੍ਰਿਤਸਰ ਟਾਇਮਜ਼ (ਸਪਤਾਹਿਕ) ਸੰਪਾਦਕ ਸੁਖਦੇਵ ਸਿੰਘ ਧੁੰਨਾ, ਤਰਨਤਰਨ ਤੋਂ ਕੌਮੀ ਜੀਵਨ (ਸਪਤਾਹਿਕ) ਸੰਪਾਦਕ ਰੰਗਾ ਸਿੰਘ ਪਾਂਧੀ, ਫੁੱਲ ਪੱਥਰ (ਸਪਤਾਹਿਕ) ਸੰਪਾਦਕ ਸ. ਤਰਲੋਚਨ ਸਿੰਘ।

ਸੁਰਤਿ-ਤ੍ਰੈਮਾਸਿਕ ਗੁਰਬੀਰ ਬਰਾੜ, ਆਤਮ ਸਿੰਘ ਰੰਧਾਵਾ, ਅਜੋਕੇ ਸਿਲਾਲੇਖ ਸੰਪਾਦਕ ਡਾ. ਜੋਗਿੰਦਰ ਕੈਰੋਂ, ਸਿਫਤ ਸਲਾਹ (ਮਾਸਿਕ) ਬੀਬੀ ਕੌਲਾਂ ਜੀ ਭਲਾਈ ਕੇਂਦਰ ਚੈਰੀਟੇਬਲ ਟਰੱਸਟ ਵੱਲੋਂ ਸੰਪਾਦਕ ਭਾਈ ਗੁਰਇਕਬਾਲ ਸਿੰਘ; ਆਤਮ ਰੰਗ, ਖੰਡੇਧਾਰ, ਸੂਰਾ ਮਾਸਿਕ, ਨਿਰੋਲ ਧਾਰਮਿਕ ਪਰਚੇ ਸਨ ਜੋ ਬੰਦ ਹੋ ਚੁੱਕੇ ਹਨ। ਸਿੰਘ ਸਭਾ ਪੱਤ੍ਰਕਾ ਪਹਿਲਾਂ ਅੰਮ੍ਰਿਤਸਰ ਤੇ ਹੁਣ ਚੰਡੀਗੜ੍ਹ ਤੋਂ ਨਿਕਲ ਰਿਹਾ ਹੈ। ਖਾਲਸਾ ਕਾਲਜ ਵੱਲੋਂ ਦਰਬਾਰ ਮੈਗਜ਼ੀਨ ਅਤੇ ਬੀ.ਬੀ.ਕੇ. ਡੀ.ਏ.ਵੀ. ਕਾਲਜ ਵੱਲੋਂ ਸਾਸੀ, ਇਸੇ ਤਰ੍ਹਾਂ ਸਾਰੇ ਸਕੂਲਾਂ-ਕਾਲਜਾਂ ਵੱਲੋਂ ਵੀ ਸਾਲਾਨਾ ਮੈਗਜ਼ੀਨ ਛਾਪੇ ਜਾ ਰਹੇ ਹਨ, ਜਿਨ੍ਹਾਂ ਵਿੱਚ ਵਿਦਿਆਰਥੀਆਂ ਦੀਆਂ ਰਚਨਾਵਾਂ ਪ੍ਰਕਾਸ਼ਤ ਹੁੰਦੀਆਂ ਹਨ। ਗੁਲ-ਏ-ਗੁਲਦਸਤਾ (ਸਪਤਾਹਿਕ) ਸੰਪਾਦਕ ਗੁਰਦਿਆਲ ਸਿੰਘ ਕੋਟ ਖਾਲਸਾ ਤੋਂ, ਸਿੱਖ ਨਿਊਜ਼ (ਸਪਤਾਹਿਕ) ਸੰਪਾਦਕ ਭੁਪਿੰਦਰ ਸਿੰਘ ਜੱਜ, ਪੰਜਾਬ ਬੋਲਿਆ (ਸਪਤਾਹਿਕ) ਸੰਪਾਦਕ ਮੌਜਾ ਸਿੰਘ ਹਮਦਰਦ, ਰੋਸ਼ਨਾਈ (ਸਪਤਾਹਿਕ) ਸੰਪਾਦਕ ਇੰਦਰਜੀਤ ਸਿੰਘ, ਸਹਾਇਕ ਸੰਪਾਦਕ ਸੁਰਜੀਤ ਸਿੰਘ ਰਾਹੀ; ਉਨਤ ਪੰਜਾਬ (ਸਪਤਾਹਿਕ) ਸੰਪਾਦਕ ਸ਼ਿੰਗਾਰਾ ਸਿੰਘ ਪਰਵਾਨਾ, ਮਾਨਸਰੋਵਰ (ਸਪਤਾਹਿਕ) ਮਾਲਕ/ਸੰਪਾਦਕ ਸੰਤੋਖ ਸਿੰਘ ਤਪੱਸਵੀ, ਜਲਤਰੰਗ (ਸਪਤਾਹਿਕ) ਸੰਪਾਦਕ ਅਵਤਾਰ ਸਿੰਘ ਦੀਪਕ ਤੇ ਅਨਵੰਤ ਕੌਰ।

ਕੰਵਲ ਮਾਸਿਕ ਨਿਰੋਲ ਸਾਹਿਤਕ ਸੰਪਾਦਕ ਅਨਵੰਤ ਕੌਰ, ਅੱਖ਼ਰ ਮਾਸਿਕ ਸੰਪਾਦਕ ਪ੍ਰਮਿੰਦਰਜੀਤ- ਇਹ ਪਹਿਲਾਂ ਪ੍ਰੀਤ ਨਗਰ ਤੋਂ ਨਿਕਲਦਾ ਰਿਹਾ, ਫਿਰ ਅੰਮ੍ਰਿਤਸਰ ਆ ਗਿਆ ਤੇ ਅੱਜ ਕੱਲ੍ਹ ਅੱਖਰ ਨੂੰ ਵਿਸ਼ਾਲ ਬਿਆਸ ਵਾਲਾ ਸੰਪਾਦਿਤ ਕਰ ਰਿਹਾ ਹੈ। ਸਾਹਿਤਕਾਰ ਮਾਸਿਕ ਮਾਲਕ/ਸੰਪਾਦਕ ਗੁਰਬਚਨ ਸਿੰਘ ਭੂਈ, ਮਾਨ ਸਰੋਵਰ ਮਾਸਿਕ ਸੰਤੋਖ ਸਿੰਘ ਤਪੱਸਵੀ, ਆਲ ਇੰਡਿਆ ਸਿੱਖ ਸਟੂਡੈਂਟ ਦਾ ਬੁਲਾਰਾ ਪਰਚਾ ਸ਼ਮਸੀਰ-ਏ-ਦਸਤ ਮਾਸਿਕ ਮੁਖ ਸੰਪਾਦਕ ਭਾਈ ਅਮਰੀਕ ਸਿੰਘ, ਸੰਪਾਦਕ ਹਰਮਿੰਦਰ ਸਿੰਘ ਸੰਧੂ। ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ ਬੇਦੀ ਤੇ ਬਾਅਦ ਵਿੱਚ ਡਾ. ਸੁਖਪ੍ਰੀਤ ਸਿੰਘ ਉਦੋਕੇ ਨੇ ਵੀ ਇੱਕ ਦੋ ਅੰਕ ਕੱਢੇ ਹਨ।

ਲੋਅ ਮਾਸਿਕ ਮੁੱਖ ਸੰਪਾਦਕ ਅਮਰੀਕ ਸਿੰਘ ਅਮਨ, ਸੰਪਾਦਕ ਪ੍ਰਮਿੰਦਰਜੀਤ; ਫਤਿਹਨਾਮਾ ਮਾਸਿਕ ਸੰਪਾਦਕ ਰਣਜੀਤ ਸਿੰਘ, ਬਲਵਿੰਦਰ ਸਿੰਘ ਕਾਲਾ; ਵੰਗਾਰ ਮਾਸਿਕ ਸੰਪਾਦਕ ਬਲਜੀਤ ਸਿੰਘ ਖਾਲਸਾ, ਸਿੰਘ ਗਰਜ਼ ਮਾਸਿਕ ਬੰਦ ਹੋ ਚੁੱਕਾ ਹੈ। ਪੱਤਰ ਮੁਖ ਸੰਪਾਦਕ ਰਾਜਨਦੀਪ ਸਿੰਘ, ਸੰਪਾਦਕ ਚਰਨਜੀਤ ਸਿੰਘ; ਜ਼ਿੰਦਾ ਜ਼ਮੀਰ ਮਾਸਿਕ ਸੰਪਾਦਕ ਗੁਰਨਾਮ ਸਿੰਘ ਬੰਡਾਲਾ; ਕਕਨੂਸ ਮਾਸਿਕ- ਇਹ ਨਿਰੋਲ ਸਾਹਿਤਕ ਰਸਾਲਾ ਸੀ ਤੇ ਹੱਥ ਲਿਖਤ ਨਾਲ ਤਿਆਰ ਹੁੰਦਾ ਸੀ ਸੰਪਾਦਕ ਦਿਲਜੀਤ ਸਿੰਘ ਬੇਦੀ, ਮਨਮੋਹਣ ਸਿੰਘ ਢਿੱਲੋਂ। ਫਿਲਮੀ ਸੰਸਾਰ ਮਾਸਿਕ ਸੰਪਾਦਕ ਭਾਈ ਚਤਰ ਸਿੰਘ ਜੀਵਨ ਸਿੰਘ, ਉਰਵਸ਼ੀ ਮਾਸਿਕ ਸੰਪਾਦਕ ਦਵਿੰਦਰ ਸਿੰਘ ਪਾਂਧੀ, ਭਗਤ ਪੂਰਨ ਸਿੰਘ ਵੱਲੋਂ ਚਲਾਏ ਜਾਂਦੇ ਪੱਤਰ 'ਪਿੰਗਲਵਾੜਾ ਦਰਪਣ' (ਮਾਸਿਕ), ਪਿੰਗਲਵਾੜਾ ਕਰੰਟ ਅਫੇਅਰ ਇੰਗਲਿਸ਼, ਜੀਵਨ ਲਹਿਰ। ਸ਼੍ਰੋਮਣੀ ਕਮੇਟੀ ਵੱਲੋਂ ਛਪਦੇ ਮਾਸਿਕ ਪੱਤਰ, ਗੁਰਦੁਆਰਾ ਗਜਟ ਮਾਸਿਕ, ਗੁਰਮਤਿ ਪ੍ਰਕਾਸ਼ ਮਾਸਿਕ, ਸ਼੍ਰੋਮਣੀ ਬੁਲੇਟਿਨ ਮਾਸਿਕ, ਸ਼੍ਰੋਮਣੀ ਸੇਵਾ ਸਰਗਰਮੀਆਂ ਮਾਸਿਕ।

ਪ੍ਰੀਤ ਨਗਰ ਤੋਂ ਬਾਲ ਸੰਦੇਸ਼ ਮਾਸਿਕ, ਸੰਪਾਦਕ ਹਿਰਦੇਪਾਲ ਸਿੰਘ, ਪ੍ਰੀਤ ਲੜੀ ਮਾਸਿਕ ਸੰਪਾਦਕ ਸ. ਗੁਰਬਖਸ਼ ਸਿੰਘ, ਸ. ਨਵਤੇਜ ਸਿੰਘ, ਸੁਮੀਤ ਸਿੰਘ ਹੁਣ ਸ੍ਰੀਮਤੀ ਪੂਨਮ ਸਿੰਘ ਕੱਢ ਰਹੇ ਹਨ। ਲੋਕ ਸਾਹਿਤ ਮਾਸਿਕ ਸ. ਨਾਨਕ ਸਿੰਘ 1959 ਦੇ ਲਗਭਗ ਪ੍ਰੀਤ ਨਗਰ ਤੋਂ ਕੱਢਦੇ ਰਹੇ, ਬਾਅਦ ਵਿੱਚ ਇਸ ਦੇ ਸੰਪਾਦਕ ਕੁਲਵੰਤ ਸਿੰਘ ਸੂਰੀ ਤੇ ਸਹਾਇਕ ਸੰਪਾਦਕ ਸੁਜਾਨ ਸਿੰਘ ਬਣੇ ਤੇ ਇਹ ਭਾਈ ਵੀਰ ਸਿੰਘ ਮਾਰਕਿਟ ਪੁਤਲੀਘਰ ਤੋਂ ਪ੍ਰਕਾਸ਼ਤ ਹੁੰਦਾ ਸੀ। ਮਜ਼ਦੂਰ ਕਿਸਾਨ ਅੰਮ੍ਰਿਤਸਰ (ਛਿਮਾਹੀ) ਸੰਪਾਦਕ ਰਤਨ ਸਿੰਘ 1931, ਦਰਵੇਸ਼ ਮਾਸਿਕ ਸਾਹਿਤਕ ਸੰਪਾਦਕ ਮੁਖਤਾਰ ਗਿੱਲ, ਰਚਨਾ ਮਾਸਿਕ ਸਾਹਿਤਕ 1972-73 ਸੰਪਾਦਕ ਮੁਖਤਾਰ ਗਿੱਲ, ਹਰਿਆਵਲ ਦਸਤਾ ਮਾਸਿਕ ਸੰਪਾਦਕ ਬਲਦੇਵ ਸਿੰਘ ਮਾਨ, ਸੁਰਖ਼ ਰੇਖਾ ਮਾਸਿਕ, ਅੰਕੁਰ ਮਾਸਿਕ ਸੰਪਾਦਕ ਐਸ. ਪ੍ਰਸ਼ੋਤਮ, ਤਰਕਸ਼ ਮਾਸਿਕ (ਸਿਆਸੀ ਪਰਚਾ) ਸੰਪਾਦਕ ਕੁਲਵੰਤ ਸਿੰਘ ਮਾਂਗਟ, ਸਿਆਸਤ ਤੇ ਧਰਮ ਮਾਸਿਕ ਮਾਲਕ/ਸੰਪਾਦਕ ਸਤਨਾਮ ਸਿੰਘ ਕੰਡਾ, ਸੰਪਾਦਕ ਦਿਲਜੀਤ ਸਿੰਘ ਬੇਦੀ (1991-1992), ਰਾਹ ਦਸੇਰਾ ਮਾਸਿਕ ਸੰਪਾਦਕ ਕੁਲਦੀਪ ਸਿੰਘ ਅਰਸ਼ੀ, ਮੁਟਿਆਰ ਮਾਸਿਕ 1971-1972 ਸੰਪਾਦਕ ਇੰਦਰਜੀਤ ਕੌਰ ਸਿੱਧੂ, ਸੰਪਾਦਕ ਪ੍ਰੀਤਮ ਲੋਹਕਾ ਤੇ ਸਹਾਇਕ ਸੰਪਾਦਕ ਐਸ. ਪ੍ਰਸ਼ੋਤਮ; ਦੀਪਕ ਤ੍ਰੈਮਾਸਿਕ ਸੰਪਾਦਕ ਨਿਸ਼ਾਨ ਸਿੰਘ ਜੌਹਲ, ਰਾਗ ਤ੍ਰੈਮਾਸਿਕ ਸਾਹਿਤਕ ਪਰਚਾ ਹੈ, ਇਸ ਦੇ ਮੁਖ ਸੰਪਾਦਕ ਇੰਦਰਜੀਤ ਪੁਰੇਵਾਲ ਤੇ ਸੰਪਾਦਕ ਪਰਮਜੀਤ ਸਿੰਘ ਦਿਓਲ ਹਨ। ਇਹ ਛੱਪਦਾ ਅੰਮ੍ਰਿਤਸਰ ਤੋਂ ਹੈ, ਪਰ ਦਫਤਰ ਇਸ ਦਾ ਨਿਊਯਾਰਕ ਯੂ.ਐਸ.ਏ. ਵਿੱਚ ਹੈ।

ਪੰਜਾਬ ਮੋਨਿਟਰ ਤ੍ਰੈਮਾਸਿਕ ਸੰਪਾਦਕ ਭਬੀਸ਼ਣ ਸਿੰਘ ਗੁਰਾਇਆ, ਮੇਘਲਾ ਤ੍ਰੈਮਾਸਿਕ ਚੋਗਾਵਾਂ ਤੋਂ ਸੰਪਾਦਕ ਜਤਿੰਦਰ ਔਲਖ, ਸਤਰੰਗੀ ਤ੍ਰੈਮਾਸਿਕ ਸਾਹਿਤਕ ਮੁਖ ਸੰਪਾਦਕ ਮਨਮੋਹਣ ਸਿੰਘ ਬਾਸਰਕੇ, ਸੰਪਾਦਕ ਜਸਬੀਰ ਸਿੰਘ ਝਬਾਲ, ਸਹਾਇਕ ਸੰਪਾਦਕ ਜਸਵਿੰਦਰ ਸਿੰਘ ਢਿੱਲੋਂ, ਹਿੰਮਤ ਮਾਸਿਕ ਪੱਤਰ ਗਿਆਨੀ ਤਰਲੋਕ ਸਿੰਘ, ਰੋਜ਼ਾਨਾ ਨਿਰਭੈਅ ਅਤੇ ਰੋਜ਼ਾਨਾ ਡਾਕਟਰ ਸੰਪਾਦਕ ਡਾ. ਹਰੀ ਸਿੰਘ ਸਨ; ਕੌਮੀ ਬੁਲਾਰਾ ਸੰਪਾਦਕ ਅਮਰਨਾਥ ਵਰਮਾ, ਅਸ਼ੋਕ ਵਰਮਾ। ਅਣਖੀ ਯੋਧਾ ਮਾਸਿਕ ਸੰਪਾਦਕ ਮਨਪ੍ਰੀਤ ਸਿੰਘ ਜੱਸੀ, ਫਿਲਮੀ ਦੁਨੀਆਂ, ਫਿਲਮੀ ਕਲੀਆਂ, ਚਿੱਤਰਹਾਰ ਵਰਗੇ ਰਸਾਲੇ ਛਪਦੇ ਰਹੇ। ਹੁਣ ਵੀ ਅੰਮ੍ਰਿਤਸਰ ਤੋਂ ਪੰਜਾਬੀ ਸਕਰੀਨ ਮਾਸਿਕ ਸ. ਦਲਜੀਤ ਸਿੰਘ ਅਰੋੜਾ ਪਿਛਲੇ 15 ਸਾਲ ਤੋਂ ਚਲਾ ਰਹੇ ਹਨ। ਰੰਗਕਰਮੀ ਮਾਸਿਕ ਸੰਪਾਦਕ ਸਤਨਾਮ ਸਿੰਘ ਮੂਧਲ, ਕੌਮੀ ਸਵਤੰਤਰਤਾ ਪ੍ਰਿਥੀਪਾਲ ਅਠੋਲਾ ਬਾਬਾ ਬਕਾਲਾ ਤੋਂ ਬੰਦ ਹੋ ਚੁੱਕਾ ਹੈ। ਏਕਮ ਤ੍ਰੈਮਾਸਿਕ ਸੰਪਾਦਕ ਅਰਤਿੰਦਰ ਕੌਰ ਸੰਧੂ, ਇਤਿਹਾਸ ਬੋਲਦਾ ਰੰਗਰੇਟੇ ਗੁਰੂ ਕੇ ਬੇਟੇ ਅਮਰੀਕ ਸਿੰਘ ਸ਼ੇਰ ਗਿੱਲ, ਸੰਪਾਦਕ ਧਰਮਿੰਦਰ ਔਲਖ, ਸਾਹਿਤ ਸਭਾ ਚੋਗਾਵਾਂ ਵੱਲੋਂ ਨਵੀਂ ਰੋਸ਼ਨੀ ਕੱਢਿਆ ਜਾਂਦਾ ਸੀ।

ਜਦੋਂਜਾਹਿਦ ਸਪਤਾਹਿਕ, ਕੌਮੀ ਟਾਇਮਜ਼

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਬਾਬੂ

## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ:+91-8847610125



ਪੰਜਾਬੀ ਕੋਸ਼ ਅਨੁਸਾਰ ਹਿੰਦੀ, ਗੁਜਰਾਤੀ, ਬੰਗਾਲੀ, ਅਸਾਮੀ ਵਿੱਚ ਬਾਬੂ ਸ਼ਬਦ ਵਰਤਿਆ ਜਾਂਦਾ ਹੈ, ਜਦ ਕਿ ਕੰਨੜ ਵਿੱਚ- ਬਬ। ਇਹ ਇੱਕ ਆਦਰ ਸੂਚਕ ਸ਼ਬਦ ਹੈ। ਕਲਰਕ, ਮੁਨਸ਼ੀ, ਦਫਤਰ ਦਾ ਕਰਮਚਾਰੀ, ਪਿਓ, ਪਿਤਾ, ਬੱਚਾ, ਮਿੱਤਰ, ਭਾਈ, ਘਰ ਦਾ ਮਾਲਕ (ਮੰਗਤਿਆਂ ਦੀ ਬੋਲੀ ਵਿਚ); ਬਾਬੂਆਣੀ- ਬਾਬੂ ਦੀ ਵਹੁਟੀ, ਬਾਬੂਗਿਰੀ- ਬਾਬੂ ਦਾ ਕੰਮ, ਮੁਨਸ਼ੀਪੁਣਾ, ਕਲਰਕੀ, ਸ਼ੁਕੀਨੀ। ਪੰਜਾਬੀ ਵਿੱਚ ਬਾਬੂ ਲਈ ਬਾਊ ਜੀ ਆਦਰ ਸੂਚਕ ਵੀ ਪ੍ਰਚਲਤ ਹੈ, ਜੋ ਪਿਤਾ ਲਈ ਵਰਤਿਆ ਜਾਂਦਾ ਹੈ। ਸ. ਨਾਨਕ ਸਿੰਘ ਨਾਵਲਿਸਟ ਹੋਰਾਂ ਨੂੰ ਸਾਰੇ 'ਬਾਊ ਜੀ' ਕਹਿੰਦੇ ਸਨ। ਬਾਬੂ ਦਾ ਇੱਕ ਹੋਰ ਅਰਥ ਸਰ ਦੇ ਕਾਨਿਆਂ ਉਪਰਲਾ ਬੁਰਦਾਰ ਸਿੱਟਾ ਵੀ ਕੀਤਾ ਜਾਂਦਾ ਹੈ, ਮਕਈ ਦੇ ਉਪਰਲੇ ਵਾਲ, ਬਾਬੂ ਆਉਣੇ ਜਾਂ ਬਾਬੂ ਨਿਕਲਣੇ ਇਹਦੇ ਨਾਲ ਸੰਬੰਧਤ ਹੈ। ਇਹਦੇ ਲਈ ਬੁੰਬਲ ਸ਼ਬਦ ਵੀ ਵਰਤਿਆ ਜਾਂਦਾ ਹੈ।

ਸ਼ਬਦ ਦੀ ਵਿਓਤਪਤੀ ਦਾ ਪੁਖਤਾ ਪ੍ਰਮਾਣ ਨਹੀਂ ਮਿਲਦਾ। ਅਸਲ ਵਿੱਚ ਭਾਰਤੀ ਕਲਰਕਾਂ, ਪੜ੍ਹੇ-ਲਿਖੇ ਲੋਕਾਂ ਨੂੰ ਬਾਬੂ ਕਹਿਣ ਦਾ ਸਿਲਸਿਲਾ ਹਿੰਦੋਸਤਾਨੀਆਂ ਦੇ ਅੰਗਰੇਜ਼ਦਾਂ ਬਣਨ ਨਾਲ ਜੁੜਿਆ ਹੋਇਆ ਹੈ। ਕਰੀਬ ਡੇਢ ਸੌ ਵਰ੍ਹੇ ਪਹਿਲਾਂ ਅੰਗਰੇਜ਼ੀ ਪੜ੍ਹੇ-ਲਿਖੇ ਭਾਰਤੀਆਂ ਦਾ ਦਰਜਾ ਅਚਾਨਕ ਸਮਾਜ ਵਿੱਚ ਉੱਚਾ ਹੋ ਗਿਆ, ਕਿਉਂਕਿ ਉਹ ਆਪਣੇ 'ਤੇ ਰਾਜ ਕਰਨ ਵਾਲੇ ਬਦੇਸ਼ੀਆਂ ਦੀ ਭਾਸ਼ਾ ਸਿੱਖ ਗਏ ਸਨ। ਉਹ ਉਨ੍ਹਾਂ ਲਾਟ ਸਾਹਿਬਾਂ ਵਿੱਚ ਅੰਗਰੇਜ਼ੀ ਭਾਸ਼ਾ ਕਰਕੇ ਬਹਿਣ ਦੇ ਕਾਬਲ ਹੋ ਗਏ ਸਨ।

ਮੈਕਾਲੇ ਨੇ ਜਦੋਂ ਪੂਰੇ ਹਿੰਦੋਸਤਾਨ ਵਿੱਚ ਸਿਖਿਆ ਦਾ ਮਾਧਿਅਮ ਅੰਗਰੇਜ਼ੀ ਨੂੰ ਬਣਾਉਣ ਦਾ ਫੈਸਲਾ ਕੀਤਾ ਤਾਂ ਇਸ ਪਿਛੇ ਉਹਦਾ ਇੱਕ ਮੰਤਵ ਭਾਰਤੀ ਕਲਰਕ ਅਥਵਾ ਬਾਬੂ ਪੈਦਾ ਕਰਨੇ ਵੀ ਸੀ ਤਾਂ ਜੋ ਅੰਗਰੇਜ਼ਾਂ ਨੂੰ ਟਿਕੇ ਰਹਿਣ ਲਈ ਵਧ ਤੋਂ ਵਧ ਮੋਹਲਤ ਮਿਲ ਸਕੇ। ਉਨ੍ਹਾਂ ਵਿੱਚ ਇਸ ਭਾਸ਼ਾ ਰਾਹੀਂ ਅੰਗਰੇਜ਼ੀ ਭਗਤੀ ਦਾ ਜਜ਼ਬਾ ਵੀ ਕੁੱਟ ਕੁੱਟ ਕੇ ਭਰਿਆ ਜਾਂਦਾ ਸੀ। ਇਹ ਵੀ ਦਿਲਚਸਪ ਗੱਲ ਹੈ ਕਿ ਸ਼ਾਇਦ ਹੀ ਕੋਈ ਪੜ੍ਹਿਆ-ਲਿਖਿਆ ਭਾਰਤੀ ਬੈਬੂਨ ਦੇ ਅਰਥ ਜਾਣਦਾ ਹੋਵੇ। ਜੇ ਬਾਬੂ ਦਾ ਮੂਲ ਅਫਰੀਕੀ ਬੈਬੂਨ ਹੈ ਤਾਂ ਇਹ ਅਸਲ ਵਿੱਚ ਭਾਰਤੀ ਕਲਰਕਾਂ ਨੂੰ ਨੀਵਾਂ ਦਿਖਾਉਣ ਦੀ ਇੱਕ ਵਿਧੀ ਹੀ ਹੋ ਸਕਦਾ ਹੈ। ਮੂਲ ਰੂਪ ਵਿੱਚ ਬਾਬੂ ਭਾਰਤੀ ਸ਼ਬਦ ਹੈ, ਜੋ ਪਿਤਾ ਅਥਵਾ ਪਾਲਣਹਾਰੇ ਦੇ ਰੂਪ ਵਿੱਚ ਵਿਕਸਤ ਹੋਇਆ ਹੈ। ਪਿਤਾ ਰਖਿਅਕ ਵੀ ਹੈ, ਪਾਲਕ ਵੀ ਤੇ ਜਨਮਦਾਤਾ ਵੀ। ਵਲੀ, ਮੌਲਾ, ਪੀਰ, ਮੁਰਸ਼ਦ, ਰਿਸ਼ੀ ਸ਼ਬਦ ਇਸੇ ਵਰਗ ਵਿੱਚ ਆਉਂਦੇ ਹਨ।

**'ਬਾਬੂ' ਭਾਰਤੀ ਉਪ-ਮਹਾਂਦੀਪ ਵਿੱਚ ਸ਼ਾਸਕਾਂ ਅਤੇ ਸਰਦਾਰਾਂ ਦੁਆਰਾ ਵਰਤੀ ਜਾਂਦੀ ਰਾਇਲਟੀ ਅਤੇ ਰਈਸ ਦਾ ਇੱਕ ਇਤਿਹਾਸਕ ਸਿਰਲੇਖ ਹੈ। ਇਹ ਕਿਸੇ ਖੇਤਰ ਦੇ ਡਿਊਕ (ਰਾਜਕੁਮਾਰ ਜਾਂ ਮੁਖੀ) ਵਰਗੇ ਯੂਰਪੀਅਨ ਸਿਰਲੇਖਾਂ ਦੇ ਸਮਾਨ ਹੈ। ਮਿਸ਼ਰਿਤ ਸਿਰਲੇਖਾਂ ਵਿੱਚ 'ਬਾਬੂ ਸਾਹਿਬ' ਅਤੇ 'ਬਾਬੂ ਜੀ' ਸ਼ਾਮਲ ਹਨ। ਬ੍ਰਿਟਿਸ਼ ਭਾਰਤ ਵਿੱਚ 'ਬਾਬੂ' ਅਕਸਰ ਇੱਕ ਮੂਲ ਭਾਰਤੀ ਕਲਰਕ ਨੂੰ ਕਿਹਾ ਜਾਂਦਾ ਸੀ। ਇਹ ਸ਼ਬਦ ਅਸਲ ਵਿੱਚ ਇੱਕ ਉਚਿਤ ਨਾਮ ਨਾਲ ਜੁੜੇ ਸਤਿਕਾਰ ਦੇ ਸ਼ਬਦ ਵਜੋਂ ਵਰਤਿਆ ਗਿਆ ਸੀ, 'ਮਿਸਟਰ' ਦੇ ਬਰਾਬਰ ਅਤੇ 'ਬਾਬੂ ਜੀ' ਨੂੰ 'ਸਰ' ਮਤਲਬ ਇੱਕ ਸੱਜਣ ਦੇ ਸੰਬੋਧਨ ਵਜੋਂ ਵਰਤਿਆ ਗਿਆ ਸੀ; ਉਨ੍ਹਾਂ ਦੀ ਜੀਵਨ ਸ਼ੈਲੀ ਨੂੰ 'ਬਾਬੂ ਸੱਭਿਆਚਾਰ' ਵੀ ਕਿਹਾ ਜਾਂਦਾ ਸੀ, ਅਕਸਰ ਹਾਸੇ ਵਿੱਚ 'ਬਾਬੂਵਾਦ' ਵਜੋਂ ਵੀ ਅਪੀਲ ਕੀਤੀ ਜਾਂਦੀ ਸੀ। ਬਰਤਾਨਵੀ ਅਧਿਕਾਰੀਆਂ ਨੇ ਬਾਬੂਆਂ ਨਾਲ ਉਨ੍ਹਾਂ ਮਜ਼ਦੂਰਾਂ ਵਾਂਗ ਵਿਹਾਰ ਕੀਤਾ, ਜਿਨ੍ਹਾਂ ਦੇ ਭਾਰਤੀ ਅਤੇ ਬ੍ਰਿਟਿਸ਼ ਦੋਵੇਂ ਸੰਬੰਧ ਸਨ। 20ਵੀਂ ਸਦੀ ਦੇ ਮੱਧ ਤੋਂ 'ਬਾਬੂ' ਸ਼ਬਦ ਨੂੰ ਅਕਸਰ ਭਾਰਤੀ ਪ੍ਰਸ਼ਾਸਨਿਕ ਸੇਵਾ (ਆਈ.ਏ.ਐਸ.) ਦੇ ਨੌਕਰਸ਼ਾਹਾਂ ਅਤੇ ਹੋਰ ਸਰਕਾਰੀ ਅਧਿਕਾਰੀਆਂ, ਖਾਸ ਕਰਕੇ ਭਾਰਤੀ ਮੀਡੀਆ ਦੁਆਰਾ ਨਿੰਦਣਯੋਗ ਢੰਗ ਨਾਲ ਵਰਤਿਆ ਜਾਂਦਾ ਰਿਹਾ ਹੈ, ਜਦੋਂ ਕਿ ਭਾਰਤੀ ਨੌਕਰਸ਼ਾਹੀ ਨੂੰ 'ਬਾਬੂਡੋਮ' ਕਿਹਾ ਜਾਂਦਾ ਹੈ, ਜਿਵੇਂ ਕਿ 'ਬਾਬੂਆਂ ਦੇ ਰਾਜ' ਵਿੱਚ।**



ਫ਼ਾਰਸੀ ਵਿੱਚ ਬਾਬੂ ਸ਼ਬਦ ਦੀ ਵਰਤੋਂ ਕਲੰਦਰਾਂ ਦੇ ਮੁਖੀ ਤੇ ਭਾਈ ਲਈ ਵੀ ਕੀਤੀ ਜਾਂਦੀ ਹੈ। ਆਮ ਸ਼ਬਦਾਂ ਵਿੱਚ ਇਹ ਕਲਰਕ ਲਈ ਰੂੜ੍ਹ ਹੋ ਗਿਆ ਹੈ। ਬ੍ਰਿਟਿਸ਼ ਰਾਜ ਵਿੱਚ ਅੰਗਰੇਜ਼ਾਂ ਦਾ ਕੰਮ ਕਾਰ ਚਲਾਉਣ ਲਈ ਬਾਬੂ ਜਾਂ ਕਲਰਕ ਭਰਤੀ ਕੀਤੇ ਜਾਂਦੇ ਸਨ। ਇਹਦੇ ਪਿਛੇ ਉਸ ਕਾਲ ਵਿੱਚ ਨਸਲੀ ਘ੍ਰਿਣਾ ਵੀ ਨਜ਼ਰ ਆਉਂਦੀ ਹੈ। ਬ੍ਰਿਟਿਸ਼ ਰਾਜ ਦੇ ਉਚੇ ਅਹੁਦਿਆਂ 'ਤੇ ਬੈਠੇ ਵਿਅਕਤੀ ਭਾਰਤੀਆਂ ਲਈ ਇਹਦਾ ਸੰਬੋਧਨ ਅਪਮਾਨਜਨਕ ਤਰੀਕੇ ਨਾਲ ਕਰਦੇ ਸਨ। ਉਨ੍ਹਾਂ ਦੀ ਮਾਨਤਾ ਸੀ ਕਿ ਬਾਬੂ ਸ਼ਬਦ ਬਾਂਦਰ ਦੀ ਇੱਕ ਅਫਰੀਕੀ ਨਸਲ 'ਬੈਬੂਨ' ਤੋਂ ਨਿਕਲਿਆ ਹੈ, ਜਿਸਦੀ ਵਰਤੋਂ ਭਾਰਤੀਆਂ ਦੀ ਪੜ੍ਹੀ-ਲਿਖੀ ਨੌਕਰੀਪੇਸ਼ਾ ਜਮਾਤ ਲਈ ਕਰਨ ਨਾਲ ਅੰਗਰੇਜ਼ਾਂ ਦੀ ਹਉਮੈ ਸ਼ਾਂਤ ਹੁੰਦੀ ਸੀ ਕਿ ਉਹ ਰਾਜ ਕਰਨ ਵਾਲੀ ਸ਼੍ਰੇਣੀ ਹਨ। ਚੈਂਬਰਜ਼ ਦੇ ਵਿਓਤਪਤੀ ਕੋਸ਼ ਵਿੱਚ ਬੈਬੂਨ ਨੂੰ ਇੱਕ ਵੱਡੇ ਬਾਂਦਰ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ। ਇਹ ਵੀ ਓਲਡ ਫਰੈਂਚ ਦੇ babouin baboon, fool ਦੇ ਅਰਥਾਂ ਵਿੱਚ ਆਇਆ ਹੈ। ਇਹ ਓਲਡ ਫਰੈਂਚ ਦੇ Babine-lip ਅਤੇ babiller-babble ਤੋਂ ਆਇਆ ਹੈ। ਹਾਲਾਂਕਿ ਬੈਬੂਨ ਤੋਂ ਇਸ ਭਾਵ ਰੱਖਦੇ ਹਨ। ਅੰਗਰੇਜ਼ੀ ਪੋਪ ਤੇ ਪਾਪਾ ਸਾਰਿਆਂ ਵਿੱਚ 'ਪ' ਧੁਨੀ ਹੈ। ਕੁਝ ਹੋਰ ਸ਼ਬਦਾਂ ਵਿੱਚ ਵੀ ਇਹ ਧੁਨੀ ਚਮਕਦੀ ਹੈ- ਬਾਪ, ਅੱਪਾ, ਅੱਬਾ, ਬਾਬਾ, ਬਾਬੂ, ਬਾਊ, ਬਾਬਲ, ਬੱਬਾ, ਬੱਪਾ, ਬਾਪੂ ਆਦ ਵਿੱਚ ਸੰਸਕ੍ਰਿਤ ਦੀ 'ਬਪ੍' ਧਾਤੂ ਤੋਂ ਇਹਦਾ ਨਿਕਾਸ ਮੰਨਿਆ ਜਾਂਦਾ ਹੈ। 'ਬਪ੍' ਦਾ ਅਰਥ ਹੈ- ਬੀਜਣਾ, ਪੌਦਾ ਲਾਉਣਾ ਆਦਿ। ਸੰਸਕ੍ਰਿਤ ਵਿੱਚ ਬੀਜਪਨ ਦਾ ਅਰਥ ਹੈ- ਬੀਜਣਾ। ਇਹ ਸਾਰੇ ਸੁਰੱਖਿਆ, ਪਾਲਣ ਅਤੇ ਦੇਖ-ਰੇਖ ਨਾਲ ਜੁੜੇ ਕਰਮ ਹਨ। 'ਬਪ੍' ਅਤੇ 'ਬਾਪ' ਵਿੱਚ ਸਮਾਨਤਾ ਨਜ਼ਰ ਆਉਂਦੀ ਹੈ। ਦੋਵੇਂ 'ਵ+ਪ' ਤੋਂ ਮਿਲ ਕੇ ਬਣੇ ਹਨ। 'ਵ' ਵਿੱਚ ਮੁਖ ਅਰਥ ਵਾਯੂ ਦਾ ਹੈ, / ਵਪ੍:/ ਸ਼ਬਦ ਦਾ ਇੱਕ ਅਰਥ ਖੇਤ ਤੇ ਦੂਸਰਾ ਪਿਤਾ ਹੈ।

ਭਰੋਪੀ ਭਾਸ਼ਾ ਦੀਆਂ 'ਪ' ਅਤੇ 'ਪਾ' ਧੁਨੀਆਂ ਵਿੱਚ ਪਾਲਣਹਾਰ, ਰਖਿਅਕ, ਅਗਵਾਈ ਕਰਨ ਵਾਲੇ ਦੇ ਭਾਵ ਹਨ। ਇਸਦਾ ਇੱਕ ਅਰਥ ਹਵਾ ਜਾਂ ਵਾਯੂ ਵੀ ਕੀਤਾ ਜਾਂਦਾ ਹੈ। ਵਾਯੂ ਵਿੱਚ ਲੈ ਜਾਣ, ਰਾਹ ਦਿਖਾਉਣ, ਦਿਸ਼ਾ ਬੋਧ ਦਾ ਭਾਵ ਹੈ। 'ਪ' ਦਾ ਅਗਲਾ ਪੜਾਅ 'ਫ' ਅਤੇ 'ਬ' ਹੈ। ਪਿਤਰ ਤੋਂ ਬਣਿਆ ਪਿਤਾ, ਪਾਲਕ ਅੰਗਰੇਜ਼ੀ ਵਿੱਚ ਫਾਦਰ, ਪਾਦਰੀ। ਸਪੇਨਿਸ਼-ਪੁਰਤਗਾਲੀ ਵਿੱਚ ਪੈਡਰੋ ਤੇ ਫ਼ਾਰਸੀ ਵਿੱਚ ਪੀਰ ਅਜਿਹੇ ਭਾਵਾਂ ਵਾਲੇ ਸ਼ਬਦ ਹਨ ਜੋ ਪ੍ਰਮੁਖ, ਮੁਖੀ, ਸਵਾਮੀ, ਨਰੇਸ਼, ਗੁਰੂ, ਪਾਲਕ, ਮਾਰਗਦਰਸ਼ਕ ਦਾ ਭਾਵ ਰੱਖਦੇ ਹਨ।

ਸ਼ਬਦਸਾਗਰ ਵਿੱਚ ਵਾਪਕ ਦਾ ਅਰਥ ਹੀ ਬੀਜ ਬੀਜਣ ਵਾਲਾ ਹੈ; 'ਵਪਤਾ' ਦਾ ਅਰਥ ਹੈ- ਜਨਮਦਾਤਾ। 'ਵਾਪਰ > ਵਾਪਕ > ਵਪਤਾ > ਬਾਪ' ਦੀ ਕੜੀ ਵਿੱਚ ਇਹਦਾ ਰੂਪਾਂਤਰ ਹੁੰਦਾ ਹੈ। ਇਹਦੇ ਬਾਰੇ ਬੱਪਾ, ਬਾਪੂ, ਬਾਬਲ, ਬਾਬਾ, ਬੱਬਾ ਸ਼ਬਦ ਵੀ ਵੱਖ-ਵੱਖ ਬੋਲੀਆਂ ਵਿੱਚ ਪ੍ਰਚਲਤ ਹਨ। ਵਪਰ ਤੋਂ ਉਤਪੰਨ ਬਾਪ ਤੋਂ ਬਾਬਾ ਤੇ ਬਾਪੂ ਦੇ ਰੂਪਾਂਤਰ ਵਿੱਚੋਂ ਹੀ ਬਾਬੂ ਦਾ ਜਨਮ ਹੋਇਆ ਹੈ। ਅੰਗਰੇਜ਼ੀ ਰਾਜ ਵਿੱਚ ਭਾਰਤੀ ਨੌਕਰੀ ਪੇਸ਼ਾ ਲਈ ਬਬੂਨ ਤੋਂ ਬਾਬੂ ਸ਼ਬਦ ਕਲਕੱਤੇ ਦੇ ਉਨ੍ਹਾਂ ਕਰਿਆਨੇ ਵਾਲਿਆਂ ਲਈ ਪ੍ਰਚਲਤ ਹੋਇਆ, ਜੋ ਮੂਲ ਰੂਪ ਵਿੱਚ ਕੰਪਨੀ ਰਾਜ ਦੇ ਦੌਰ ਵਿੱਚ ਬ੍ਰਿਟਿਸ਼ ਵਪਾਰੀਆਂ ਤੇ ਭਾਰਤੀ ਏਜੰਟਾਂ ਦਾ ਹਿਸਾਬ-ਕਿਤਾਬ ਰੱਖਦੇ ਸਨ। ਬਾਬੂ ਸ਼ਬਦ ਕਬੀਰ ਬਾਣੀ ਵਿੱਚ ਵੀ ਮਿਲਦਾ ਹੈ। ਜਾਨ ਪਲੈਸਟ (1888) ਨੇ ਵੀ ਆਪਣੇ ਕੋਸ਼ ਵਿੱਚ ਬਾਬੂ ਦੀ ਵਿਓਤਪਤੀ ਵਪਰ ਤੋਂ ਹੀ ਹੋਈ ਮੰਨੀ ਹੈ। ਉਹਨੇ ਇਹਦੇ ਅਰਥ ਪ੍ਰਭਾਵਸ਼ਾਲੀ, ਵੱਡਾ ਆਦਮੀ, ਰਾਜ ਪੁਰਸ਼, ਬਜ਼ੁਰਗ ਕੀਤੇ ਹਨ। ਬੰਗਾਲ ਵਿੱਚ ਇਹ ਸ਼ਬਦ ਭੱਦਰ ਪੁਰਸ਼ਾਂ ਲਈ ਵਰਤਿਆ ਜਾਂਦਾ ਸੀ। ਇਸ ਤਰ੍ਹਾਂ ਸਪਸ਼ਟ ਹੈ ਕਿ ਬਾਬੂਨ ਨਾਲ ਇਹਦੀ ਸਕੀਰੀ ਨਹੀਂ ਸਗੋਂ ਬਾਪ ਨਾਲ ਹੈ। ਇਹ ਸ਼ਬਦ ਉਚਤਾ ਦਾ ਧਾਰਨੀ ਸੀ, ਪਰ ਬ੍ਰਿਟਿਸ਼ ਕਾਲ ਵਿੱਚ ਇਹ ਹੀਣ ਜਾਂ ਦੁਜੈਲੇ ਅਰਥਾਂ ਦੀ ਮਾਨਸਿਕਤਾ ਵਿੱਚ ਬਦਲ ਗਿਆ।

ਕਬੀਰ ਜੀ ਨੇ ਆਪਣੀ ਬਾਣੀ ਵਿੱਚ ਇਹਨੂੰ ਭਲੇ ਮਾਨਸ ਦੇ ਰੂਪ ਵਿੱਚ ਵਰਤਿਆ ਹੈ। 'ਬਾਬੂ ਐਸਾ ਸੰਸਾਰ ਤੁਮ੍ਹਾਰਾ ਯੇ ਕਲਿ ਹੈ ਵਿਵਹਾਰਾ॥ ਕੋ ਅਬ ਅਨਖ ਸਹੈ ਪ੍ਰਤਿਦਿਨ ਕੋ ਨਾਹਿਨ ਰਹਿਨਿ ਹਮਾਰਾ॥' ਇਸ ਤਰ੍ਹਾਂ ਇਸ ਸ਼ਬਦ ਦੇ ਅਰਥਾਂ ਵਿੱਚ ਲੰਮਾ ਇਤਿਹਾਸ ਪਿਆ ਹੈ, ਜੋ ਅਰਥਾਂ ਦੀ ਮਾਨਸਿਕਤਾ ਵਿੱਚ ਪ੍ਰਗਟ ਹੁੰਦਾ ਹੈ।

# 'ਬਾਊ ਜੀ' ਨਾਲ ਜੁੜੀਆਂ ਯਾਦਾਂ

ਮੁਖਤਾਰ ਗਿੱਲ



ਨਾਨਕ ਸਿੰਘ

ਪੰਜਾਬੀ ਸਾਹਿਤ ਜਗਤ ਲਈ ਨਾਨਕ ਸਿੰਘ ਨਾਵਲ ਦੇ ਪਿਤਾਮਾ ਹਨ, ਪਰ ਮੇਰੇ ਵੱਡਭਾਗ ਸਨ ਕਿ ਹਜ਼ਾਰਾਂ ਪਾਠਕਾਂ ਦੇ ਚਹੇਤੇ, ਇਨਸਾਨੀਅਤ ਨੂੰ ਪ੍ਰਣਾਏ, ਨੇਕ ਦਿਲ ਮਨੁੱਖ, ਸੰਵੇਦਨਸ਼ੀਲ ਸਾਹਿਤਕਾਰ, ਪ੍ਰੀਤ ਨਗਰ ਵਾਲਿਆਂ ਦੇ ਸਤਿਕਾਰਤ 'ਬਾਊ ਜੀ' ਸਨ। ਬਾਊ ਜੀ ਰੋਜ਼ ਲੌਢੇ ਵੇਲੇ ਸਕੂਲ ਪਿੱਛੇ ਛੁਪਣ ਜਾ ਰਹੇ ਸੂਰਜ ਦੇ ਮਗਰ-ਮਗਰ ਸੈਰ ਕਰਦੇ ਸਮੇਂ ਉਸ ਖਸਤਾ ਹਾਲ ਟਿੰਡਾਂ ਵਾਲੇ ਖੂਹ 'ਤੇ ਡਾਹੇ ਮੰਜੇ ਉੱਤੇ ਬੈਠ ਕਿਸਾਨ ਨਾਲ ਦੁੱਖ-ਸੁੱਖ ਫੋਲਿਆ ਕਰਦੇ ਸਨ। ਉਸ ਸ਼ਾਮ ਕਿਸਾਨ ਬਹੁਤ ਉਦਾਸ ਸੀ। ਬਾਊ ਜੀ ਹੌਸਲਾ ਦਿੰਦੇ ਪੁੱਛ ਰਹੇ ਸਨ। ਆਖ਼ਰ ਜ਼ੋਰ ਦੇਣ 'ਤੇ ਕਿਸਾਨ ਫਿੱਸ ਪਿਆ। ਉਸਦਾ ਇੱਕੋ ਇੱਕ ਬਲਦ ਮਰ ਗਿਆ ਸੀ। ਅਗਲੇ ਸ਼ਾਮ ਬਾਊ ਜੀ ਨੇ ਬੜੇ ਜ਼ੋਰ ਨਾਲ ਕਿਸਾਨ ਨੂੰ ਨਵਾਂ ਬਲਦ ਲੈਣ ਲਈ ਰੁਪਏ ਉਸਦੀ ਜੇਬ ਵਿੱਚ ਪਾ ਦਿੱਤੇ। ਕਿਸਾਨ ਰਕਮ ਨਾ ਮੋੜ ਸਕਣ ਕਰ ਕੇ ਦੋਚਿੱਤੀ 'ਚ ਸੀ ਕਿ ਪੈਸੇ ਕਿਵੇਂ ਮੋੜਾਂਗਾ। ਬਾਊ ਜੀ ਦੇ ਬੋਲ ਸਨ, "ਯਾਰ ਚਿੰਤਾ ਨਾ ਕਰ, ਜਦੋਂ ਹੋਣਗੇ ਤਾਂ ਦੇ ਛੱਡੀਂ, ਨਹੀਂ ਤਾਂ ਤੇਰਾ ਰੱਬ ਰਾਖਾ!"

---

ਬਾਊ ਜੀ ਤੇ ਮੈਂ ਮੁਗ਼ਲ ਬਾਦਸ਼ਾਹ ਜਹਾਂਗੀਰ ਵੱਲੋਂ ਨਿਰਮਾਣ ਕਰਵਾਏ ਤਲਾਬ ਦੇ ਪੌੜਾਂ 'ਤੇ ਬੈਠੇ ਸੀ ਕਿ ਸਰਦਾਰ ਦਾ ਹੁੱਕੀ ਵਾਲਾ ਕਾਮਾ ਆ ਗਿਆ। ਉਹ ਕਿਸੇ ਆਪਣੀ ਲੋੜ ਲਈ ਬਾਊ ਜੀ ਤੋਂ 50 ਰੁਪਏ ਮੰਗਣ ਲੱਗਾ। ਬਾਊ ਜੀ ਨੇ ਹੱਸਦਿਆਂ ਕਿਹਾ, 'ਗੋਬਿੰਦੀ ਇਸ ਪਾਸੇ ਆ ਕੇ ਦੱਸ ਇਹ ਮੇਰਾ ਕੰਨ ਬੋਲਾ ਹੈ।' ਗੋਬਿੰਦੀ ਨੇ ਸੋਚਿਆ ਕਿ ਬਾਊ ਜੀ ਖ਼ੁਸ਼ ਹਨ। ਉਸਨੇ ਦੂਸਰੇ ਕੰਨ ਨੇੜੇ ਆਪਣਾ ਮੂੰਹ ਕਰਕੇ ਬੋਲਿਆ, 'ਬਾਊ ਜੀ ਮੈਨੂੰ 100 ਰੁਪਿਆ ਚਾਹੀਦਾ ਹੈ।' 'ਗੋਬਿੰਦੀ ਗੱਲ ਉਂ ਤੇਰੀ ਠੀਕ ਹੈ, ਪਰ ਮੈਨੂੰ ਇਸ ਕੰਨ 'ਚ ਇੱਕ ਦੇ ਦੋ-ਦੋ ਸੁਣਦੇ ਹਨ।' ਗੋਬਿੰਦੀ ਹੱਸਦਾ ਪੈਸੇ ਲੈ ਚਲਾ ਗਿਆ।

---

ਨਾਨਕ ਸਿੰਘ ਦਾ ਜਨਮ 4 ਜੁਲਾਈ 1897 ਨੂੰ ਚੱਕ ਹਮੀਦ ਜ਼ਿਲ੍ਹਾ ਜੇਹਲਮ (ਵਰਤਮਾਨ ਪਾਕਿਸਤਾਨ) ਮਾਤਾ ਲੱਛਮੀ ਦੇਵੀ ਤੇ ਪਿਤਾ ਬਹਾਦਰ ਚੰਦ ਸੂਰੀ ਦੇ ਘਰ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਹੰਸ ਰਾਜ ਸੀ। ਮਾਂ ਦੀ ਮੌਤ ਕਰਕੇ ਨਾਨਕ ਸਿੰਘ ਦਾ ਮਨ ਉਚਾਟ ਹੋ ਗਿਆ। ਉਹ ਕੁਝ ਸਮਾਂ ਅੰਮ੍ਰਿਤਸਰ, ਰਿਸ਼ੀਕੇਸ਼ ਤੇ ਹਰਦੁਆਰ ਘੁੰਮਦੇ ਰਹੇ। ਜਦੋਂ 1922 ਵਿੱਚ ਗੁਰੂ ਕਾ ਬਾਗ਼ ਮੋਰਚਾ ਸ਼ੁਰੂ ਹੋਇਆ ਤਾਂ ਇੱਕ ਜਥੇ 'ਚ ਸ਼ਾਮਲ ਹੋ ਨਾਨਕ ਸਿੰਘ ਜੇਲ੍ਹ ਬੰਦ ਹੋ ਗਏ। ਜੇਲ੍ਹ 'ਚ ਉਨ੍ਹਾਂ ਨੇ ਮੁਣਸ਼ੀ ਪ੍ਰੇਮ ਚੰਦ ਦੇ ਨਾਵਲ ਪੜ੍ਹ ਬਹੁਤ ਪ੍ਰਭਾਵ ਕਬੂਲਿਆ ਤੇ 'ਅੱਧ ਖਿੜੀ ਕਲੀ' ਨਾਵਲ ਲਿਖਿਆ, ਜੋ ਜੇਲ੍ਹ ਅਧਿਕਾਰੀਆਂ ਦੇ ਹੱਥ ਲੱਗਣ ਕਰਕੇ ਜ਼ਬਤ ਕਰ ਲਿਆ ਗਿਆ। 1923 ਵਿੱਚ ਜੇਲ੍ਹ ਤੋਂ ਰਿਹਾਈ ਮਿਲੀ ਤੇ ਅਗਲੇ ਸਾਲ ਉਨ੍ਹਾਂ ਦਾ ਬੀਬੀ ਰਾਜ ਕੌਰ ਨਾਲ ਵਿਆਹ ਹੋ ਗਿਆ।

ਉਹ ਪਰਿਵਾਰ ਸਮੇਤ 1936-37 ਵਿੱਚ ਗੁਰਬਖ਼ਸ਼ ਸਿੰਘ ਦੀ ਸੁਪਨ ਨਗਰੀ ਪ੍ਰੀਤ ਨਗਰ ਆ ਗਏ। ਇੱਥੇ ਉਨ੍ਹਾਂ ਆਪਣੇ ਪਹਿਲੇ ਨਾਵਲ (ਜੇਲ੍ਹ ਵਾਲੇ ਦਾ ਵਿਸਥਾਰ) 'ਅੱਧ ਖਿੜਿਆ ਫੁੱਲ' ਲਿਖਿਆ। ਉਨ੍ਹਾਂ ਦੇ ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ ਸੀ। ਬਲਰਾਜ ਸਾਹਨੀ 'ਬਾਊ ਜੀ' ਦੇ ਨਾਵਲਾਂ ਬਾਰੇ ਬਹੁਤ ਭਾਵੁਕ ਸੀ। ਉਨ੍ਹਾਂ ਫਿਲਮਸਾਜ਼ ਰਜਿੰਦਰ ਭਾਟੀਆ ਨੂੰ ਰਾਜ਼ੀ ਕਰ ਨਾਵਲ 'ਪਵਿੱਤਰ ਪਾਪੀ' 'ਤੇ ਇਸੇ ਨਾਂ ਦੀ ਹਿੰਦੀ ਫਿਲਮ ਬਣਾਈ, ਜਿਸ ਦਾ ਮੁੱਖ ਕਿਰਦਾਰ ਬਲਰਾਜ ਸਾਹਨੀ ਨੇ ਨਿਭਾਇਆ। 1997 ਵਿੱਚ ਉਨ੍ਹਾਂ ਦੀ ਜਨਮ ਸ਼ਤਾਬਦੀ ਮੌਕੇ ਤਤਕਾਲੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਡਾਕ ਟਿਕਟ ਜਾਰੀ ਕਰ ਸ਼ਰਧਾ ਸੁਮਨ ਭੇਟ ਕੀਤੇ। ਉਨ੍ਹਾਂ ਨੇ ਤਿੰਨ ਦਰਜਨ ਦੇ ਕਰੀਬ ਨਾਵਲ ਲਿਖੇ, ਜਿਨ੍ਹਾਂ ਵਿੱਚ 'ਚਿੱਟਾ ਲਹੂ' ਸ਼ਾਹਕਾਰ ਨਾਵਲ ਹੈ। ਨਾਨਕ ਸਿੰਘ 28 ਦਸੰਬਰ 1971 ਨੂੰ ਪ੍ਰੀਤ ਨਗਰ ਨੂੰ ਅਲਵਿਦਾ ਕਹਿ ਗਏ ਸਨ।

## ਅੰਮ੍ਰਿਤਸਰ ਦੇ ਇਤਿਹਾਸਕ, ਧਾਰਮਿਕ, ਸਾਹਿਤਕ ਪਰਿਪੇਖ ਵਿੱਚ ਪੰਜਾਬੀ ਪੱਤਰਕਾਰੀ ਦਾ ਯੋਗਦਾਨ

(ਸਪਤਾਹਿਕ)- ਦੋਵੇਂ ਪਰਚਿਆਂ ਦੀ ਸੰਪਾਦਨਾ ਜੋਗਿੰਦਰਪਾਲ ਸਿੰਘ ਕੁੰਦਰਾ ਕਰਦੇ ਸਨ, ਸੰਘਰਸ਼ ਸਪਤਾਹਿਕ ਸੰਪਾਦਕ ਸ. ਮਨਜੀਤ ਸਿੰਘ ਵੇਰਕਾ, ਦਲੇਰ ਖਾਲਸਾ ਸਪਤਾਹਿਕ ਸੰਪਾਦਕ ਅਮਰਜੀਤ ਸਿੰਘ ਭਾਟੀਆ, ਮੀਲ ਪੱਥਰ ਟਾਈਮਜ਼ ਸਪਤਾਹਿਕ ਸੰਪਾਦਕ ਐਸ. ਪ੍ਰਸ਼ੋਤਮ, ਸਰਹੱਦੀ ਪੱਤ੍ਰਿਕਾ ਸਪਤਾਹਿਕ ਸੰਪਾਦਕ ਐਸ. ਪ੍ਰਸ਼ੋਤਮ, ਨਿਹੰਗ ਸਿੰਘ ਸੰਦੇਸ਼ ਮਾਸਿਕ ਨਿਹੰਗ ਸਿੰਘ ਜਥੇਬੰਦੀ ਬੁੱਢਾ ਦਲ ਵੱਲੋਂ ਚੱਲਣ ਵਾਲਾ ਪਰਚਾ-ਸੰਪਾਦਕ ਰਛਪਾਲ ਸਿੰਘ ਬੇਦੀ, ਕੈਪਟਨ ਢਿੱਲੋਂ ਤੇ 2018 ਤੋਂ ਮੌਜੂਦਾ ਇਸ ਦੇ ਸੰਪਾਦਕ ਦਿਲਜੀਤ ਸਿੰਘ ਬੇਦੀ ਹਨ। ਜੁਝਾਰ ਤ੍ਰੈਮਾਸਿਕ ਬੁਰਜ ਨੌਧ ਕੇ ਸੰਪਾਦਕ ਨਰਿੰਦਰਪਾਲ ਸਿੰਘ ਤੇ ਮੁਖਤਾਰ ਗਿੱਲ, ਪੁਲਾਂਘ ਮਾਸਿਕ ਮੁਖ ਸੰਪਾਦਕ ਵਰਿੰਦਰ ਵਾਲੀਆ, ਸਹਾਇਕ ਸੰਪਾਦਕ ਮਨਮੋਹਨ ਸਿੱਧੂ, ਮੈਨੇਜਰ ਜਗਦੀਸ਼ ਸਚਦੇਵਾ; ਅਖੰਡ ਜੋਤੀ ਮਾਸਿਕ ਮਾਲਕ ਸੰਤ ਜਸਪਾਲ ਸਿੰਘ, ਸੰਪਾਦਕ ਦਿਲਜੀਤ ਸਿੰਘ ਬੇਦੀ, ਵਿਕਾਸ ਮੰਚ ਵੱਲੋਂ 'ਅੰਮ੍ਰਿਤਸਰ ਪੋਸਟ' ਮਾਸਿਕ ਸੰਪਾਦਕ ਚਰਨਜੀਤ ਸਿੰਘ ਗੁੰਮਟਾਲਾ, ਪਰਵੀਨ, ਸੰਪਾਦਕ ਸਤਨਾਮ ਸਿੰਘ ਧਾਂਧੀ, ਇਸ ਦੇ ਥੋੜ੍ਹੇ ਹੀ ਅੰਕ ਨਿਕਲੇ ਛੇਤੀ ਹੀ ਬੰਦ ਹੋ ਗਿਆ। ਇਹ ਨਿਰੋਲ ਸਾਹਿਤਕ ਰਸਾਲਾ ਸੀ, ਫਿਰ ਇਹ ਦਲਜੀਤ ਸਿੰਘ ਵੱਲੋਂ ਨਿਕਲਦਾ ਰਿਹਾ ਅੱਜ ਕੱਲ੍ਹ ਬੰਦ ਹੈ।

ਸ. ਮਨਮੋਹਣ ਸਿੰਘ ਢਿੱਲੋਂ ਨੇ ਜ਼ਿੰਦਗੀ ਦੇ ਆਰ-ਪਾਰ ਕਿਤਾਬ ਵਿੱਚ ਪਬਲੀਸ਼ਰਾਂ ਬਾਰੇ ਲਿਖਿਆ ਹੈ ਕਿ ਬਹੁਤ ਸਾਰੇ ਪਬਲੀਸ਼ਰ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਕੰਮ ਕਰ ਰਹੇ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਪ੍ਰਫੁਲਿਤ ਕਰਨ ਲਈ ਨਿਰੰਤਰ ਸੇਵਾ ਨਿਭਾਈ ਹੈ। ਇਨ੍ਹਾਂ ਵਿੱਚੋਂ ਰਵੀ ਸਾਹਿਤ ਪ੍ਰਕਾਸ਼ਨ, ਵਾਰਿਸ-ਸ਼ਾਹ ਫਾਊਂਡੇਸ਼ਨ, ਚਤਰ ਸਿੰਘ ਜਵਾਹਰ ਸਿੰਘ, ਅਜ਼ਾਦ ਬੁੱਕ ਡਿਪੂ, ਕਸਤੂਰੀ ਲਾਲ ਐਂਡ ਸੰਨਜ਼, ਕੇ.ਜੀ. ਗ੍ਰਾਫਿਕਸ ਖਾਲਸਾ ਕਾਲਜ ਆਦਿ। ਪਰ ਵਿਸ਼ੇਸ਼ ਤੌਰ 'ਤੇ ਇਸ ਵਕਤ ਚਤਰ ਸਿੰਘ ਜੀਵਨ ਸਿੰਘ, ਸਿੰਘ ਬ੍ਰਦਰਜ਼ ਦਾ ਨਾਂ ਹੀ ਮੁੱਖ ਹੈ। ਸਿੰਘ ਬ੍ਰਦਰਜ਼ ਪੰਜਾਬੀ ਪ੍ਰਕਾਸ਼ਨ ਖੇਤਰ ਵਿੱਚ ਆਪਣਾ ਇੱਕ ਵਿਸ਼ੇਸ਼ ਸਨਮਾਨਜਨਕ ਮੁਕਾਮ ਹੈ। ਇਹ ਪ੍ਰਕਾਸ਼ਨ ਦੇਸ਼ ਵੰਡ ਤੋਂ ਪਹਿਲਾਂ 1940 ਵਿੱਚ (ਅਨਾਰਕਲੀ) ਲਾਹੌਰ ਵਿੱਚ ਸ੍ਰੀ ਸੇਵਾ ਸਿੰਘ ਨੇ ਆਰੰਭ ਕੀਤਾ ਸੀ। ਦੇਸ਼ ਵੰਡ ਤੋਂ ਬਾਅਦ ਅੰਮ੍ਰਿਤਸਰ ਵਿੱਚ ਨਵੇਂ ਸਿਰੇ ਤੋਂ ਸਿੰਘ ਬ੍ਰਦਰਜ਼ ਹੋਂਦ ਵਿੱਚ ਆਇਆ ਸੀ ਅਤੇ ਲੰਮੇ ਸੰਘਰਸ਼ ਤੋਂ ਮਗਰੋਂ ਇਹ ਪ੍ਰਕਾਸ਼ਨ ਅੱਜ ਬੁਲੰਦੀਆਂ 'ਤੇ ਹੈ। ਮਿਆਰੀ ਪੁਸਤਕਾਂ ਦਾ ਪ੍ਰਕਾਸ਼ਨ ਕਰਨਾ ਅਤੇ ਪਾਠਕਾਂ ਤੱਕ ਪੁਚਾਉਣਾ ਇਸ ਸੰਸਥਾ ਦਾ ਉਦੇਸ਼ ਹੈ। ਇਸ ਸੰਸਥਾ ਨੂੰ ਸ. ਗੁਰਸਾਗਰ ਸਿੰਘ ਅਤੇ ਸ. ਕੁਲਜੀਤ ਸਿੰਘ ਬਾਖੂਬੀ ਚਲਾ ਰਹੇ ਹਨ। ਭਾਈ ਚਤਰ ਸਿੰਘ ਜੀਵਨ ਸਿੰਘ ਪ੍ਰਕਾਸ਼ਨ ਅਦਾਰਾ ਸੰਨ 1880 ਵਿੱਚ ਸਥਾਪਿਤ ਹੋਇਆ ਸੀ। ਇਸ ਅਦਾਰੇ ਨੇ ਧਾਰਮਿਕ ਪੁਸਤਕਾਂ, ਪੋਥੀਆਂ, ਸੈਂਚੀਆਂ, ਸਟੀਕ, ਗੁਰੂ ਗ੍ਰੰਥ ਸਾਹਿਬ ਛਾਪਣੇ ਸ਼ੁਰੂ ਕੀਤੇ ਸਨ। ਇਸ ਅਦਾਰੇ ਨੂੰ ਅੱਜ-ਕਲ੍ਹ ਹਰਭਜਨ ਸਿੰਘ ਤੇ ਹਰਿੰਦਰ ਸਿੰਘ ਵਿਕੀ ਚਲਾ ਰਹੇ ਹਨ।

ਲੋਕ ਸਾਹਿਤ ਪ੍ਰਕਾਸ਼ਨ ਅਤੇ ਨਾਨਕ ਸਿੰਘ ਪ੍ਰਕਾਸ਼ਨ: ਨਾਵਲਕਾਰ ਸ. ਨਾਨਕ ਸਿੰਘ ਦੀ ਪੰਜਾਬੀ ਸਾਹਿਤ ਜਗਤ ਵਿੱਚ ਆਪਣੀ ਵੱਖਰੀ ਪਛਾਣ ਤੇ ਵਿਲੱਖਣ ਥਾਂ ਹੈ। ਉਨ੍ਹਾਂ ਦੇ ਪਰਿਵਾਰ ਵੱਲੋਂ 1959 ਵਿੱਚ ਸਥਾਪਤ ਕੀਤੇ ਲੋਕ ਸਾਹਿਤ ਪ੍ਰਕਾਸ਼ਨ ਦਾ ਪੰਜਾਬੀ ਪ੍ਰਕਾਸ਼ਨਾ ਦੇ ਖੇਤਰ ਵਿੱਚ ਅਹਿਮ ਯੋਗਦਾਨ ਰਿਹਾ ਹੈ। ਡਾ. ਕੁਲਬੀਰ ਸਿੰਘ ਸੂਰੀ ਨੇ ਨਾਨਕ ਸਿੰਘ ਪੁਸਤਕਮਾਲਾ ਪ੍ਰਕਾਸ਼ਨ ਸੰਸਥਾ ਅਪਰੈਲ 1972 ਵਿੱਚ ਪ੍ਰੀਤਨਗਰ ਤੋਂ ਸ਼ੁਰੂ ਕੀਤੀ ਸੀ। ਫਿਰ ਅੰਮ੍ਰਿਤਸਰ ਸਿਟੀ ਸੈਂਟਰ ਮਾਰਕੀਟ ਤੋਂ ਕਾਰਜ ਕਰਦੇ ਰਹੇ ਹਨ, ਹੁਣ ਇਹ ਪ੍ਰਕਾਸ਼ਨ ਵੀ ਇੱਥੋਂ ਬੰਦ ਹੋ ਗਿਆ ਹੈ।

ਰਵੀ ਸਾਹਿਤ ਪ੍ਰਕਾਸ਼ਨ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ, ਕਿਉਂਕਿ ਦੇਸ਼-ਵਿਦੇਸ਼ ਦੇ ਲੇਖਕਾਂ ਨਾਲ ਇਸ ਦਾ ਗੂੜ੍ਹਾ ਰਿਸ਼ਤਾ ਰਿਹਾ ਹੈ ਅਤੇ ਅੱਜ ਵੀ ਹੈ। ਸ਼ਹਿਰ ਦੇ ਪ੍ਰਕਾਸ਼ਨ ਅਦਾਰਿਆਂ ਵਿੱਚ ਵੀ ਰਵੀ ਸਾਹਿਤ ਪ੍ਰਕਾਸ਼ਨ ਦਾ ਆਪਣਾ ਵਿਲੱਖਣ ਸਥਾਨ ਹੈ। ਅੱਜ ਕੱਲ੍ਹ ਇਸ ਸੰਸਥਾ ਦੇ ਸੰਸਥਾਪਕ ਮੋਹਨ ਸਿੰਘ ਰਾਹੀ ਦਾ ਬੇਟਾ ਰਵੀ ਇਸ ਅਦਾਰੇ ਨੂੰ ਚਲਾ ਰਿਹਾ ਹੈ। ਬਹੁਤ ਸਾਰੇ ਪਬਲੀਸ਼ਰ ਇਸ ਖੇਤਰ ਵਿੱਚ ਕੰਮ ਕਰ ਰਹੇ ਹਨ, ਜਿਨ੍ਹਾਂ ਨੇ ਪੰਜਾਬੀ ਸਹਿਤ ਨੂੰ ਪ੍ਰਫੁਲਿਤ ਕਰਨ ਲਈ ਨਿਰੰਤਰ ਸੇਵਾ ਨਿਭਾਈ ਹੈ। ਜਿਨ੍ਹਾਂ ਵਿੱਚੋਂ ਰਵੀ ਸਹਿਤ ਪ੍ਰਕਾਸ਼ਨ, ਵਾਰੇਸ਼ਾਹ ਫਾਊਂਡੇਸ਼ਨ, ਚਤਰ ਸਿੰਘ ਜੀਵਨ ਸਿੰਘ, ਭਾਈ ਜਵਾਹਰ ਸਿੰਘ, ਅਜ਼ਾਦ ਬੁੱਕ ਡਿਪੂ, ਕਸਤੂਰੀ ਲਾਲ ਐਂਡ ਸੰਨਜ਼, ਕੇ.ਐਸ. ਗ੍ਰਾਫਿਕਸ ਆਦਿ।

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ
ਫੋਨ: +91-6280574657

**ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...**

ਸੁਨਿਆਰੇ ਦੇ ਸ਼ੋਅ ਰੂਮ ਵਿੱਚ ਪਏ ਡਾਕੇ ਦੀ ਖ਼ਬਰ ਸਵੇਰ ਦੀਆਂ ਅਖ਼ਬਾਰਾਂ ਵਿੱਚ ਮੇਨ ਸੁਰਖੀ ਬਣ ਗਈ ਸੀ। ਖ਼ਬਰਾਂ ਨੂੰ ਸਨਸਨੀਖੇਜ਼ ਬਣਾਉਣ ਦੇ ਆਦੀ ਇੱਕ ਅਖ਼ਬਾਰ ਨੇ ਇਹ ਵੀ ਲਿਖ ਦਿੱਤਾ ਸੀ ਕਿ ਲੁਟੇਰਿਆਂ ਤੇ ਦੁਕਾਨ ਦੇ ਨੌਕਰ ਵਿਚਾਲੇ ਚੰਗੀ ਝੜਪ ਹੋਈ। ਅਜਿਹਾ ਕੁਝ ਵੀ ਨਹੀਂ ਸੀ ਵਾਪਰਿਆ, ਸਗੋਂ ਸੁਨਿਆਰੇ ਦਾ ਮੂੰਹ ਪੂਣੀ ਵਾਂਗ ਚਿੱਟਾ ਹੋ ਗਿਆ ਸੀ। ਵਾਪਸ ਮੁੜਦਿਆਂ ਐਂਬੋ ਨੇ ਦਿਲਬਾਗ ਨੂੰ ਆਖਿਆ ਵੀ ਸੀ, 'ਬਾਈ ਲਾਲੇ ਦਾ ਮੂੰਹ ਵੇਖਿਆ, ਕਿਵੇਂ ਵਿਚਾਰਾ ਜਿਹਾ ਲੱਗਦਾ ਸੀ। ਮੈਨੂੰ ਤਾਂ ਇੱਕ ਵਾਰ ਤਰਸ ਜਿਹਾ ਵੀ ਆ ਗਿਆ, ਪਈ ਸਾਰੀ ਦੁਕਾਨ ਤਾਂ ਅਸੀਂ ਹੂੰਝ ਲਿਚੱਲੇ ਹਾਂ, ਇਹ ਵਿਚਾਰਾ ਕਿਵੇਂ ਪੈਰਾਂ ਸਿਰ ਹੋਊ?'

ਜਿਵੇਂ ਉਹਦਾ ਸੁਭਾਅ ਸੀ, ਦਿਲਬਾਗ ਦਾ ਗੁੱਸਾ ਬੇਕਾਬੂ ਹੋ ਗਿਆ, 'ਸ਼ਿਕਾਰ 'ਤੇ ਤਰਸ ਨੀ ਕਰੀਦਾ ਐਂਬੋ, ਨਹੀਂ ਤਾਂ ਤੁਸੀਂ ਸ਼ਿਕਾਰ ਬਣ ਜਾਓਗੇ। ਇੱਦਾਂ ਦੀਓ ਬਣਾਈ ਇਹ ਦੁਨੀਆਂ ਰੱਬ ਨੇ।' ਗੱਲ ਕਰਦਿਆਂ ਦਿਲਬਾਗ ਦਾ ਚਿਹਰਾ ਤੇ ਅੱਖਾਂ ਲਾਲ ਹੋ ਗਈਆਂ। ਉਹਨੇ ਨਾਲ ਹੀ ਮੁੰਡਿਆਂ ਨੂੰ ਇੱਕ ਕਹਾਣੀ ਸੁਣਾਈ, 'ਵੀਰਦੀਪ ਹੋਰਾਂ ਨੇ ਟਰੈਕਟਰ ਲੈਣਾ ਸੀ। ਅਸੀਂ ਸੋਨਾਲੀਕਾ ਟਰੈਕਟਰ ਵਾਲਿਆਂ ਦੀ ਏਜੰਸੀ ਗਏ ਟਰੈਕਟਰ ਵੇਖਣ ਲਈ। ਏਜੰਸੀ ਦਾ ਮਾਲਕ ਆਪਣੇ ਸੇਲਜ਼ਮੈਨਾਂ ਦੀ ਮੀਟਿੰਗ ਲੈ ਰਿਹਾ ਸੀ। ਇੱਕ ਕੰਪਨੀ ਦਾ ਅਫਸਰ ਵੀ ਨਾਲ ਸੀ, ਮੋਟਾ ਤੇ ਮੁੰਨਿਆ ਹੋਇਆ ਸਰਦਾਰ ਜਿਹਾ। ਸੇਲ ਬਹੁਤੀ ਹੋ ਨਹੀਂ ਸੀ ਰਹੀ, ਮੰਦਾ ਚੱਲ ਰਿਹਾ ਸੀ ਟਰੈਕਟਰ ਮਾਰਕਿਟ ਵਿੱਚ। ਲਾਲਾ ਆਪਣੇ ਸੇਲਜ਼ਮੈਨਾਂ ਨੂੰ ਆਖਣ ਲੱਗਾ, 'ਸ਼ਿਕਾਰ ਵਾਂਗ ਪਿੱਛਾ ਕਰੀਦਾ ਆਪਣੇ ਗਾਹਕਾਂ ਦਾ, ਐਵੇਂ ਨੀ ਵਿਕਦੇ ਟਰੈਕਟਰ।' ਚਾਚੇ ਕਰਮੇ ਦਾ ਧਿਆਨ ਹੋਰ ਪਾਸੇ ਸੀ। ਮੇਰੇ ਤੇ ਵੀਰਦੀਪ ਦੇ ਕੰਨ 'ਚ ਗੱਲ ਪਈ, ਅਸੀਂ ਇੱਕ ਦੂਜੇ ਵੱਲ ਵੇਖਿਆ। ਗੁੱਸੇ ਨਾਲ ਮੈਂ ਜਿਵੇਂ ਕਮਲਾ ਹੋ ਗਿਆ ਹੋਵਾਂ। ਇਹ ਸਾਲੇ ਸਾਨੂੰ ਸ਼ਿਕਾਰ ਸਮਝਦੇ। ਵੀਰਦੀਪ ਦਾ ਤੈਨੂੰ ਪਤਾ ਸੁਭਾਅ ਠੰਡਾ ਜਿਹਾ। ਪਰ ਉਹ ਉੱਠ ਖੜਾ ਹੋਇਆ ਤੇ ਆਖਣ ਲਗਾ, 'ਚਾਚਾ ਚਲੋ ਚੱਲੀਏ। ਆਪਾਂ ਇੱਥੋਂ ਟਰੈਕਟਰ ਨਹੀਂ ਲੈਣਾ।' ਫਿਰ ਮਹਿੰਦਰਾ ਵਾਲਿਆਂ ਦਾ ਟਰੈਕਟਰ ਖਰੀਦਿਆ ਸੀ ਵੀਰਦੀਪ ਹੋਰਾਂ ਨੇ। ਇਹੋ ਜਿਹੀ ਮਾਨਸਿਕਤਾ ਦੇ ਮਾਲਕ ਨੇ ਇਹ ਲੋਕ। ਅਸੀਂ ਇਨ੍ਹਾਂ ਦੀ ਥਿਊਰੀ ਇਨ੍ਹਾਂ 'ਤੇ ਹੀ ਲਾਗੂ ਕਰ ਰਹੇ ਆਂ। ਇਦੂੰ ਵੀ ਅਗਾਂਹ ਅਸੀਂ ਸ਼ਿਕਾਰ ਦਾ ਪਿੱਛਾ ਨੀ ਕਰਦੇ, ਸ਼ਿਕਾਰ ਕਰਦੇ ਹਾਂ। ਨਾਲੇ ਇਨ੍ਹਾਂ ਦਾ ਕੁਝ ਨੀ ਵਿਗੜਨਾ, ਇਹ ਸ਼ੋਅ ਰੂਮ ਇਨਸ਼ਿਉਰਡ ਹੁੰਦੇ, ਇਨ੍ਹਾਂ ਨੂੰ ਇਨਸ਼ਿਉਰੈਂਸ ਮਿਲ ਜਾਣੀ। ਨਾਲੇ ਸਰਕਾਰ ਇਨ੍ਹਾਂ ਦੀ ਪਿੱਠ 'ਤੇ ਆ।'

ਇਹ ਡਾਕਾ ਦੁਆਬੇ ਵਿੱਚ ਪਿਆ ਸੀ, ਇਸ ਲਈ ਦਿਲਬਾਗ ਹੋਰਾਂ ਦੇ ਇਲਾਕੇ ਦੀ ਪੁਲਿਸ ਬਹੁਤੀ ਸਰਗਰਮ ਨਹੀਂ ਸੀ ਹੋਈ। ਪੁਲਿਸ ਨੇ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਦੇ ਸਾਰੇ ਹਿਸਟਰੀ ਸ਼ੀਟਰ ਚੁੱਕ ਲਏ ਸਨ। ਲੰਮੀ ਚੌੜੀ ਪੁੱਛ ਪੜਤਾਲ ਤੋਂ ਬਾਅਦ ਵੀ ਕੁਝ ਹੱਥ ਨਾ ਲੱਗਾ। ਸਰਕਾਰ ਵਿਰੋਧੀ ਪਾਰਟੀਆਂ ਨੇ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਦਾ ਚੋਖਾ ਰੌਲਾ ਪਾਇਆ। ਕਈਆਂ ਨੇ ਸਰਕਾਰ ਭੰਗ ਕਰਨ ਅਤੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਕੀਤੀ, ਪਰ ਜਿਵੇਂ ਕਿ ਹੁੰਦਾ ਹੀ ਹੈ, ਰੌਲਾ ਪਾਉਣ ਲਈ ਅਖ਼ਬਾਰਾਂ ਨੂੰ ਫਿਰ ਹੋਰ ਮਸਾਲਾ ਮਿਲ ਗਿਆ ਸੀ। ਕਾਰਵਾਈ ਪਾਉਣ ਲਈ ਪੁਲਿਸ ਨੇ ਇਲਾਕੇ ਦੇ ਕੁਝ ਸਾਬਕਾ ਹਿਸਟਰੀਸ਼ੀਟਰਾਂ 'ਤੇ ਕੇਸ ਪਾ ਦਿੱਤਾ, ਪਰ ਲੁੱਟੀਆਂ ਗਈਆਂ ਚੀਜ਼ਾਂ ਦੀ ਬਰਾਮਦਗੀ ਨਾ ਹੋਣ ਕਾਰਨ ਉਹ ਬਰੀ ਹੋ ਗਏ। ਜਦੋਂ ਸਵੇਰੇ ਦੁਆਬੇ ਵਿੱਚ ਪਏ ਡਾਕੇ ਦੀ ਖ਼ਬਰ ਅਖ਼ਬਾਰਾਂ ਵਿੱਚ ਪੜ੍ਹੀ ਤਾਂ ਵੀਰਦੀਪ ਦੇ ਕੰਨ ਖੜ੍ਹੇ ਹੋ ਗਏ। ਉਹਨੇ ਖ਼ਬਰ ਦੀ ਤਫਸੀਲ ਪੜ੍ਹੀ, ਜੋ ਜਣੇ ਸ਼ੋਅ ਰੂਮ ਦੇ ਅੰਦਰ ਗਏ ਇੱਕ ਬਾਹਰ ਗੱਡੀ ਸਟਾਰਟ ਕਰੀ ਖੜ੍ਹਾ ਸੀ। ਵੀਰਦੀਪ ਦਾ ਦਿਲ ਆਖਣ ਲੱਗਾ ਇਹ ਦਿਲਬਾਗ ਹੋਰਾਂ ਦਾ ਹੀ ਕੰਮ ਹੋ ਸਕਦਾ। ਹੁਣ ਉਹਨੂੰ ਦਿਲਬਾਗ ਦੀ ਫਿਕਰ ਹੋਣ ਲੱਗੀ। ਹੁਣ ਤੱਕ ਉਸ ਨੂੰ ਆਸ ਸੀ, ਦਿਲਬਾਗ ਵਾਪਸ ਪਰਤ ਆਵੇਗਾ ਇੱਕ ਦਿਨ। ਉਹਨੂੰ ਲੱਗਣ ਲੱਗਾ, ਹੁਣ ਨੀ ਇਹਨੇ ਵਾਪਸ ਮੁੜਨਾ। ਫਿਰ ਵੀ ਦਿਲਬਾਗ ਤੱਕ ਪਹੁੰਚ ਕਰਨ ਦੀ ਉਹ ਤਰਕੀਬ ਲੜਾਉਣ ਲਗਾ। ਫੋਨ ਉਹ ਕਰ ਨਹੀਂ ਸੀ ਸਕਦਾ। ਪੁਲਿਸ ਉਹਦੇ ਉੱਤੇ ਵੀ ਨਿਗਾਹ ਰੱਖ ਰਹੀ ਸੀ।

ਇਹ ਗੂੜ੍ਹੇ ਸਿਆਲ ਦੇ ਦਿਨ ਸਨ, ਸੰਘਣੀ ਧੁੰਦ ਪਈ ਹੋਈ ਸੀ। ਦਿਲਬਾਗ ਅਚਾਨਕ ਵੀਰਦੀਪ ਦੇ ਕਮਰੇ ਵਿੱਚ ਆ ਗਿਆ। ਉਨ੍ਹਾਂ ਲੋਈਆਂ ਦੀਆਂ ਬੁੱਕਲਾਂ ਮਾਰੀਆਂ ਤੇ ਕਮਰੇ ਤੋਂ ਕਿਲੋਮੀਟਰ ਦੂਰ ਇੱਕ ਚਾਹ ਦੀ ਦੁਕਾਨ 'ਤੇ ਆ ਗਏ। ਚਿੱਡ ਨੂੰ ਝੁਲਕਾ ਦੇਣ ਲਈ ਉਨ੍ਹਾਂ ਨੇ ਸਮੋਸਿਆਂ ਦੀਆਂ ਦੋ ਪਲੇਟਾਂ ਮੰਗਵਾਈਆਂ। 'ਕਿਵੇਂ ਚਲਦੀ ਫਿਰ ਜ਼ਿੰਦਗੀ', ਵੀਰਦੀਪ ਨੇ ਗੱਲ ਤੋਰੀ। ਆਪਣੇ ਸੁਭਾਅ ਅਨੁਸਾਰ ਦਿਲਬਾਗ ਨੇ ਜੁਆਬ ਦਿੱਤਾ, 'ਜ਼ਿੰਦਗੀ ਬਾਗੋ ਬਾਗ ਆ।' 'ਕੁਝ ਜ਼ਿਆਦਾ ਹੀ ਖਿੜ ਗਈ ਲਗਦੀ?' ਵੀਰਦੀਪ ਨੇ ਸਿੰਬੋਲਿਕ ਸਵਾਲ ਕੀਤਾ। ਉਹਦਾ ਇਸ਼ਾਰਾ ਦੁਆਬੇ ਵਾਲੀ ਘਟਨਾ ਵੱਲ ਸੀ। ਦਿਲਬਾਗ ਸਮਝ ਗਿਆ, 'ਠੀਕ ਸੋਚਦਾਂ ਤੂੰ' ਉਹਨੇ ਤਿੰਨ ਲਫਜ਼ਾਂ ਵਿੱਚ ਜੁਆਬ ਦਿੱਤਾ। 'ਵਾਪਸ ਪਰਤਣਾ ਬਹੁਤ ਔਖਾ ਹੋ ਗਿਆ ਦਿਲਬਾਗ ਹੁਣ।' ਵੀਰਦੀਪ ਨੇ ਫਿਕਰ ਜ਼ਾਹਰ ਕੀਤਾ।

'ਵਾਪਸ ਹੁਣ ਪਰਤਣਾ ਨੀ ਚਾਹੁੰਦਾ ਮੈਂ ਵੀਰਦੀਪ, ਸਾਧਾਰਣ ਜ਼ਿੰਦਗੀ ਜੀਅ ਕੇ ਕੀ ਕਰਾਂਗਾ ਹੁਣ ਮੈਂ।' ਦਿਲਬਾਗ ਬੇਫਿਕਰ ਰਿਹਾ।

'ਇੰਨੇ ਪੈਸੇ ਦਾ ਕੀ ਕਰੋਗੇ ਤੁਸੀਂ?' ਵੀਰਦੀਪ ਨੇ ਸੁਆਲ ਕੀਤਾ।

'ਥੋੜ੍ਹੇ ਕੰਮ ਨੇ ਕਰਨ ਵਾਲੇ, ਅੱਧ ਮਰਿਆ ਹੋਇਆ ਪਿਆ ਪੰਜਾਬ ਦਾ ਯੂਥ।' ਦਿਲਬਾਗ ਨੇ ਜਵਾਬ ਦਿੱਤਾ। ਫਿਰ ਉਹਨੇ ਬਘੇਲੇ ਨਾਲ ਮੇਲੇ ਦੀ ਗੱਲ ਛੋਹ ਲਈ, 'ਉਹ ਬਘੇਲਾ ਹੁੰਦਾ ਸੀ ਨਾ ਆਪਣੇ ਨਾਲ ਨੈਸ਼ਨਲ ਖੇਡਿਆ ਸੀ। ਨੈਸ਼ਨਲ ਟੀਮ ਲਈ ਸਲੈਕਟ ਵੀ ਹੋ ਗਿਆ ਸੀ।'

'ਹਾਂ' ਵੀਰਦੀਪ ਨੇ ਯਾਦਾਸ਼ਤ 'ਤੇ ਜ਼ੋਰ ਪਾਇਆ; 'ਪਲੇਅਰ ਕਾਹਦਾ ਸੀ ਸਾਲਾ ਛੁਰੀ ਵਾਂਗ ਫਿਰਦਾ ਸੀ।'

'ਕੁਝ ਦਿਨ ਪਹਿਲਾਂ ਉਹਦੇ ਘਰ ਚਲਾ ਗਿਆ ਮੈਂ ਅਚਾਨਕ, ਸਾਲਾ ਨਸ਼ੇ ਦੇ ਟੀਕਿਆਂ ਨਾਲ ਪਰੁੰਨਿਆ ਪਿਆ।



ਭੜੋਲੇ ਵਰਗਾ ਮੂੰਹ ਹੋਇਆ ਪਿਆ ਕੰਜਰ ਦਾ। ਚਾਟੀ ਵਰਗਾ ਢਿੱਡ ਕਰੀਂ ਫਿਰਦਾ। ਉਹਦੀ ਭੈਣ ਤੇ ਮਾਂ ਰੋਣ ਲੱਗੀਆਂ, ਅਖੇ ਪੁੱਤ ਇਹਦਾ ਕਰੋ ਕੁਝ, ਇਹਤਾਂ ਮਰਨੇ ਪਿਆ ਹੋਇਆ। ਪਹਿਲਾਂ ਚਿੱਟਾ ਵੇਚਣ ਲੱਗ ਗਿਆ ਮਗਰੋਂ ਖਾਣ ਵੀ ਲੱਗਾ। ਹੁਣ ਖਾਂਦਾ ਈ ਆ ਬੱਸ ਵੇਚਣ ਜੋਗਾ ਰਿਹਾ ਨੀ। ਇਹ ਤਾਂ ਹਾਲ ਹੋਇਆ ਪਿਆ ਆਪਣੇ ਬੰਦਿਆਂ ਦਾ।' ਗੱਲ ਸੁਣ ਕੇ ਵੀਰਦੀਪ ਦੀਆਂ ਅੱਖਾਂ ਸਿੱਲ੍ਹੀਆ ਹੋ ਗਈਆਂ।

'ਤੂੰ ਕੀ ਕੀਤਾ ਫੇਰ' ਵੀਰਦੀਪ ਨੇ ਪੁੱਛਿਆ।

'ਮੈਂ ਕੀ ਕਰ ਸਕਦਾ ਸੀ, ਰੁਪਈਆ ਦੇ ਆਇਆ 25 ਹਜ਼ਾਰ ਪਈ ਕਿਸੇ ਚੰਗੇ ਹਸਪਤਾਲ 'ਚ ਦਾਖਲ ਕਰਵਾ ਦਿਓ' ਦਿਲਬਾਗ ਨੇ ਉੱਤਰ ਦਿੱਤਾ।

'ਇਹ ਚੀਜ਼ਾਂ ਇਕੱਲੇ ਪੈਸੇ ਨਾਲ ਹੱਲ ਹੋਣ ਵਾਲੀਆਂ ਨਹੀਂ, ਹੋਰ ਬਹੁਤ ਕੁਝ ਦੀ ਲੋੜ ਹੁੰਦੀ' ਵੀਰਦੀਪ ਨੇ ਸਹਿਜ ਨਾਲ ਜੁਆਬ ਦਿੱਤਾ।

'ਕੁਝ ਵੱਡਾ ਸੋਚਣਾ ਪੈਣਾ ਦਿਲਬਾਗ, ਇੱਦਾਂ ਈ ਕਦੇ ਫਿਰ ਮਿਲੀਂ ਅਚਾਨਕ ਜਿਹੇ, ਮੈਂ ਬਣਾਉਨਾਂ ਕੋਈ ਸਕੀਮ, ਹਾਂ ਸੱਚ ਸਾਡੇ ਪਿੰਡ ਵਾਲੀ ਸਿਮਰਨ ਮਿਲੀ ਸੀ ਇੱਕ ਦਿਨ। ਤੈਨੂੰ ਮਿਲਣਾ ਚਾਹੁੰਦੀ ਸੀ। ਮੈਂ ਉਦੋਂ ਤਾਂ ਹਾਂ ਕਰ ਦਿੱਤੀ, ਪਰ ਬਾਅਦ ਵਿੱਚ ਮੇਰਾ ਦਿਲ ਮੁਕਰੀ ਖਾ ਗਿਆ ਬਈ ਕਾਹਨੂੰ ਐਵੇਂ ਮਲੂਕ ਜਿਹੀ ਕੁੜੀ ਕੰਡਿਆਂ 'ਤੇ ਤੋਰਨੀ।'

'ਮੇਰੇ ਨਾਲ ਮਿਲ ਕੇ ਕੀ ਲੈਣਾ ਉਹਨੇ, ਉਹਨੂੰ ਕਹਿ ਨੌਕਰੀ ਲੈ ਤੇ ਵਿਆਹ ਕਰਾ ਅਰਾਮ ਨਾਲ' ਦਿਲਬਾਗ ਨੇ ਭਾਵਹੀਣ ਉੱਤਰ ਦਿੱਤਾ।

'ਉਂ ਫਿਕਰ ਕਰਦੀ ਸੀ ਤੇਰਾ, ਅਖੇ ਸਮਝਾਇਆਂ ਪਤਾ ਨੀ ਮੁੜ ਈ ਆਵੇ' ਵੀਰਦੀਪ ਨੇ ਉਸ ਦੇ ਜਜ਼ਬਾਤਾਂ 'ਤੇ ਤੁਣਕਾ ਮਾਰਨ ਦਾ ਯਤਨ ਕੀਤਾ।

'ਹੁਣ ਬਹੁਤ ਪਾਣੀ ਲੰਘ ਗਿਆ ਪੁਲਾਂ ਹੇਠੋਂ ਵੀਰਦੀਪ ਸਿਆਂ, ਹੁਣ ਘਰ ਕਿੱਥੇ ਮੁੜ ਹੋਣਾਂ, ਸਿਵਿਆਂ ਵਿੱਚ ਹੀ ਮੁੜਾਂਗੇ ਹੁਣ ਤਾਂ' ਦਿਲਬਾਗ ਬੋਲਦਿਆਂ ਕੁਝ ਉਦਾਸ ਹੋ ਗਿਆ।

ਉਹ ਦੁਕਾਨ ਤੋਂ ਬਾਹਰ ਆਏ ਤੇ ਦਿਲਬਾਗ ਉਥੋਂ ਹੀ ਕਿਸੇ ਹੋਰ ਪਾਸੇ ਵੱਲ ਚਲਾ ਗਿਆ ਤੇ ਵੀਰਦੀਪ ਆਪਣੇ ਕਮਰੇ ਵੱਲ।

---

ਦਿਲਬਾਗ ਹੋਰਾਂ ਨੇ ਅਗਲੇ ਦਿਨਾਂ ਵਿੱਚ ਮਾਲਵੇ ਦੇ ਹੀ ਇੱਕ ਕਸਬਾ ਨੁਮਾ ਪਿੰਡ ਵਿੱਚ ਵੱਡਾ ਪਲਾਟ ਖਰੀਦਿਆ, ਪਹਿਲਾਂ ਉਹਦੀ ਚਾਰ ਦੀਵਾਰੀ ਕੀਤੀ, ਫਿਰ ਇਸ ਪਲਾਟ ਦੀ ਪੱਛਮ ਵਾਲੀ ਬਾਹੀ 'ਤੇ ਪੂਰਬ ਵੱਲ ਮੁੱਖ ਰੱਖ ਕੇ ਮਕਾਨ ਬਣਾਉਣ ਲੱਗੇ। ਇਸ ਪਲਾਟ ਦੀ ਰਜਿਸਟਰੀ 'ਤੇ ਉਨ੍ਹਾਂ ਦਸ ਲੱਖ ਦਾ ਕਰਜ਼ਾ ਵੀ ਬੈਂਕ ਤੋਂ ਲੈ ਲਿਆ। ਸਾਰੇ ਮਕਾਨ ਦੇ ਹੇਠਾਂ ਬੇਸਮੈਂਟ ਉਸਾਰੀ ਜਿਸ ਦੇ ਦੋ ਪੋਰਸ਼ਨ ਬਣਵਾਏ। ਇਨ੍ਹਾਂ ਵਿੱਚ ਇੱਕ ਦੇ ਅੰਦਰ ਸਿੱਧੀ ਗੱਡੀ ਉਤਰਦੀ ਸੀ ਅਤੇ ਬਾਹਰ ਸ਼ਟਰ ਲੱਗਾ ਹੋਇਆ ਸੀ। ਦੂਜੀ ਹੋਰਨਾਂ ਕੰਮਾਂ ਕਾਰਾਂ ਲਈ ਰੱਖ ਲਈ। ਹੁਣ ਉਹ ਜਲਦੀ ਕੋਈ ਕਾਰਵਾਈ ਕਰਨ ਲਈ ਕਾਹਲੇ ਨਹੀਂ ਸਨ, ਸਗੋਂ ਇੱਕ ਥਾਂ ਟਿਕਣ ਦਾ ਸਾਮਾ ਬਣਾਉਣਾ ਚਾਹੁੰਦੇ ਸਨ। ਬੇਸਮੈਂਟ 'ਤੇ ਮੋਟੇ ਸਰੀਏ ਨਾਲ ਤਿੱਖੇ ਸੀਮੈਂਟ ਵਾਲੀ ਕੰਕਰੀਟ ਦੀ ਛੱਤ ਪਾ ਦਿੱਤੀ। ਇਸ ਤੋਂ ਬਾਅਦ ਕੁਝ ਹੀ ਦਿਨਾਂ ਵਿੱਚ ਮਕਾਨ ਦੀਆਂ ਕੰਧਾਂ ਉੱਪਰ ਉਠ ਆਈਆਂ ਸਨ। ਜਿੰਨੀ ਤੇਜ਼ੀ ਨਾਲ ਉਹ ਮਕਾਨ ਦੀ ਉਸਾਰੀ ਕਰ ਰਹੇ ਸਨ, ਪਿੰਡ ਦੇ ਕਈ ਬੰਦੇ ਇਸ 'ਤੇ ਹੈਰਾਨੀ ਪ੍ਰਗਟ ਕਰਦੇ। ਪਿੰਡ ਵਿੱਚ ਤਿੰਨ ਗੁਰਦੁਆਰੇ ਸਨ। ਇੱਕ ਜੱਟਾਂ ਦਾ, ਇੱਕ ਰਾਮਗੜ੍ਹੀਆ ਭਾਈਚਾਰੇ ਦਾ। ਰਵੀਦਾਸੀਆ ਭਾਈਚਾਰੇ ਦਾ ਆਪਣਾ ਗੁਰਦੁਆਰਾ ਸੀ। ਦਿਲਬਾਗ ਬਹੁਤਾ ਧਾਰਮਿਕ ਤਾਂ ਨਹੀਂ ਸੀ, ਪਰ ਕਦੀ ਕਦੀ ਸੋਚਦਾ, 'ਗੁਰੂ ਨੇ ਜਾਤਾਂ ਮਿਟਾਈਆਂ, ਇਨਸਾਨੀਅਤ ਇੱਕ ਕੀਤੀ, ਇਹ ਸਹੁਰੇ ਵੰਡ ਕੇ ਬਹਿ ਗਏ।' ਦੂਜੇ ਹੀ ਪਲ ਉਹਦੇ ਦਿਮਾਗ ਵਿੱਚ ਆਉਂਦਾ, 'ਤੂੰ ਕੀ ਲੈਣਾ, ਤੈਂ ਕੇਹੜਾ ਜਥੇਦਾਰ ਬਣਨਾ।'

ਇਹ ਫਰਵਰੀ ਦੇ ਆਖਰੀ ਦਿਨ ਸਨ। ਦਿਲਬਾਗ ਆਪਣੇ ਟਿਕਾਣੇ ਤੋਂ ਵੀਰਦੀਪ ਨੂੰ ਮਿਲਣ ਜਾ ਰਿਹਾ ਸੀ। ਸਵਖਤਾ ਹੋਣ ਕਾਰਨ ਉਸ ਨੇ ਲੋਈ ਦੀ ਬੁੱਕਲ ਮਾਰ ਲਈ ਸੀ। ਸਿਆਲ ਟੁੱਟ ਰਿਹਾ ਸੀ। ਸਵੇਰੇ ਸ਼ਾਮ ਦੀ ਠੰਡ ਰਹਿ ਗਈ ਸੀ, ਪਰ ਹਰੀ ਕਚੂਰ ਕਣਕ ਅਤੇ ਬੰਨਿਆਂ 'ਤੇ ਖੜ੍ਹਾ ਘਾਹ ਤਰੇਲ ਨਾਲ ਗੜਾ ਗਚ ਭਰਿਆ ਪਿਆ ਸੀ। 'ਕਣਕਾਂ ਦਾ ਸਮੁੰਦਰ ਕਿੰਨਾ ਖ਼ੂਬਸੂਰਤ ਦ੍ਰਿਸ਼ ਪੈਦਾ ਕਰ ਰਿਹਾ।' ਦਿਲਬਾਗ ਸੋਚਣ ਲਗਾ, 'ਯਾਰ ਇਨ੍ਹਾਂ ਚੀਜ਼ਾਂ ਨੂੰ ਮਾਨਣ ਦਾ ਸਮਾਂ ਵੀ ਚਾਹੀਦਾ ਬੰਦੇ ਕੋਲ।' ਫਿਰ ਉਹਦੇ ਮਨ ਨੇ ਕਿਹਾ।

ਵੀਰਦੀਪ ਦੇ ਉਠਦਿਆਂ ਕਰਦਿਆਂ ਉਹ ਉਸ ਦੇ ਕਮਰੇ ਵਿੱਚ ਪੁੱਜ ਗਿਆ। ਮੋਟਰਸਾਈਕਲ ਉਹ ਪਿੱਛੇ ਕਲੋਨੀ ਦੇ ਪਾਰਕ ਕੋਲ ਖੜ੍ਹਾ ਕਰ ਆਇਆ ਸੀ। ਵੀਰਦੀਪ ਉਹਨੂੰ ਲੈ ਕੇ ਫਿਰ ਚਾਹ-ਪਾਣੀ ਵਾਲੀ ਦੁਕਾਨ ਵੱਲ ਤੁਰਨ ਲੱਗਾ। 'ਤੂੰ ਚੱਲ ਮੈਂ ਆਉਨਾਂ, ਮੋਟਰ ਸਾਈਕਲ ਲੈ ਆਵਾਂ।' ਐਂਡਾ ਕਹਿ ਕੇ ਵੀਰਦੀਪ ਦੁਕਾਨ ਵੱਲ ਤੁਰ ਪਿਆ। ਉਹ ਉਸੇ ਦੁਕਾਨ 'ਤੇ ਇਕੱਠੇ ਹੋ ਗਏ, ਜਿੱਥੇ ਪਹਿਲਾਂ ਮਿਲੇ ਸਨ। ਦਿਲਬਾਗ ਨੇ ਚਾਚੇ ਕਰਮੇ ਤੇ ਮਾਤਾ ਦਾ ਹਾਲ-ਚਾਲ ਪੁੱਛਿਆ। ਵੀਰਦੀਪ ਸਮਾਂ ਮਿਲੇ ਤੋਂ ਦਿਲਬਾਗ ਦੀ ਮਾਤਾ ਵੱਲ ਵੀ ਗੇੜਾ ਮਾਰ ਆਉਂਦਾ ਸੀ। ਇੰਨੇ ਨਾਲ ਉਨ੍ਹਾਂ ਦਾ ਦਿਲ ਟਿਕ ਜਾਂਦਾ। ਸਭ ਰਾਜੀ ਬਾਜੀ ਸਨ।

ਵੀਰਦੀਪ ਨੇ ਅਗਲੀ ਗੱਲ ਤੋਰੀ, 'ਕਿਵੇਂ ਮਕਾਨ ਕਿਥੇ ਕੁ ਆ?'

'ਬਣ ਗਿਆ ਵੀਰ ਬਸ ਟਿਪ ਟਾਪ ਚੱਲ ਰਹੀ' ਦਿਲਬਾਗ ਨੇ ਸਹਿਜ ਹੀ ਕਿਹਾ।

'ਇਹ ਕੰਮ ਤੂੰ ਹਾਲੇ ਦਾ ਕੀਤਾ' ਵੀਰਦੀਪ ਨੇ ਹਸਰਤ ਨਾਲ ਕਿਹਾ।

'ਇਕ ਹੋਰ ਖੁਸ਼ਖ਼ਬਰੀ ਦਿਆਂ ਤੈਨੂੰ, ਹਰਜੀਤ ਤੇ ਸਿਮਰਨ ਨੂੰ ਸਰਕਾਰੀ ਨੌਕਰੀ ਮਿਲ ਗਈ ਹੈ, ਕੰਟਰੈਕਟ 'ਤੇ। ਮੈਂ ਚਾਹੁੰਨਾ ਇਨ੍ਹਾਂ 'ਚੋਂ ਇੱਕ ਦੀ ਤੇਰੇ ਟਿਕਾਣੇ ਵਾਲੇ ਪਿੰਡ ਵਿੱਚ ਐਪੁਆਇੰਟਮੈਂਟ ਹੋਵੇ। ਉਥੇ ਪਤਾ ਕਰ ਹਾਇਰ ਸੈਕੰਡਰੀ ਸਕੂਲ ਹੈਗਾ ਤੇ ਕੰਪਿਊਟਰ ਟੀਚਰ ਦੀ ਪੋਸਟ ਵੀ ਖਾਲੀ ਹੈ ਜਾਂ ਨਹੀਂ।'

'ਉਥੇ ਦੋ ਹਾਇਰ ਸੈਕੰਡਰੀ ਸਕੂਲ ਨੇ ਮੁੰਡਿਆਂ ਤੇ ਕੁੜੀਆਂ ਦੇ ਅਲੱਗ ਅਲੱਗ' ਦਿਲਬਾਗ ਨੇ ਦੱਸਿਆ। 'ਏਡੀ ਦੂਰ ਯਾਰ ਕਾਹਨੂੰ ਦਿਵਾਉਣੀ ਨੌਕਰੀ, ਕਿਧਰੇ ਲਾਗੇ ਚਾਗੇ ਲੱਗਣ ਆਪਣੇ ਪਿੰਡਾਂ ਦੇ, ਆਉਣਾ-ਜਾਣਾ ਸੌਖਾ ਰਹੂ।' ਦਿਲਬਾਗ ਕਿਸੇ ਜਾਣੂ ਦੀ ਨਜ਼ਰ ਤੋਂ ਦੂਰ ਰਹਿਣਾ ਚਾਹੁੰਦਾ ਸੀ।

'ਮੈਂ ਹੋਰ ਸੋਚਦਾਂ, ਉਹ ਤੇਰੇ ਨਾਲ ਵਰਤਣ ਬੋਲਣਗੀਆਂ ਨਹੀਂ, ਪੁਲਿਸ ਦੀ ਨਕਲੋ ਹਰਕਤ 'ਤੇ ਨਿਗਾਹ ਰੱਖਣਗੀਆਂ, ਜੇ ਕੁਝ ਮਾੜਾ ਵਾਪਰਦਾ ਤਾਂ ਇਕਦਮ ਮੇਰੇ ਤੱਕ ਖ਼ਬਰ ਪਹੁੰਚਾਉਣਗੀਆਂ। ਕੋਈ ਹੀਲਾ ਵਸੀਲਾ ਕੀਤਾ ਜਾ ਸਕੇਗਾ, ਖ਼ਬਰਾਂ ਖ਼ਬਰਾਂ ਈ ਲੱਗ ਜਾਣ ਤਾਂ ਪੁਲਿਸ ਲਈ ਮੁਕਾਬਲਾ ਵਗੈਰਾ ਬਣਾਉਣਾ ਮੁਸ਼ਕਲ ਹੋ ਜਾਂਦਾ।' ਵੀਰਦੀਪ ਨੇ ਉਹਨੂੰ ਸਕੀਮ ਸਮਝਾਈ।

'ਉਨ੍ਹਾਂ ਦੇ ਘਰ ਵਾਲੇ ਮੰਨ ਜਾਣਗੇ ਇੰਨੀ ਦੂਰ ਨੌਕਰੀ ਲਈ' ਦਿਲਬਾਗ ਨੇ ਸ਼ੱਕ ਜ਼ਾਹਰ ਕੀਤਾ।

'ਤੂੰ ਵੀ ਸੁਦਾਈ ਓ ਰਿਹਾ ਯਾਰ, ਡਾਇਰੈਕਟੋਰੇਟ 'ਚ ਕਿਸੇ ਕਲਰਕ ਨੂੰ ਦਸ ਪੰਦਰਾਂ ਹਜ਼ਾਰ ਰੁਪਈਆ ਦੇਵਾਂਗੇ, ਅਗਲੇ ਨੇ ਹੱਸ ਕੇ ਕੰਮ ਕਰ ਦੇਣਾ' ਵੀਰਦੀਪ ਨੇ ਪੂਰੀ ਸਕੀਮ ਤੋਂ ਪਰਦਾ ਚੁੱਕਿਆ।

'ਪਰ ਸ਼ਰਤ ਇਹ ਹੈ ਕਿ ਨਾ ਤੁਸੀਂ ਇਨ੍ਹਾਂ ਨੂੰ ਬੁਲਾਉਣਾ, ਨਾ ਇਹ ਥੁਆਡੇ ਨਾਲ ਕੋਈ ਗੱਲ ਕਰਨਗੀਆਂ, ਬਸ ਆਉਂਦੇ-ਜਾਂਦੇ ਤੁਹਾਡਾ ਖਿਆਲ ਰੱਖਣਗੀਆਂ' ਵੀਰਦੀਪ ਨੇ ਸਕੀਮ ਨਾਲ ਜੁੜੀਆਂ ਕੰਡੀਸ਼ਨਾਂ ਵੀ ਨਾਲ ਦੱਸਣੀਆਂ ਸ਼ੁਰੂ ਕੀਤੀਆਂ। ਇਹ ਇੱਕ ਤਰ੍ਹਾਂ ਨਾਲ ਮੇਰੇ ਸੋਰਸਿਜ਼ ਹੋਣਗੇ ਉਥੇ।

'ਉਦਾਂ ਦਿਲਬਾਗ ਮੈਂ ਵਕੀਲ ਨਾਲ ਬਹਾਨੇ ਸਿਰ ਗੱਲ ਕੀਤੀ ਸੀ ਤੁਹਾਡੀ, ਉਹ ਕਹਿੰਦੇ ਜੇ ਡਾਕੇ ਵਗੈਰਾ ਹੀ ਹਨ ਤੇ ਕੋਈ ਮਰਡਰ ਨਹੀਂ ਹੋਇਆ ਤਾਂ ਉਨ੍ਹਾਂ ਨੂੰ ਪੇਸ਼ ਹੋ ਕੇ ਕੇਸ ਮੁਕਾ ਲੈਣੇ ਚਾਹੀਦੇ ਹਨ' ਵੀਰਦੀਪ ਨੇ ਦਿਲਬਾਗ ਹੋਰਾਂ ਸਾਹਮਣੇ ਮੁਕਤੀ ਦਾ ਇੱਕ ਹੋਰ ਰਾਹ ਖੋਲ੍ਹਿਆ।

'ਮੁੜਿਆ ਮੈਥੋਂ ਹੁਣ ਜਾਣਾ ਨੀ ਵੀਰਦੀਪ, ਮੈਂ ਤੈਨੂੰ ਅੱਗੇ ਵੀ ਦੱਸਿਆ, ਖਤਰਿਆਂ ਭਰੀ ਇਸ ਜ਼ਿੰਦਗੀ ਨੂੰ ਅਸੀਂ ਹਾਣ ਮਾਨਣ ਲੱਗੇ ਹਾਂ' ਦਿਲਬਾਗ ਨੇ ਸਪਸ਼ਟ ਉੱਤਰ ਦਿੱਤਾ। ਵੀਰਦੀਪ ਚੁੱਪ ਰਿਹਾ।

ਫਿਰ ਇੱਦਾਂ ਕਰ ਆਪਣੇ ਇਸ ਗਰੋਹ ਨੂੰ, ਜੀਹਨੂੰ ਸਰਕਾਰ ਗੈਂਗਸਟਰ ਦੱਸਦੀ ਹੈ, ਇੱਕ ਰਾਜਨੀਤਿਕ ਰੂਪ ਦੇ ਦੇ।

'ਉਹ ਕਿਵੇਂ ਸੰਤ ਜੀ' ਦਿਲਬਾਗ ਨੇ ਮਜ਼ਾਕ ਨਾਲ ਸਵਾਲ ਕੀਤਾ।

'ਹੁਣ ਸਮਾਂ ਜ਼ਿਆਦਾ ਹੋ ਰਿਹਾ, ਇਨ੍ਹਾਂ ਦੁਕਾਨਦਾਰਾਂ ਦਾ ਵੀ ਪਤਾ ਨਹੀਂ ਇਹ ਕੀ ਨੇ, ਮੈਂ ਸੋਚ ਕੇ ਰੱਖਾਂਗਾ, ਤੂੰ ਜਲਦੀ ਗੇੜਾ ਮਾਰੀਂ। ਫੋਨ ਨੀ ਕਰਨਾ ਮੈਨੂੰ, ਨਾ ਮੇਰੇ ਘਰ ਆਉਣਾ। ਕਿਸੇ ਰਿਕਸ਼ੇ ਵਾਲੇ ਨੂੰ ਪੰਜਾਹ ਸੱਠ ਰੁਪਏ ਦੇਵੀਂ ਉਹ ਮੈਨੂੰ ਬਿਠਾ ਕੇ ਤੇਰੇ ਕੋਲ ਲੈ ਜਾਵੇਗਾ।' ਵੀਰਦੀਪ ਨੇ ਸਕੀਮ ਦੱਸੀ।

---

ਵੀਰਦੀਪ ਜਿਸ ਕਦਰ ਉਸ ਦਾ ਫਿਕਰ ਕਰ ਰਿਹਾ ਸੀ, ਦਿਲਬਾਗ ਨੂੰ ਉਹਨੇ ਕੋਈ ਅੰਤਰੀਵ ਖ਼ੁਸ਼ੀ ਦਿੱਤੀ। ਜਾਂਦਿਆਂ ਸੋਚਦਾ ਰਿਹਾ, 'ਉਦਾਂ ਦਿਮਾਗੀ ਤੌਰ 'ਤੇ ਕਿੰਨਾ ਤੇਜ਼ ਆ ਵੀਰਦੀਪ। ਕਈ ਵਾਰ ਰਸ਼ਕ ਹੁੰਦਾ ਬਈ ਇਹ ਮੇਰਾ ਦੋਸਤ ਆ। ਬੱਲੇ ਓ ਰੱਬਾ, ਮਾਫ ਕਰੀਂ, ਕਈ ਵਾਰ ਦੁਖੀ ਹੋ ਕੇ ਗਾਲਾਂ ਗੁਲਾਂ ਵੀ ਕੱਢ ਦਈਦੀਆਂ ਤੈਨੂੰ, ਇੰਨੀਆਂ ਖ਼ੂਬਸੂਰਤ ਰੂਹਾਂ ਵੀ ਮਿਲਾ ਦਿਨਾਂ ਤੂੰ।'

ਅਗਲੇ ਦਿਨ ਵੀਰਦੀਪ ਨੇ ਹਰਜੀਤ ਨੂੰ ਫੋਨ ਮਿਲਾਇਆ। ਉਹਨੇ ਹਾਲੇ ਨਵੀਂ ਸਰਵਿਸ ਜੁਆਇਨ ਨਹੀਂ ਸੀ ਕੀਤੀ। ਉਹ ਅਗਲੀ ਸਵੇਰ ਹਰਜੀਤ ਦੇ ਸਕੂਲ ਪੁੱਜ ਗਿਆ। ਹਰਜੀਤ ਵੀਰਦੀਪ ਨੂੰ ਬੜੇ ਚਾਅ ਨਾਲ ਮਿਲੀ ਅਤੇ ਫਿਰ ਉਸ ਨੂੰ ਸਟਾਫ ਰੂਮ ਵਿੱਚ ਲੈ ਗਈ। ਉਸ ਦੀ ਆਪਣੇ ਸਟਾਫ ਨਾਲ ਜਾਣ-ਪਛਾਣ ਕਰਵਾਈ। ਉਹ ਇੱਕ ਸਾਈਡ 'ਤੇ ਬੈਠ ਗਏ ਅਤੇ ਨਵੀਂ ਐਪਾਇੰਟਮੈਂਟ ਵਾਲੀ ਗੱਲ ਹਰਜੀਤ ਨੂੰ ਸਮਝਾਈ। ਹਰਜੀਤ ਸੋਚੀਂ ਪੈ ਗਈ, ਉਸ ਨੇ ਤੁਰੰਤ ਕੋਈ ਉੱਤਰ ਨਾ ਦਿੱਤਾ ਅਤੇ ਇੱਕ ਦੋ ਦਿਨ ਸੋਚਣ ਲਈ ਮੰਗੇ। ਚਾਹ ਦਾ ਕੱਪ ਪੀਣ ਤੋਂ ਬਾਅਦ ਵੀਰਦੀਪ ਨੇ ਹਰਜੀਤ ਕੋਲੋਂ ਅਲਵਿਦਾ ਲਈ। ਇੱਕ ਵਾਰ ਤਾਂ ਕੁੜੀ ਉਲਝਣ ਵਿੱਚ ਪੈ ਗਈ। ਉਸ ਦਾ ਅਗਲਾ ਪੀਰੀਅਡ ਵੀ ਲਾਉਣ ਨੂੰ ਦਿਲ ਨਾ ਕੀਤਾ। ਫਿਰ ਉਹਨੇ ਆਪਣੇ ਆਪ ਨੂੰ ਇਹ ਸੋਚ ਕੇ ਸਾਂਭਿਆ ਕਿ ਚਲੋ ਸਿਮਰਨ ਨਾਲ ਸਾਂਝੀ ਕਰਦੇ ਹਾਂ ਗੱਲ। ਉਹ ਛੁੱਟੀ ਹੋਣ ਤੋਂ ਬਾਅਦ ਸਿੱਧੀ ਸਿਮਰਨ ਵੱਲ ਚਲੀ ਗਈ। ਉਹਨੇ ਵੀਰਦੀਪ ਵਾਲੀ ਸਾਰੀ ਗੱਲ ਸਿਮਰਨ ਨੂੰ ਜਾ ਦੱਸੀ। ਸਿਮਰਨ ਵੀ ਸੋਚੀਂ ਪੈ ਗਈ। ਅਖੀਰ ਗੁਣਾ ਸਿਮਰਨ 'ਤੇ ਪਿਆ ਬਈ ਉਹਦੀ ਨਿਯੁਕਤੀ ਦਿਲਬਾਗ ਹੋਰਾਂ ਦੇ ਟਿਕਾਣੇ ਦੇ ਲਾਗੇ ਵਾਲੇ ਸਕੂਲ ਵਿੱਚ ਕਰਵਾਈ ਜਾਵੇਗੀ। ਉਹ ਆਉਂਦੇ-ਜਾਂਦੇ ਇਸ ਕੋਠੀ ਦੀ ਨਕਲੋ ਹਰਕਤ 'ਤੇ ਨਿਗਾਹ ਰੱਖੇਗੀ। ਸਿਮਰਨ ਦੇ ਪਿੰਡ ਤੋਂ ਇਹ ਸਕੂਲ 20-22 ਕਿਲੋਮੀਟਰ ਦੂਰੀ 'ਤੇ ਸੀ। ਦਿਲਬਾਗ ਦਾ ਪਿੰਡ ਇੱਥੋਂ ਤਕਰੀਬਨ 50 ਕਿਲੋਮੀਟਰ ਦੂਰੀ 'ਤੇ ਸੀ।

ਵੀਰਦੀਪ ਨੇ ਅਗਲੇ ਦਿਨ ਦਿਲਬਾਗ ਨੂੰ ਡਾਇਰੈਕਟੋਰੇਟ ਵਾਲਾ ਸੋਰਸ ਦੱਸਿਆ। ਉਹਨੇ ਐਂਬੋ ਨੂੰ ਡਾਇਰੈਕਟੋਰੇਟ ਭੇਜ ਕੇ ਕਲਰਕ ਨੂੰ ਪੰਦਰਾਂ ਹਜ਼ਾਰ ਰੁਪਿਆ ਦੇ ਕੇ ਸਿਮਰਨ ਦੀ ਨਿਯੁਕਤੀ ਮਿੱਥੇ ਪਿੰਡ ਕੁੜੀਆਂ ਦੇ ਸਕੂਲ ਵਿੱਚ ਕਰਵਾ ਦਿੱਤੀ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

# ਬਾਗੀ ਧਾਮੀਆਂ ਨੇ ਮੁੜ ਬੰਨਿਆ ਸੀ: ਖੁਆਸਪੁਰ ਉਰਫ ਪਿੱਪਲਾਂਵਾਲਾ

## ਪਿੰਡ ਵਸਿਆ (6)

**ਵਿਜੈ ਬੰਬੇਲੀ**
ਫੋਨ: +91-9463439075



**ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਪਿੰਡ ਖੁਆਸਪੁਰ ਬਾਰੇ ਸੰਖੇਪ ਵੇਰਵਾ...**

ਹੁਸ਼ਿਆਰਪੁਰ-ਜਲੰਧਰ ਸ਼ਾਹ-ਰਾਹ ਉੱਤੇ ਪੈਂਦਾ ਦੁਆਬੇ ਦਾ ਕਦੇ ਸਿਰਕੱਢ ਰਿਹਾ ਪਿੰਡ ਪਿੱਪਲਾਂਵਾਲਾ ਭਾਵੇਂ ਹੁਸ਼ਿਆਰਪੁਰ ਤੋਂ ਦੋ ਮੀਲ ਪਰ੍ਹੇ, ਲਹਿੰਦੇ ਪਾਸੇ ਸਥਿਤ ਹੈ, ਪਰ ਹੈ ਇਹ ਹੁਣ ਸ਼ਹਿਰ ਦੀ ਨਗਰ-ਪਾਲਕਾ ਦਾ ਹਿੱਸਾ। ਸ਼ਹਿਰ ਨੇ ਇਸਨੂੰ ਸਿਰਫ ਕਲਾਵੇ ਵਿੱਚ ਹੀ ਨਹੀਂ ਲਿਆ, ਸਗੋਂ ਉੱਤੋਂ ਦੀ ਵੀ ਪੀਡੀ ਗਲਵਕੜੀ ਪਾ ਲਈ ਹੈ। ਹਦਬਸਤ ਨੰ. 246, ਰਕਬਾ 1908 ਏਕੜ ਵਾਲੇ ਇਸ ਪਿੰਡ ਦਾ ਪਹਿਲ-ਪਲੱਕੜਾ ਨਾਂ 'ਖੁਆਸਪੁਰ', ਹੁਣ ਵੀ ਮਾਲ ਰਿਕਾਰਡ ਵਿੱਚ ਖੁਆਸਪੁਰ ਹੀ ਬੋਲਦਾ ਹੈ, ਜਿਹੜਾ ਖੁਆਸ ਖਾਂ ਬਲੀ ਨਾਮੀ ਇੱਕ ਖੈਰਬੰਦ ਮੁਸਲਮਾਨ ਦੇ ਨਾਮ 'ਤੇ ਪਿਆ ਸੀ।

ਮੁੱਖ ਮਾਰਗ ਅਤੇ ਨਾਮੀ-ਗਰਾਮੀ ਸ਼ਹਿਰ ਹੁਸ਼ਿਆਰਪੁਰ ਦੀ ਜੂਹ ਉੱਤੇ ਸਥਿਤ ਹੋਣ ਕਾਰਨ ਵਪਾਰੀ ਅਤੇ ਘੁਮੱਕੜ ਲੋਕ ਕਈ ਕਾਰਨਾਂ ਕਰਕੇ ਇੱਥੇ ਪੜਾਅ ਕਰਦੇ, ਗਾਡੀਵਾਨ ਅਤੇ ਮਾਲ-ਅਸਬਾਬੀ ਜਾਨਵਰਾਂ ਨੂੰ ਘਾਹ-ਦੱਥਾ ਪਾਉਣ ਤੇ ਸਾਹ ਦੁਆਉਣ ਲਈ ਰੁਕਦੇ। ਠਹਿਰ ਸਥਾਨਾਂ ਅਤੇ ਪਿੰਡ ਵਿੱਚ ਪਿਪਲਾਂ ਦੀ ਬਹੁਤਾਤ ਹੋਣ ਕਾਰਨ ਰਾਹੀਂ-ਪਾਧੀਂ ਉਹਨਾਂ ਦੀ ਛਾਂ-ਛਤਰੀ ਮਾਣਦੇ ਜਿਸ ਕਾਰਨ ਬਾਹਰਲੇ ਲੋਕੀਂ ਇਸਨੂੰ ਪਿਪਲਾਂਵਾਲੀ ਆਖਣ ਲੱਗ ਪਏ। ਸਮਾਂ ਪਾ ਕੇ ਖੁਆਸਪੁਰ ਉੱਤੇ ਪਿਪਲਾਂਵਾਲਾ ਸ਼ਬਦ ਭਾਰੂ ਪੈ ਗਿਆ। ਦਸਤਾਵੇਜ਼ਾਂ 'ਚ ਖੁਆਸਪੁਰ ਅੰਕਿਤ ਹੋਣ ਦੇ ਬਾਵਜੂਦ ਲੋਕ-ਜੁਬਾਂ ਉੱਤੇ 'ਪਿੱਲਪਲਾਂਵਾਲਾ' ਸ਼ਬਦ ਅਜਿਹਾ ਉੱਕਰਿਆ ਗਿਆ ਕਿ ਅਗਲੀਆਂ-ਅਗਲੇਰੀਆਂ ਪੀੜ੍ਹੀਆਂ 'ਖੁਆਸਪੁਰ' ਨੂੰ ਭੁੱਲ-ਭੁਲਾਅ ਗਈਆਂ।

ਪੁਖਤਾ ਸਬੂਤ ਨਾ ਮਿਲਣ ਕਾਰਨ ਮੌਖਿਕ ਇਤਿਹਾਸ ਅਤੇ ਪੀੜ੍ਹੀ-ਦਰ-ਪੀੜ੍ਹੀ ਤੁਰੀਆਂ ਆਉਂਦੀਆਂ ਦੰਦ-ਕਥਾਵਾਂ ਅਨੁਸਾਰ ਇਸ ਪਿੰਡ ਦੇ ਵਸਣ-ਰਸਣ ਦੀ ਤਾਣੀ ਬੜੀ ਉਲਝਣ ਭਰੀ ਹੈ, ਖਾਸ ਕਰਕੇ ਉਦੋਂ ਜਦੋਂ ਇੱਥੇ ਬਣ-ਬਣ ਦੀ ਲੱਕੜੀ 'ਕੱਠੀ ਹੋ ਗਈ ਹੋਵੇ। ਹਾਂ, ਇਹ ਗੱਲ ਜ਼ਰੂਰ ਦਰਿਫਆਪਤ ਹੈ ਕਿ ਇਸਨੂੰ ਪੱਕੇ ਪੈਰੀਂ ਕਰਨ ਵਿੱਚ ਧਾਮੀ ਜੱਟਾਂ ਦਾ ਉੱਘਾ ਅਤੇ ਮਿਣਵਾ ਹਿੱਸਾ ਸੀ। 'ਵਾਜਬ-ਉਲ-ਅਰਜ਼ ਜਾਂ ਵਜੇਹ ਤਸਮੀਆਂ ਦੇਹ ਹਜ਼ਾ' ਅਨੁਸਾਰ ਮਗਰੋਂ ਇਸੇ ਪਿੰਡੋਂ ਹੀ ਉੱਠ ਕੇ ਧਾਮੀ ਜੱਟਾਂ ਨੇ ਵੱਖ-ਵੱਖ ਦਿਸ਼ਾਵਾਂ ਵਿੱਚ ਧਾਮੀਆਂ ਬਹੀਦੀ ਉਰਫ ਧਾਮੀਆਂ ਕਲਾਂ ਅੱਲ ਧਾਮੀਆਂ ਬੱਬਰਾਂ (ਸ਼ਾਮਚੌਰਾਸੀ), ਧਾਮੀਆਂ ਖੁਰਦ (ਨੰਦਾਚੌਰ) ਅਤੇ ਧਾਮੀਆਂ ਭੱਦਾਂ (ਮੁਕੇਰੀਆਂ) ਆਦਿ ਨਾਮੀ-ਗਰਾਮੀ ਪਿੰਡ ਵੀ ਬੰਨੇ ਸਨ; ਉਂਜ ਭਾਵੇਂ ਧਾਮੀ ਜੱਟਾਂ ਦੀ ਬਹੁਤਾਤ ਵਾਲੇ ਪਿੰਡਾਂ ਦੀ ਗਿਣਤੀ 22 ਦੱਸੀ ਜਾਂਦੀ ਹੈ, ਧਾਮੀਆਂ ਦਾ ਬਾਹੀਆ।

ਕੁੱਝ ਗਾਥਾਵਾਂ ਅਨੁਸਾਰ ਵਾਰ-ਵਾਰ ਉਜੜਦੇ-ਮੁੜ ਉੱਗਮਦੇ ਰਹੇ ਇਸ ਨਗਰ ਨੂੰ ਹਿਮਾਚਲ ਦੀ ਇੱਕ ਨਿਕੜੀ ਜਿਹੀ ਰਿਆਸਤ ਧਾਮੀ/ਜਦੋਂਗ ਰਾਜ (ਸ਼ਿਮਲਾ-ਮੰਡੀ ਰੋਡ) ਦੇ ਬਾਗੀਆਂ ਨੇ 1857 ਦੇ ਗ਼ਦਰ ਉਪਰੰਤ ਪੱਕੇ-ਪੈਰੀਂ ਬੰਨਿਆ ਸੀ, ਭਾਵੇਂ ਕਿ ਪੈਰ ਇਸਦੇ ਮਿਸਲਾਂ ਤੋਂ ਪਹਿਲਾਂ ਰਾਖੀ-ਪ੍ਰਥਾ ਵੇਲੇ ਹੀ ਲੱਗਣੇ ਸ਼ੁਰੂ ਹੋ ਗਏ ਸਨ। ਸਿੱਖ ਧਰਮ ਵਿੱਚ ਆਉਣ ਤੋਂ ਪਹਿਲਾਂ ਧਾਮੀ ਜੱਟ ਸੁਲਤਾਨੀਏ ਅਖਵਾਉਂਦੇ ਸਨ। ਸਖੀ ਸਰਵਰ ਨੂੰ ਮੰਨਦੇ ਹੋਣ ਕਾਰਨ ਇਹ ਫਕੀਰ ਖੁਆਸ ਖਾਂ ਬਲੀ ਦੇ ਵੀ ਮੁਰੀਦ ਬਣੇ, ਉਹੀ ਖੁਆਸ ਖਾਂ ਜਿਸਦੇ ਨਾਂ 'ਤੇ, ਕਦੇ ਪਿੱਪਲਾਂਵਾਲਾ ਉਰਫ ਖੁਆਸਪੁਰ ਵਸਿਆ ਸੀ।




ਇੱਕ ਇਮਾਰਤ ਦੀ ਗਵਾਹੀ: ਖੁਆਸਪੁਰ ਤਾਂ ਨਹੀਂ, ਪਰ ਪਿੱਪਲਾਂਵਾਲਾ ਕਿੰਨਾ ਕੁ ਪੁਰਾਣਾ? ਦੱਸਣ ਲਈ ਫੇਰ ਗਵਾਹੀਆਂ ਪਿੱਪਲਾਂਵਾਲੇ ਦੇ ਇੱਕ ਫਰਜੰਦ ਸਾਧੂ ਸਿੰਘ ਧਾਮੀ ਕੈਨੇਡੀਅਨ ਦੇ ਜੀਵਨੀ ਮੂਲਕ ਨਾਵਲ 'ਮਲੂਕਾ' ਅਤੇ ਹੋਰ ਨਾਮਵਰ ਲਿਖ਼ਤਾਂ ਵਿੱਚੋਂ ਵੀ ਭੁਗਤਾਈਆਂ ਜਾ ਸਕਦੀਆਂ ਹਨ; ਪਰ ਤੁਸੀਂ ਮੈਨੂੰ 1857 ਦੇ ਗ਼ਦਰ ਤੋਂ ਕਿਤੇ ਪਹਿਲਾਂ ਤਾਮੀਰ ਕੀਤੀ ਗਈ ਇੱਕ ਧੜਵੈਲ ਇਮਾਰਤ ਤੋਂ ਇਸਦੇ ਪ੍ਰਾਚੀਨ ਅਤੇ ਮਹਾਨ ਪਿੰਡ ਹੋਣ ਦੀ ਗਵਾਹੀ ਭੁਗਤਾਉਣ ਦੀ ਆਗਿਆ ਦਿਓ: ਇਸ ਇਮਾਰਤ ਦੇ ਮੁੱਖ ਦੁਆਰ ਉੱਤੇ ਲੱਗੇ ਛੋਟੇ ਲਾਲ ਪੱਥਰ 'ਤੇ ਉੱਕਰਿਆ ਹੋਇਆ ਹੈ, 'ਸੰਮਤ 1836 ਮਹੀਨਾ ਵੈਸਾਖ ਦਸੌਂਦਾ ਸਿੰਘ ਤਰਖਾਣ ਦੇਵਾ ਸਿੰਘ ਦੇ ਬੇਟੇ ਨੇ ਹਵੇਲੀ ਆਪਣੀ ਪੱਕੀ ਤਿਆਰ ਕੀਤੀ।'

ਨਿਸ਼ਚਿਤ ਹੈ ਕਿ ਅਪ੍ਰੈਲ 1779 ਈਸਵੀ ਨੂੰ ਦੰਗ ਕਰਨ ਵਾਲੀ, ਇਹ ਇਮਾਰਤ ਤਰਖਾਣਾ ਦੇ ਦਸੌਂਦਾ ਸਿੰਘ ਨੇ ਬਣਵਾਈ ਸੀ। ਜਿਹੜੀ ਉਸ ਸਮੇਂ ਦੀ ਭਵਨ-ਉਸਾਰੀ ਕਲਾ ਦਾ ਉੱਤਮ ਨਮੂਨਾ ਤਾਂ ਹੈ ਹੀ, ਸਗੋਂ ਇਸ ਖਿੱਤੇ ਵਿੱਚ ਨਵੀਨੀਕਰਨ ਅਪਨਾਉਣ ਦਾ ਵੀ ਉੱਦਮ ਸੀ। ਮਿਸਾਲ ਵਜੋਂ, ਲੋਹੇ ਦੀ ਭਰਪੂਰ ਵਰਤੋਂ, ਛੱਤਾਂ ਉੱਤੇ ਸੰਦੂਕੀ ਛੱਤ ਦੀ ਪਹਿਲੀ ਤਕਨੀਕ ਨਾਲੋਂ ਅੱਡਰੇ ਢੰਗ ਨਾਲ ਬਾਂਸ ਦੀ ਯੁਗਤ ਦੀ ਵਰਤੋਂ ਅਤੇ ਕਿਲਿਆ-ਮਹੱਲਾਂ ਵਰਗੇ ਮਹਿਰਾਬਾਂ ਉੱਤੇ ਨਕਾਸ਼ੀਦਾਰ ਥੰਮਾਂ ਤੇ ਦਰਵਾਜ਼ਿਆ ਦੀ ਜੜਤ। ਇਹ ਇਮਾਰਤ, ਉਸਦੇ ਮਾਲਕਾਂ ਦੇ ਵੇਲੇ ਦੇ ਰੁਤਬੇ ਅਤੇ ਠਾਠ-ਬਾਠ ਨੂੰ ਵੀ ਤਸਦੀਕ ਕਰਦੀ ਹੈ ਅਤੇ ਪਿੱਪਲਾਂਵਾਲੇ ਦੀ ਮਹੱਤਤਾ ਨੂੰ ਵੀ। ਇਹ ਇਮਾਰਤ ਤਸਦੀਕ ਇਸ ਗੱਲ ਦੀ ਵੀ ਕਰਦੀ ਹੈ ਕਿ 18ਵੀਂ ਸਦੀ ਤੋਂ ਕਿਤੇ ਪਹਿਲਾਂ 'ਖੁਆਸਪੁਰ ਉਰਫ ਪਿੱਪਲਾਂਵਾਲਾ' ਘੁੱਗ ਵਸਦਾ ਸੀ।

# ਰੈਵ ਇੰਦਰ: ਪੰਜਾਬੀ ਗੀਤ-ਸੰਗੀਤ ਦੇ ਖੇਤਰ 'ਚ ਉਭਰਦਾ ਨਾਂ

ਅੱਜ ਕੱਲ੍ਹ ਸਿਨਸਿਨੈਟੀ, ਓਹਾਇਓ ਰਹਿੰਦਾ ਗਾਇਕ ਰੈਵ ਇੰਦਰ (ਰਵਿੰਦਰ ਪਾਲ) ਪੰਜਾਬੀ ਗੀਤ-ਸੰਗੀਤ ਦੇ ਖੇਤਰ ਵਿੱਚ ਇੱਕ ਹੋਰ ਉਭਰਦਾ ਨਾਂ ਹੈ। ਉਹ ਗਾਇਕ ਹੀ ਨਹੀਂ ਹੈ, ਕੰਪੋਜ਼ਰ ਵੀ ਹੈ। ਮੂਲ ਰੂਪ ਵਿੱਚ ਉਹ ਜੰਡੂ ਸਿੰਘਾਂ, ਜਲੰਧਰ (ਪੰਜਾਬ) ਤੋਂ ਹੈ, ਪਰ ਤਿੰਨ ਸਾਲ ਦੀ ਉਮਰ ਵਿੱਚ ਹੀ ਅਮਰੀਕਾ ਆ ਗਿਆ ਸੀ। ਹੁਣ ਇੱਥੇ ਉਹ ਆਪਣੇ ਮਾਪਿਆਂ- ਸੁਰਿੰਦਰ ਪਾਲ ਤੇ ਰਾਜ ਰਾਣੀ ਨਾਲ ਪਰਿਵਾਰ ਦੇ ਕਾਰੋਬਾਰ ਨੂੰ ਸੰਭਾਲਣ ਵਿੱਚ ਵੀ ਮਦਦ ਕਰਦਾ ਹੈ। ਭਾਵੇਂ ਉਹ ਆਪਣੇ ਜੀਵਨ ਬਸਰ ਲਈ ਵਿਦੇਸ਼ ਵਿੱਚ ਰਹਿੰਦਾ ਹੈ, ਪਰ ਉਹ ਅਜੇ ਵੀ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਹੈ ਅਤੇ ਉਸ ਨੂੰ ਆਪਣੀਆਂ ਜੜ੍ਹਾਂ ਤੇ ਵਿਰਾਸਤ 'ਤੇ ਹਮੇਸ਼ਾ ਮਾਣ ਰਿਹਾ ਹੈ। ਰੈਵ ਨਿੱਜੀ ਤੌਰ 'ਤੇ ਅਤੇ ਗਾਇਕ ਵਜੋਂ ਪੰਜਾਬ ਤੇ ਉਥੋਂ ਦੇ ਲੋਕਾਂ ਪ੍ਰਤੀ ਭਾਵੁਕ ਹੈ। ਸੰਗੀਤ ਉਸ ਦਾ ਜਨੂੰਨ ਹੈ ਅਤੇ ਉਹ ਬਚਪਨ ਵਿੱਚ ਵੀ ਸਟੇਜਾਂ 'ਤੇ ਪ੍ਰਦਰਸ਼ਨ ਕਰਦਾ ਰਿਹਾ ਹੈ। ਉਹ ਆਪਣੇ ਉਸਤਾਦਾਂ- ਅਖਤਰ ਅਲੀ ਤੇ ਸਰਬਜੀਤ ਸਿੰਘ ਤੋਂ ਸੰਗੀਤ ਦੀ ਸਿੱਖਿਆ ਲੈ ਰਿਹਾ ਹੈ। ਰੈਵ ਪਿਛਲੇ ਕੁਝ ਸਮੇਂ ਤੋਂ ਬਤੌਰ ਗਾਇਕ ਸੰਘਰਸ਼ਸੀਲ ਹੈ ਅਤੇ ਉਸ ਦੀ ਮਿਹਨਤ ਨੂੰ ਬੂਰ ਵੀ ਪਿਆ ਹੈ।

ਆਪਣੀ ਕੰਪਨੀ 'ਸ਼ਾਲੀਮਾਰ ਪ੍ਰੋਡਕਸ਼ਨ' ਦੁਆਰਾ ਉਸਨੇ 7 ਗੀਤ ਰਿਲੀਜ਼ ਕੀਤੇ ਹਨ। ਇਹ ਕੰਪਨੀ ਉਸ ਨੇ ਆਪਣੇ ਦਾਦਾ ਈਸ਼ਰ ਦਾਸ ਸ਼ਾਲੀਮਾਰ ਦੀ ਵਿਰਾਸਤ ਨੂੰ ਅੱਗੇ ਤੋਰਨ ਲਈ ਉਨ੍ਹਾਂ ਦੇ ਨਾਂ ਨੂੰ ਸਮਰਪਿਤ ਕੀਤੀ ਹੈ। ਸੰਗੀਤਕ ਤੌਰ 'ਤੇ ਉਸਦੀ ਸਭ ਤੋਂ ਵੱਡੀ ਪ੍ਰੇਰਨਾ ਉਸਤਾਦ ਸਰਦੂਲ ਸਿਕੰਦਰ ਹੈ ਅਤੇ ਹਾਲ ਹੀ ਵਿੱਚ ਗਾਇਕਾ ਅਮਰ ਨੂਰੀ ਨਾਲ ਇੱਕ ਗੀਤ 'ਦਿੱਲੀ ਏਅਰਪੋਰਟ' ਰਿਲੀਜ਼ ਕੀਤਾ ਹੈ। ਇਹ ਗੀਤ ਵਿਦੇਸ਼ ਜਾਣ ਲਈ ਮਾਂ ਤੋਂ ਵਿਛੜੇ ਪੁੱਤ ਦੇ ਦਰਦ ਨੂੰ ਬਿਆਨ ਕਰਦਾ ਹੈ। ਇਸ ਗੀਤ ਦਾ ਸੰਗੀਤ ਜੀ. ਗੁਰੀ ਨੇ ਤਿਆਰ ਕੀਤਾ ਹੈ। ਰੈਵ ਦੇ ਗਾਏ ਤੇ ਕਿੰਗ ਗਰੇਵਾਲ ਦੇ ਲਿਖੇ ਗੀਤ ਦੇ ਬੋਲ ਕੁਝ ਇਉਂ ਹਨ:

ਦਿੱਲੀ ਏਅਰਪੋਰਟ ਜ਼ਹਿਰ ਵਰਗਾ, ਉਦੋਂ ਲੱਗਦਾ ਹੋਵੇਗਾ ਮੇਰੀ ਮਾਂ ਨੂੰ,
ਮੈਂ ਤੇ ਮੇਰੀ ਮਾਂ ਸੀ ਜਿੱਥੇ ਵਿਛੜੇ, ਭੁੱਲ ਸਕਦੇ ਹਾਂ ਕਿੱਦਾਂ ਉਸ ਥਾਂ ਨੂੰ।

ਗੀਤਕਾਰ ਸਾਧਪੁਰੀ ਦੇ ਲਿਖੇ ਅਤੇ ਰੈਵ ਦੇ ਗਾਏ ਗੀਤ 'ਟਾਈਮ' ਦੇ ਬੋਲ ਸਮੇਂ ਦੇ ਚਲਾਏਮਾਨ ਸੱਚ ਦੀ ਬਿਆਨੀ ਹੈ। ਇਹ ਗੀਤ ਸਮੇਂ ਦੇ ਨਾਲ ਤੁਰਨ ਦੀ ਤਾਕੀਦ ਵੀ ਕਰਦਾ ਹੈ ਤੇ ਹੌਸਲਾ ਵੀ ਦਿੰਦਾ ਹੈ ਕਿ ਮਾੜਾ ਸਮਾਂ ਸਦਾ ਨਹੀਂ ਰਹਿੰਦਾ, ਸਗੋਂ ਮਾੜੇ ਸਮੇਂ ਦੌਰਾਨ ਚੰਗਾ ਸਮਾਂ ਆਉਣ ਦੀ ਆਸ ਲੁਕੀ ਹੁੰਦੀ ਹੈ।



ਗਾਇਕ ਰੈਵ ਇੰਦਰ ਦਾ ਇੱਕ ਅੰਦਾਜ਼

ਗੀਤ ਦੇ ਬੋਲ ਕੁਝ ਇਉਂ ਹਨ:

ਦੁੱਖ ਹੋਵੇ ਸੁੱਖ, ਇਹ ਜੋ ਸਮੇਂ ਦੀਆਂ ਸੁਈਆਂ ਨੱਸਣੇ 'ਤੇ ਰਹਿੰਦੀਆਂ,
ਸਾਡੇ ਨਾਲ ਚੱਲ ਨਹੀਂ ਤੇ ਰਹਿ ਜਾਏਂਗਾ ਪਿੱਛੇ ਦੱਸਣੇ 'ਤੇ ਰਹਿੰਦੀਆਂ,
ਛੱਡੀਦਾ ਨਹੀਂ ਦਿਲ, ਚਲੋ ਮੰਨਿਆ ਹਾਰਾਂ ਤੋਂ ਬੰਦਾ ਹੰਭ ਜਾਂਦਾ ਏ,
ਇੱਕੋ ਗੱਲ ਚੰਗੀ ਹੁੰਦੀ ਮਾੜੇ ਟੈਮ ਦੀ ਕਿ ਉਹ ਵੀ ਲੰਘ ਜਾਂਦਾ ਏ।

ਗੀਤ 'ਟਾਈਮ' ਵਿੱਚ ਹੀ ਸਮਾਜ ਦੀ ਇਹ ਤਸਵੀਰ ਵੀ ਦ੍ਰਿਸ਼ਟਮਾਨ ਹੈ: 'ਰਿਜਕ ਲਈ ਜਦੋਂ ਵੇਖਾਂ ਵਿਕਦੇ ਸਰੀਰ, ਦਿਲ ਕੰਬ ਜਾਂਦਾ ਏ', 'ਚੋਰਾਂ ਹੱਥ ਆ ਗਈਆਂ ਹਕੂਮਤਾਂ, ਇਹ ਜੇਬਾਂ ਕਰੀ ਜਾਣ ਤੱਤੀਆਂ', 'ਜਿਹਨੂੰ ਵੋਟ ਦਈਏ, ਓਹੀ ਬਣ ਕੇ ਜ਼ਹਿਰੀਲਾ ਸੱਪ ਡੰਗ ਜਾਂਦਾ ਏ।'

ਪਿਆਰ-ਮੁਹੱਬਤ ਵਿੱਚ ਰੰਗੇ ਗੀਤ 'ਰੂਪ' ਨੂੰ ਵੀ ਉਸ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਇਆ ਹੈ। ਇਸ ਤੋਂ ਇਲਾਵਾ ਹੋਰਨਾਂ ਕਲਾਕਾਰਾਂ ਵਾਂਗ ਇਸ਼ਕ-ਮੁਸ਼ਕ ਵਾਲੇ ਗੀਤ ਵੀ ਉਸ ਨੇ ਗਾਏ ਹਨ, ਜਿਨ੍ਹਾਂ ਵਿੱਚ 'ਵੈਬਲੀ', 'ਵੈਲਦਾਰੀਆਂ' ਤੇ 'ਕਾਲਾ ਸੂਟ' ਸ਼ੁਮਾਰ ਹਨ। ਉਸ ਦੇ ਗੀਤ 'ਕਿਉਂ ਸਾਂਵਲਾ ਜਿਹਾ ਰੰਗ ਨਿੰਦਦੈਂ, ਗੋਰਿਆਂ ਦੇ ਪਿੱਛੇ ਲੱਗ ਕੇ' ਵੀ ਯੂਟਿਊਬ ਉਤੇ ਕਾਫੀ ਚੱਲਿਆ। ਰੈਵ ਇੰਦਰ ਨੇ ਸਾਲ ਕੁ ਪਹਿਲਾਂ ਯੂਟਿਊਬ ਚੈਨਲ 'ਤੇ ਇੱਕ ਟਰੈਕ 'ਬਿੱਲੀ ਅੱਖ' ਵੀ ਰਿਲੀਜ਼ ਕੀਤਾ ਸੀ। ਅਜੇ ਖਾਨ ਦੇ ਲਿਖੇ ਇਸ ਗੀਤ ਦਾ ਸੰਗੀਤ ਹਸਨ ਬੀਟਸ ਨੇ ਦਿੱਤਾ। ਪ੍ਰੋਜੈਕਟ ਦਾ ਸੰਚਾਲਨ ਸੁਰਿੰਦਰ ਪਾਲ ਨੇ ਕੀਤਾ। ਉਸ ਦੇ ਨਵੇਂ ਗੀਤ 'ਵੈਬਲੀ' ਨੂੰ ਸਿਨਸਿਨੈਟੀ ਦੇ ਹੀ ਨੌਜਵਾਨ ਅਨਮੋਲ ਮਾਵੀ ਨੇ ਫਿਲਮਾਇਆ ਹੈ। ਇਹ ਗੀਤ ਕਿੰਗ ਗਰੇਵਾਲ ਦਾ ਲਿਖਿਆ ਹੈ।


ਆਪਣੇ ਗੀਤਾਂ ਬਾਰੇ ਰੈਵ ਇੰਦਰ ਦਾ ਕਹਿਣਾ ਹੈ, "ਸਾਨੂੰ ਹੁਣ ਤੱਕ ਦਰਸ਼ਕਾਂ ਵੱਲੋਂ ਸਕਾਰਾਤਮਕ ਹੁੰਗਾਰਾ ਮਿਲਿਆ ਹੈ। ਮੈਨੂੰ ਖੁਸ਼ੀ ਹੈ ਕਿ ਅਸੀਂ ਇੰਸਟਾਗ੍ਰਾਮ ਰੀਲਾਂ 'ਤੇ ਵਧੀਆ ਪ੍ਰਦਰਸ਼ਨ ਕਰ ਰਹੇ ਹਾਂ। ਸਾਡੇ ਗੀਤ ਪ੍ਰਸ਼ੰਸਕਾਂ ਦਾ ਦਿਲ ਜਿੱਤ ਰਹੇ ਹਨ।" ਉਹ ਭਵਿੱਖ ਵਿੱਚ ਹੋਰ ਪ੍ਰੋਜੈਕਟ ਲੈ ਕੇ ਆਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਨੇੜ ਭਵਿੱਖ ਲਈ ਰੈਵ ਦੀਆਂ ਯੋਜਨਾਵਾਂ ਵਿੱਚ ਹੋਰ ਗੀਤ ਜਾਰੀ ਕਰਨਾ ਸ਼ਾਮਲ ਹੈ, ਜੋ ਉਸ ਦੁਆਰਾ ਕੀਤੇ ਗਏ ਕੰਮਾਂ ਤੋਂ ਵੱਖਰੇ ਹੋਣਗੇ। ਰੈਵ ਇੰਦਰ ਆਪਣੀ ਟੀਮ ਨਾਲ 13 ਜੁਲਾਈ, ਸਨਿਚਰਵਾਰ ਨੂੰ 'ਪੰਜਾਬੀ ਪਰਵਾਜ਼' ਦੇ ਪਲੇਠੇ ਸਮਾਗਮ 'ਪੰਜਾਬੀ ਪਰਵਾਜ਼ ਨਾਈਟ' ਵਿੱਚ ਆਪਣੇ ਗੀਤਾਂ ਦੀ ਛਹਿਬਰ ਲਾਵੇਗਾ।

***-ਪੰਜਾਬੀ ਪਰਵਾਜ਼ ਫੀਚਰ***












PAO
www.paochicago.org

# Punjabi American Organization

ਵੱਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 20ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela-2024

## ਤੀਆਂ ਦਾ ਮੇਲਾ-2024

**Ladies Only**



## July 28th, 2024 Sunday

*Time: 10:30 AM to 4:00 PM*

## Waterford Banquet

933 S Riverside Dr, Elmhurst, IL 60126



Programme Hosted by
**Joyti Sharma**
(Famous Punjabi Actor, singer and Anchor)

**Join us and enjoy**

Giddha, Dholki, Singing, Dancing, Mehndi, Shopping and Food

**Special attraction of the Event**

***Shaunkan Mele Di***

ਸ਼ੌਂਕਣ ਮੇਲੇ ਦੀ

For Participants requirements, contact any team member.

**Chief Guest**

Dr. Darshan Singh Dhaliwal & Debra Dhaliwal

**Jodi Bhamra**
**Mac Bhamra**

PROFESSIONAL HEALTHCARE LAB, INC

**Tickets: General- $35 *VIP- $100 *VIP Table- $1000**

*Kids 6 years to 12 years - $20 *Kids under 5 years - Free admission

Free lunch will be served






***For General inquiries & Sponsors***

Minni Multani 630-935-5239
Naina Singh 847-828-9412
Jasmeet Suga 630-673-6300
Joti Khaira 630-277-1649
Raj Mago 630-890-1362
Naiha Walia 847-687-9074
Jeevan Dhami 847-409-4675
Pinki Walia 847-999-8720
Prabh Khaira 630-267-2107
Sukhi Singh 847-917-3664
Rosie Rehal 630-699-8555
Sheetal 630-442-3334

*Performances/Stalls* Shaloo Chhabra 813-317-6815 Gurpreet K. Singh 630-677-6144

*Tickets* Kamal Hunjan 630-673-5156 Pammi Sangha 630-965-2930 Jolly Dandona 847-630-6417

"Volunteers and new members needed. High school volunteers will get community service hours"

Design by Kuljeet Dyalpuri